11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE -49
March 15, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 2 ਅਪ੍ਰੈਲ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਦੂਜਾ ਵਿਸ਼ਾਲ ਨਗਰ ਕੀਰਤਨ 9 ਅਪ੍ਰੈਲ 2023 ਦਿਨ ਐਤਵਾਰ ਨੂੰ ਕੱਢਿਆ ਜਾਵੇਗਾ। *ਪੂਰੀ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਅੰਦਰ ਦੇਖੋ।*

**-ਸੰਪਾਦਕ**

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ 89ਵੇਂ ਜਨਮ ਦਿਨ ਦੀਆਂ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਲੱਖ ਲੱਖ ਵਧਾਈਆਂ।
**(ਵਿਸ਼ੇਸ ਲੇਖ ਅੰਦਰ ਦੇਖੋ ਜੀ)**

# ਰਾਸ਼ਟਰਪਤੀ ਜੋਅ ਬਾਇਡਨ ਵੱਲੋਂ 6.9 ਟ੍ਰਿਲੀਅਨ ਡਾਲਰ ਦਾ ਬਜਟ ਪੇਸ਼

## ਟੈਕਸ ਵਧਣਗੇ, ਸਮਾਜਿਕ ਸੁਰੱਖਿਆ- ਬੁਨਿਆਦੀ ਢਾਂਚੇ 'ਤੇ ਜਿਆਦਾ ਖਰਮ ਹੋਵੇਗਾ

**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀਰਵਾਰ ਨੂੰ ਸਾਲ 2024 ਲਈ 6.9 ਟ੍ਰਿਲੀਅਨ ਡਾਲਰ ਦਾ ਭਾਰੀ ਭਰਕਮ ਸਾਲਾਨਾ ਬਜਟ ਪੇਸ਼ ਕੀਤਾ ਹੈ। ਇਸ ਵਿਚ ਅਮਰੀਕਾਂ 'ਤੇ ਟੈਕਸ ਵਧਾਉਣ ਦੇ ਨਾਲ ਹੀ ਸਮਾਜਿਕ ਸੁਰੱਖਿਆ 'ਤੇ ਵੱਡੇ ਪੈਮਾਨੇ 'ਤੇ ਖ਼ਰਚ ਅਤੇ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਨਿਵੇਸ਼ ਦਾ ਮਤਾ ਹੈ। ਬਜਟ ਤਜਵੀਜ਼ਾਂ ਵਿਚ ਸਭ ਤੋਂ ਅਮੀਰ 0.01 ਫ਼ੀਸਦੀ ਪਰਿਵਾਰਾਂ 'ਤੇ 25 ਫ਼ੀਸਦੀ ਘੱਟੋ-ਘੱਟ ਟੈਕਸ ਲਗਾਉਣ, ਕਾਰਪੋਰੇਟ ਆਮਦਨ ਕਰ ਦਰ ਨੂੰ 21 ਫ਼ੀਸਦੀ ਤੋਂ ਵਧਾ ਕੇ 28 ਫ਼ੀਸਦੀ ਕਰਨ ਦਾ ਪ੍ਰਸਤਾਵ ਆਦਿ ਸ਼ਾਮਲ ਹੈ। ਫਿਲਾਡੇਲਫੀਆ ਵਿਚ ਇਕ ਰੈਲੀ 'ਚ ਬਾਇਡਨ ਨੇ ਕਿਹਾ ਕਿ ਕਿਸੇ ਵੀ ਅਰਬਪਤੀ ਨੂੰ ਇਕ ਸਕੂਲੀ ਅਧਿਆਪਕ ਜਾਂ ਤੁਹਾਡੇ ਵਿਚੋਂ ਕਿਸੇ ਤੋਂ ਘੱਟ ਟੈਕਸ ਦਾ ਭੁਗਤਾਨ ਨਹੀਂ ਕਰਨਾ ਚਾਹੀਦਾ। ਇਸ ਲਈ ਮੇਰੀ ਯੋਜਨਾ ਇਹ ਯਕੀਨੀ ਬਣਾਉਣ ਦੀ ਹੈ ਕਿ ਉਹ ਆਪਣੇ ਵਾਜਬ ਹਿੱਸੇ ਦਾ ਭੁਗਤਾਨ ਕਰਨਾ ਸ਼ੁਰੂ ਕਰ ਦੇਣ। ਉੱਥੇ, ਰਿਪਬਲਿਕਨ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਦਾਅਵੇਦਾਰੀ ਪੇਸ਼ ਕਰਨ ਵਾਲੀ ਭਾਰਤਵੰਸ਼ੀ ਨਿੱਕੀ ਹੇਲੀ ਨੇ ਬਜਟ ਤਜਵੀਜ਼ਾਂ ਲਈ ਉਨ੍ਹਾਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਸਤਾਵ ਸਮਾਜਵਾਦੀ ਅਤੇ ਅਮਰੀਕਾ ਲਈ ਆਫਤ ਦੇ ਬਰਾਬਰ ਹਨ।



ਆਪਣੇ ਬਜਟ ਪ੍ਰਸਤਾਵ ਵਿਚ ਜੋਅ ਬਾਇਡਨ ਨੇ ਪਾਕਿਸਤਾਨ ਆਰਥਿਕ ਸਹਾਇਤਾ ਕੋਸ਼ ਨੂੰ ਦੁੱਗਣਾ ਕਰਨ ਦਾ ਪ੍ਰਸਤਾਵ ਕੀਤਾ ਹੈ। ਬਜਟ ਵਿਚ ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਵਿੱਤੀ ਵਰ੍ਹੇ 2024 ਲਈ ਆਰਥਿਕ ਸਹਾਇਤਾ ਕੋਸ਼ ਸ਼੍ਰੇਣੀ ਤਹਿਤ ਪਾਕਿਸਤਾਨ ਨੂੰ 8.2 ਕਰੋੜ ਡਾਲਰ ਦੇਣ ਦਾ ਪ੍ਰਸਤਾਵ ਹੈ। 2022 ਵਿਚ ਇਹ 3.9 ਕਰੋੜ ਡਾਲਰ ਸੀ। ਪਾਕਿਸਤਾਨ ਨੂੰ ਕੌਮਾਂਤਰੀ ਨਸ਼ੀਲੇ ਪਦਾਰਥਾਂ ਅਤੇ ਲਾਅ ਇਨਫੋਰਸਮੈਂਟ ਸ਼੍ਰੇਣੀ ਤਹਿਤ 1.7 ਕਰੋੜ ਡਾਲਰ ਅਤੇ ਕੌਮਾਂਤਰੀ ਫ਼ੌਜੀ ਸਿੱਖਿਆ ਅਤੇ ਟ੍ਰੇਨਿੰਗ ਸ਼੍ਰੇਣੀ ਤਹਿਤ 35 ਲੱਖ ਡਾਲਰ ਪ੍ਰਾਪਤ ਕਰਨ ਦਾ ਵੀ ਪ੍ਰਸਤਾਵ ਹੈ। ਪ੍ਰਸ਼ਾਸਨ ਨੇ ਯੂਐੱਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਵੱਲੋਂ ਕੌਮਾਂਤਰੀ ਸਿਹਤ ਪ੍ਰੋਗਰਾਮ ਸ਼੍ਰੇਣੀ

**(ਬਾਕੀ ਸਫਾ 10 'ਤੇ)**

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ 'ਤੇ ਬਸਪਾ ਨੇ ਕੀਤੀ ਵਿਸ਼ਾਲ ਰੈਲੀ



(ਰਿਪੋਰਟ ਅਤੇ ਤਸਵੀਰਾਂ ਸਫਾ 25 'ਤੇ


ਤਸਵੀਰਾਂ- ਯਸ਼ਪਾਲ ਆਜਾਦ, ਦੇਸ਼ ਦੁਆਬਾ




DR. TAKHAR'S FAMILY MEDICINE & URGENT CARE CLINIC


8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 2 ਅਪ੍ਰੈਲ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)



# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

# ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥



## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

### 646 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਯੋਗ ਨਾਲ

# ਦੂਜਾ ਮਹਾਨ ਨਗਰ ਕੀਰਤਨ

### ਮਿਤੀ 9 ਅਪ੍ਰੈਲ ਦਿਨ ਐਤਵਾਰ 2023 ਸਵੇਰੇ 11 ਵਜੇ ਤੋਂ 4 ਵਜੇ ਤੱਕ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 13 ਮਾਰਚ ਦਿਨ ਸੋਮਵਾਰ 2023 ਤੋਂ 9 ਅਪ੍ਰੈਲ ਦਿਨ ਐਤਵਾਰ 2023 ਤੱਕ
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਪ੍ਰੈਲ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 9 ਅਪ੍ਰੈਲ 2023, 9 ਵਜੇ, ਉਪਰੰਤ 11 ਵਜੇ ਨਗਰ ਕੀਤਰਨ ਦੀ ਆਰੰਭਤਾ ਹੋਵੇਗੀ

### ਨਿਸ਼ਾਨ ਸਾਹਿਬ ਜੀ ਦੀ ਸੇਵਾ 8 ਅਪ੍ਰੈਲ ਦਿਨ ਸ਼ਨੀਵਾਰ 2023 ਸ਼ਾਮ 4 ਵਜੇ

**ਪੁਜ ਰਹੇ ਕੀਰਤਨੀ ਜੱਥੇ**

ਭਾਈ ਸਰਬਜੀਤ ਸਿੰਘ ਜੀ ਰੰਗੀਲਾ (ਦੂਰਗ ਵਾਲੇ) ਭਾਈ ਅਮਰਜੀਤ ਸਿੰਘ ਜੀ ਤਾਨ
ਢਾਡੀ ਜੱਥਾ ਭਾਈ ਗੁਰਨਾਮ ਸਿੰਘ ਜੀ ਭੰਡਾਲ ਭਾਈ ਗੁਰਦਿਆਲ ਸਿੰਘ ਜੀ (ਹਜੂਰੀ ਰਾਗੀ ਜੱਥਾ)

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ।**

ਸ਼ਿਗਾਰਾ ਸਿੰਘ ਰੱਲ (ਪ੍ਰਧਾਨ) 530 713 1823 / ਗੁਰਨਾਮ ਸਿੰਘ ਭੰਡਾਲ (ਚੈਅਰਮੈਨ) 530 218 4468

ਦਲਵਿੰਦਰ ਰੱਲ ਵਾਇਸ ਸੱਕਤਰ 530 933 3938

**ਹੈਡ ਗ੍ਰੰਥੀ**

ਭਾਈ ਗੁਰਦਿਆਲ ਸਿੰਘ-530 441 4165

**ਗੁਰੂਘਰ ਦਾ ਫੋਨ ਨੰਬਰ:**

530 674 2564

# SHRI GURU RAVIDASS TEMPLE

## 1480 HAYNE AVE YUBA CITY, CA 95993

# ਤੇਜ ਰਫ਼ਤਾਰ ਵਾਹਣ ਨੇ ਘੋੜ ਸਵਾਰਾਂ ਵਿਚ ਮਾਰੀ ਟੱਕਰ, ਇਕ ਮੌਤ ਦੋ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਡਲਾਸ (ਟੈਕਸਾਸ) ਵਿਚ ਇਕ ਤੇਜ ਰਫ਼ਤਾਰ ਵਾਹਣ ਵੱਲੋਂ ਘੋੜ ਸਵਾਰਾਂ ਵਿਚ ਮਾਰੀ ਜਬਰਦਸਤ ਟੱਕਰ ਦੇ ਸਿੱਟੇ ਵਜੋਂ ਇਕ 14 ਸਾਲਾ ਘੋੜ ਸਵਾਰ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖਮੀ ਹੋ ਗਏ। ਇਸ ਭਿਆਨਕ ਟੱਕਰ ਵਿਚ ਦੋ ਘੋੜਿਆਂ ਦੀ ਵੀ ਮੌਤ ਹੋ ਗਈ ਜਦ ਕਿ ਤੀਸਰਾ ਘੋੜਾ ਜ਼ਖਮੀ ਹੋ ਗਿਆ। ਇਹ ਜਾਣਕਾਰੀ ਡਲਾਸ ਪੁਲਿਸ ਵਿਭਾਗ ਨੇ ਦਿੰਦਿਆਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਹ ਹਾਦਸਾ ਗਰੇਟ ਟ੍ਰਿਨਟੀ ਫਾਰੈਸਟ ਖੇਤਰ ਵਿਚ ਜੂਲੀਅਸ ਸ਼ੈਪਸ ਫਰੀਵੇਅ



'ਤੇ ਸਵੇਰੇ 5.30 ਵਜੇ ਦੇ ਆਸ ਪਾਸ ਵਾਪਰਿਆ। ਪੁਲਿਸ ਨੇ ਕਿਹਾ ਹੈ ਕਿ ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਸਾਰੇ ਘੋੜ ਸਵਾਰ ਨਬਾਲਗ ਸਨ ਤੇ ਉਹ ਚੋਰੀ ਕੀਤੇ ਘੋੜਿਆਂ ਉਪਰ ਸਵਾਰ ਸਨ। ਇਕ ਘੋੜ ਸਵਾਰ ਮੌਕੇ ਉਪਰ ਹੀ ਦਮ ਤੋੜ ਗਿਆ ਜਦ ਕਿ ਦੋ ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨਾਂ ਦੀ ਹਾਲਤ ਸਥਿੱਰ ਦਸੀ ਜਾਂਦੀ ਹੈ। ਪੁਲਿਸ ਅਨੁਸਾਰ ਮਾਮਲਾ ਜਾਂਚ ਅਧੀਨ ਹੈ ਪਰੰਤੂ ਵਾਹਣ ਦੇ ਡਰਾਈਵਰ ਵਿਰੁੱਧ ਕਿਸੇ ਪ੍ਰਕਾਰ ਦੇ ਦੋਸ਼ ਆਇਦ ਕਰਨ ਦੀ ਸੰਭਾਵਨਾ ਨਹੀਂ ਹੈ।

# ਭ੍ਰਿਸ਼ਟਾਚਾਰ ਮੁਕਤ ਪੰਜਾਬ ਲਈ ਕੰਮ ਕਰ ਰਹੇ ਹਾਂ: ਭਗਵੰਤ ਮਾਨ



**ਚੰਡੀਗੜ੍ਹ-** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਕ ਸਾਲ ਪੂਰਾ ਹੋਣ 'ਤੇ ਜਿਥੇ ਵਧਾਈ ਦਿੱਤੀ ਉਥੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਮੁਕਤ ਪੰਜਾਬ ਲਈ ਕੰਮ ਕਰ ਰਹੀ ਹੈ। ਉਨ੍ਹਾਂ ਆਪਣੇ ਸੁਨੇਹੇ ਵਿੱਚ ਕਿਹਾ,'ਭ੍ਰਿਸ਼ਟਾਚਾਰ ਮਾਮਲੇ 'ਚ ਅਸੀਂ ਆਪਣੀ ਪਾਰਟੀ ਦੇ ਚੁਣੇ ਹੋਏ ਵਿਧਾਇਕਾਂ ਅਤੇ ਇੱਥੋਂ ਤੱਕ ਕਿ ਮੰਤਰੀਆਂ ਨੂੰ ਵੀ ਨਾ ਬਖਸ਼ ਕੇ ਮਿਸਾਲ ਕਾਇਮ ਕੀਤੀ ਹੈ। ਵਿਰੋਧੀ ਧਿਰ ਦੇ ਕਈ ਆਗੂ ਸਲਾਖਾਂ ਪਿੱਛੇ ਗਏ। ਭ੍ਰਿਸ਼ਟ ਅਧਿਕਾਰੀ ਵੀ ਸ਼ੱਕ ਦੇ ਘੇਰੇ ਵਿਚ ਹਨ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਾਡੀ ਪਾਰਟੀ ਦਾ ਜਨਮ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੋਂ ਹੋਇਆ ਹੈ ਅਤੇ ਅਸੀਂ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰ ਰਹੇ ਹਾਂ। ਅਸੀਂ ਵਾਅਦਾ ਕੀਤਾ ਹੈ ਕਿ 'ਰੰਗਲਾ ਪੰਜਾਬ' ਨੂੰ ਸੁਰਜੀਤ ਕਰਾਂਗੇ। ਪਾਰਦਰਸ਼ਤਾ ਸਾਡਾ ਸਭ ਤੋਂ ਵੱਡਾ ਵਾਅਦਾ ਹੈ।' ਉਨ੍ਹਾਂ ਕਿਹਾ ਕਿ ਇਸ ਇਕ ਸਾਲ ਵਿੱਚ ਜਨਤਾ ਨਾਲ ਕੀਤੇ ਕਈ ਵਾਅਦੇ ਪੂਰੇ ਕਰ ਦਿੱਤੇ ਹਨ ਤੇ ਰਹਿੰਦੇ ਆਉਂਦੇ ਸਾਲਾਂ 'ਚ ਪੂਰੇ ਕਰ ਦਿੱਤੇ ਜਾਣਗੇ।'

# ਸੰਸਦ ਮੈਂਬਰਾਂ-ਵਿਧਾਇਕਾਂ ਖ਼ਿਲਾਫ਼ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ 96 ਫ਼ੀਸਦੀ 'ਚ ਮਿਲੀ ਸਜ਼ਾ- ਈਡੀ

**ਨਵੀਂ ਦਿੱਲੀ-** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਕਿਹਾ ਹੈ ਕਿ ਉਸ ਦੇ ਕੁੱਲ ਈਸੀਆਈਆਰ ਦਾ ਸਿਰਫ਼ 2.98 ਪ੍ਰਤੀਸ਼ਤ ਜਾਂ ਸ਼ਿਕਾਇਤਾਂ ਮੌਜੂਦਾ ਜਾਂ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਦਰਜ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਮਨੀ ਲਾਂਡਰਿੰਗ ਐਕਟ ਦੇ ਤਹਿਤ ਇਸ ਦੀ ਦੋਸ਼ੀ ਠਹਿਰਾਉਣ ਦੀ ਦਰ 96 ਫੀਸਦੀ ਦੇ ਉੱਚੇ ਪੱਧਰ 'ਤੇ ਹੈ।

ਫੈਡਰਲ ਇਨਵੈਸਟੀਗੇਸ਼ਨ ਏਜੰਸੀ ਨੇ 31 ਜਨਵਰੀ 2023 ਤੱਕ ਤਿੰਨ ਕਾਨੂੰਨਾਂ ਤਹਿਤ ਆਪਣੀ ਕਾਰਵਾਈ ਦਾ ਤਾਜ਼ਾ ਅੰਕੜਾ ਜਾਰੀ ਕੀਤਾ ਹੈ। ਇਹ ਮਨੀ ਲਾਂਡਰਿੰਗ ਰੋਕੂ ਕਾਨੂੰਨ (PMLA), ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ (ਂਓਓ) ਅਤੇ ਭਗੌੜੇ ਆਰਥਿਕ ਅਪਰਾਧੀ ਕਾਨੂੰਨ (FEOA) ਦੇ ਤਹਿਤ ਕੀਤੀ ਗਈ ਕਾਰਵਾਈ ਦੇ ਵੇਰਵੇ ਦਿੰਦਾ ਹੈ।

ਈਡੀ ਨੂੰ 1 ਜੁਲਾਈ 2005 ਤੋਂ 2002 ਵਿੱਚ ਲਾਗੂ ਕੀਤੇ ਗਏ ਪੀਐਮਐਲਏ ਦੇ ਸਖ਼ਤ ਪ੍ਰਬੰਧਾਂ ਨੂੰ ਲਾਗੂ ਕਰਨ ਦਾ ਕੰਮ ਸੌਂਪਿਆ ਗਿਆ ਸੀ। ਕਾਨੂੰਨ ਏਜੰਸੀ ਨੂੰ ਸੰਮਨ ਕਰਨ, ਜਾਂਚ ਦੇ ਪੜਾਅ 'ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ, ਜਾਂਚ ਦੌਰਾਨ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਅਤੇ ਅਦਾਲਤ ਦੇ ਸਾਹਮਣੇ ਅਪਰਾਧੀਆਂ 'ਤੇ ਮੁਕੱਦਮਾ ਚਲਾਉਣ ਦਾ ਅਧਿਕਾਰ ਦਿੰਦਾ ਹੈ।

ਪੇਸ਼ ਕੀਤੇ ਗਏ ਅੰਕੜਿਆਂ ਵਿੱਚ ਕਿਹਾ ਗਿਆ ਹੈ ਕਿ ਐਕਟ ਦੇ ਲਾਗੂ ਹੋਣ ਤੋਂ ਬਾਅਦ ਈਡੀ ਨੇ ਕੁੱਲ 5,906 ਸ਼ਿਕਾਇਤਾਂ ਦਰਜ ਕੀਤੀਆਂ ਹਨ। ਇਸ ਨੇ ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰਾਂ-ਵਿਧਾਇਕਾਂ ਅਤੇ ਐਮਐਲਸੀ ਦੇ ਖਿਲਾਫ ਕੁੱਲ 176 ਇਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟਾਂ (ਈ ਸੀ ਆਈ ਆਰ) ਦਰਜ ਕੀਤੀਆਂ ਹਨ, ਜੋ ਕਿ ਕੁੱਲ ਕੇਸਾਂ ਦਾ 2.98 ਪ੍ਰਤੀਸ਼ਤ ਹੈ। ਦੱਸ ਦੇਈਏ ਕਿ ਈਡੀ ਦੀ ਸ਼ਿਕਾਇਤ ਨੂੰ ਪੁਲਿਸ ਦੀ ਐਫਆਈਆਰ ਦੇ ਬਰਾਬਰ ਮੰਨਿਆ ਜਾਂਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੀਐਮਐਲਏ ਦੇ ਤਹਿਤ ਹੁਣ ਤੱਕ ਕੁੱਲ 1,142 ਮੁਕੱਦਮੇ ਦੀਆਂ ਸ਼ਿਕਾਇਤਾਂ ਜਾਂ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਈਸੀਆਈਆਰ ਅਤੇ ਮੁਕੱਦਮੇ ਦੀਆਂ ਸ਼ਿਕਾਇਤਾਂ ਦੇ ਤਹਿਤ ਕੁੱਲ 513 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਅਮਰੀਕੀ ਯੂਨੀਵਰਸਿਟੀ ਦੇ ਸਟਾਫ਼ ਨੂੰ ਧਮਕਾਉਣ ਦੇ ਦੋਸ਼ ਵਿੱਚ ਯੂਨੀਵਰਸਿਟੀ ਦਾ ਭਾਰਤੀ ਮੂਲ ਦਾ ਸਾਬਕਾ ਵਿਦਿਆਰਥੀ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਵਿਸਕਾਨਸਿਨ ਮੈਡੀਸਨ ਯੂਨੀਵਰਸਿਟੀ ਦੇ ਪ੍ਰੋਫੈ-ਸਰਾਂ ਤੇ ਹੋਰ ਸਟਾਫ਼ ਨੂੰ ਈ ਮੇਲ ਰਾਹੀਂ ਧਮਕਾਉਣ ਦੇ ਦੋਸ਼ ਵਿੱਚ ਭਾਰਤੀ ਮੂਲ ਦੇ ਯੂਨੀਵਰਿਸਟੀ ਦੇ ਸਾਬਕਾ ਵਿਦਿਆਰਥੀ ਅਰਵਿਨ ਰਾਜ ਮਾਥਰ (32) ਨੂੰ ਗ੍ਰਿਫ਼ਤਾਰ ਕਰਨ ਦੀ ਖ਼ਬਰ ਹੈ। ਮੀਡੀਆ ਰਿਪੋਰਟ ਅਨੁਸਾਰ ਮਾਥਰ ਨੇ ਕਿਸੇ ਮੁੱਦੇ ਨੂੰ ਲੈ ਕੇ ਭੇਜੀ ਈ ਮੇਲ ਵਿਚ ਯੂਨੀਵਰਸਿਟੀ ਸਟਾਫ਼ ਦੇ ਬੱਚਿਆਂ ਦੀ ਹੱਤਿਆ ਕਰਨ ਦੀ ਧਮਕੀ ਦਿੱਤੀ ਹੈ। ਗਰਾਸ ਲੇਕ (ਜੈਕਸਨ ਕਾਊਂਟੀ) ਵਿਚ ਰਹਿੰਦੇ ਮਾਥਰ ਨੂੰ ਡੈਟਰਾਇਟ ਮੈਟਰੋਪੋਲੀਟਨ ਏਅਰਪੋਰਟ 'ਤੇ ਬੀਤੇ ਦਿਨ ਗ੍ਰਿਫ਼ਤਾਰ ਕੀਤਾ ਹੈ। ਫਿਲਹਾਲ ਉਸ ਨੂੰ ਆਰਜੀ ਤੌਰ 'ਤੇ ਸੇਂਟ ਕਲੇਰ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ।

# ਕੋਟਕਪੂਰਾ ਗੋਲੀ ਕਾਂਡ
# ਸੁਖਬੀਰ ਬਾਦਲ ਦੀ ਜ਼ਮਾਨਤ ਅਰਜ਼ੀ ਖਾਰਜ, ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੀ ਰਾਹਤ




**ਫਰੀਦਕੋਟ-** ਕੋਟਕਪੂਰਾ ਗੋਲੀ ਕਾਂਡ ਵਿੱਚ ਅੱਜ ਇਥੋਂ ਦੀ ਅਦਾਲਤ ਨੇ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਸ ਵੇਲੇ ਦੇ ਐੱਸਐੱਸਪੀ ਸੁਖਮਿੰਦਰ ਸਿੰਘ ਮਾਨ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ, ਜਦੋਂਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਉਮਰ ਨੂੰ ਦੇਖਦਿਆਂ ਚੱਲਦੇ ਮੁਕੱਦਮੇ ਤੱਕ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਨੇ 24 ਫਰਵਰੀ ਨੂੰ ਇਨ੍ਹਾਂ ਸਾਰੇ ਵਿਅਕਤੀਆਂ ਖਿਲਾਫ਼ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ ਸੀ, ਜਿਸ ਵਿੱਚ ਸਾਬਕਾ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਪੁਲੀਸ ਅਧਿਕਾਰੀਆਂ ਉੱਪਰ ਸਾਜ਼ਿਸ਼ ਤਹਿਤ ਸਿੱਖ ਸੰਗਤਾਂ 'ਤੇ ਲਾਠੀਚਾਰਜ ਕਰਨ ਦੇ ਇਲਜ਼ਾਮ ਲੱਗੇ ਸਨ।




# ਪਰਵਾਸੀ ਕਵੀ ਕੁਲਵੰਤ ਸਿੰਘ ਸੇਖੋਂ ਦਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਸਨਮਾਨ

**ਫਰਿਜ਼ਨੋ, ਕੈਲੇਫੋਰਨੀਆਂ, ਅਮਰੀਕਾ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਕੈਲੇਫੋਰਨੀਆਂ ਦੇ ਸ਼ਹਿਰ ਸਟਾਕਟਨ (ਅਮਰੀਕਾ) ਵੱਸਦੇ ਨੌਜਵਾਨ ਪੰਜਾਬੀ ਕਵੀ ਕੁਲਵੰਤ ਸਿੰਘ ਸੇਖੋਂ ਨੂੰ ਦੋਸ਼ਾਲਾ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੀਆਂ ਕੁਝ ਪ੍ਰਕਾਸ਼ਨਾਵਾਂ ਭੇਂਟ ਕਰਕੇ ਪ੍ਰੋ: ਗੁਰਭਜਨ ਸਿੰਘ ਗਿੱਲ (ਡਾ.) ਸਰਦਾਰਨੀ ਜਸਵਿੰਦਰ ਕੌਰ ਗਿੱਲ ਤੇ ਸੁਰੀਲੇ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਸਨਮਾਨਿਤ ਕੀਤਾ। ਕੁਲਵੰਤ ਸਿੰਘ ਸੇਖੋਂ ਦੇ ਜੀਵਨ ਤੇ ਸਾਹਿਤ ਸੇਵਾ ਬਾਰੇ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਅਮਰੀਕਾ ਪਰਵਾਸ ਕਰਨ ਤੋਂ ਪਹਿਲਾਂ ਵੀ ਉਹ ਜਲੰਧਰ ਦੀਆਂ ਸਾਹਿੱਤਕ ਸਰਗਰਮੀਆਂ ਵਿੱਚ ਸ਼ਾਮਿਲ ਹੁੰਦੇ ਸਨ। ਉਨ੍ਹਾਂ ਦਾ ਜੱਦੀ ਪਿੰਡ ਭਾਵੇ ਜਮਸ਼ੇਰ ਖ਼ਾਸ(ਜਲੰਧਰ) ਹੈ, ਪਰ 1990-91 ਵਿੱਚ ਉਨ੍ਹਾਂ ਨੇ ਹਰਵਿੰਦਰ ਰਿਆੜ ਤੇ ਕੁਝ ਹੋਰ ਸਾਥੀਆਂ ਨਾਲ ਮਿਲ ਕੇ ਸਾਹਿੱਤ ਸਭਾ ਜੰਡਿਆਲਾ ਦੀਆਂ ਸਾਹਿੱਤਕ ਗਤੀਵਿਧੀਆਂ ਰਾਹੀਂ ਆਪਣੀ ਪਛਾਣ ਬਣਾਈ। ਅੱਜ ਕਲ ਕੁਲਵੰਤ ਸੇਖੋ ਕੈਲੇਫੋਰਨੀਆਂ ਦੇ ਸ਼ਹਿਰ ਸਟਾਕਟਨ ਵਿੱਚ ਰਹਿੰਦਿਆਂ ਇੱਥੋਂ ਦੀਆਂ ਵੱਖ-ਵੱਖ ਸਾਹਿੱਤਕ ਅਤੇ ਸੱਭਿਆਚਾਰਕ ਮਹਿਫ਼ਲਾਂ ਦਾ ਸ਼ਿੰਗਾਰ ਬਣਦੇ ਹਨ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ (ਡਾ.) ਨੇ ਕਿਹਾ ਕਿ ਸਭ ਪਰਵਾਸੀ ਲੇਖਕ ਮੇਰੀ ਨਜ਼ਰ ਵਿੱਚ ਆਪਣੀ ਜਨਮ ਭੂਮੀ ਦੇ ਰਾਜਦੂਤ ਹਨ ਜੋ ਸਿਰਫ਼ ਆਪਣੇ ਪਰਿਵਾਰ ਦੀ ਪਰਵਰਿਸ਼ ਲਈ ਹੀ ਬਦੇਸ਼ 'ਚ ਨਹੀਂ ਰਹਿੰਦੇ ਸਗੋਂ ਮਾਂ ਬੋਲੀ ਦੇ ਪਸਾਰ ਪਰਸਾਰ ਤੇ ਸੰਚਾਰ ਵਿੱਚ ਵਡਮੁੱਲਾ ਹਿੱਸਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਸੇਖੋਂ ਨਾਲ ਮੇਰੀ ਸਾਂਝ ਉਸ ਦੀਆਂ ਲਿਖਤਾਂ ਰਾਹੀਂ ਬਹੁਤ ਪਹਿਲਾਂ ਪੈ ਗਈ ਸੀ ਪਰ ਮੁਲਾਕਾਤ 2006 ਵਿੱਚ ਪਹਿਲੀ ਵਾਰ ਫਰਿਜ਼ਨੋ ਵਿੱਚ ਹਰਜਿੰਦਰ ਕੰਗ ਜੀ ਨੇ ਕਰਵਾਈ। ਸੇਖੋਂ ਭਾਵੇਂ ਹੁਣ ਕਈ ਸਾਲਾਂ ਤੋਂ ਸਟਾਕਟਨ ਵੱਸਦਾ ਹੈ ਪਰ ਉਸ ਦੀ ਸ਼ਾਇਰੀ ਪੂਰੇ ਵਿਸ਼ਵ ਵਿੱਚ ਪੜ੍ਹੀ ਤੇ ਸਲਾਹੀ ਜਾਂਦੀ ਹੈ।



ਕੁਲਵੰਤ ਸਿੰਘ ਸੇਖੋਂ ਨੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਆਦਰ ਦੇਣ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਤੁਹਾਡੀ ਆਸ ਉਮੀਦ ਤੇ ਪੂਰਾ ਉੱਤਰਨ ਦਾ ਯਤਨ ਕਰਾਂਗਾ। ਸੇਖੋਂ ਨੇ ਦੱਸਿਆ ਕਿ ਉਸ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਦਾ ਸੰਗ੍ਰਹਿ ਵੀ ਨੇੜ ਭਵਿੱਖ ਵਿੱਚ ਛਪ ਰਿਹਾ ਹੈ। ਬਦੇਸ਼ਾਂ ਵਿੱਚ ਕਿਰਤ ਕਰਦਿਆਂ ਸਾਹਿੱਤ ਸਿਰਜਣਾ ਨੂੰ ਨਾਲ ਤੋਰਨਾ ਭਾਵੇਂ ਆਸਾਨ ਕੰਮ ਨਹੀਂ ਪਰ ਇਸ ਨੂੰ ਲਗਾਤਾਰ ਕਰਦੇ ਰਹਿਣਗੇ ਕਿਉਂਕਿ ਇਹ ਕਾਰਜ ਉਨ੍ਹਾਂ ਲਈ ਮਿਸ਼ਨ ਵਾਂਗ ਪਵਿੱਤਰ ਹੈ।

ਕੁਲਵੰਤ ਸਿੰਘ ਸੇਖੋਂ ਨੇ ਇਸ ਮੌਕੇ ਆਪਣੀਆਂ ਕੁਝ ਰਚਨਾਵਾਂ ਵੀ ਸੁਣਾਈਆਂ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਕਵੀ ਕੁਲਵੰਤ ਸੇਖੋ ਦੇ ਬਹੁਤ ਸਾਰੇ ਗੀਤ ਨਾਮਵਰ ਗਾਇਕਾ ਨੇ ਗਾਏ ਅਤੇ ਰਿਕਾਰਡ ਕਰਵਾਏ ਹਨ। ਜੋ ਸੱਚਮੁੱਚ ਪੰਜਾਬੀ ਸੱਭਿਆਚਾਰ ਅਤੇ ਪਰਿਵਾਰਕ ਗੀਤ ਹਨ। ਭਵਿੱਖ ਵਿੱਚ ਉਮੀਦ ਕੀਤੀ ਕਰਦੇ ਹਾਂ ਕਿ ਕੁਲਵੰਤ ਸੇਖੋ ਹੋਰ ਨਵੀਆਂ ਲਿਖਤਾਂ ਰਾਹੀ ਇਸੇ ਤਰਾਂ ਪੰਜਾਬੀ ਸਾਹਿੱਤ ਜਗਤ ਨਾਲ ਜੁੜੇ ਰਹਿਣਗੇ।

# ਪਾਕਿਸਤਾਨ ਕੌਮਾਂਤਰੀ ਮੁਦਰਾ ਫੰਡ ਦਾ 'ਬੰਧਕ': ਮਰੀਅਮ ਨਵਾਜ਼

**ਲਾਹੌਰ-** ਪੀਐਮਐਲ (ਐਨ) ਦੀ ਸੀਨੀਅਰ ਆਗੂ ਮਰੀਅਮ ਨਵਾਜ਼ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਆਲਮੀ ਪੱਧਰ 'ਤੇ ਹੋਏ ਸਮਝੌਤਿਆਂ ਨੂੰ ਦਰਕਿਨਾਰ ਕਰਨ ਲਈ ਕਰਾਰੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕੌਮਾਂਤਰੀ ਮੁਦਰਾ ਫੰਡ (ਆਈਐਮਐਫ) ਦਾ 'ਬੰਧਕ' ਹੈ ਅਤੇ ਇਹ ਨਕਦੀ ਦੀ ਤੰਗੀ ਨਾਲ ਜੂਝ ਰਹੇ ਮੁਲਕ ਨਾਲ 'ਕਲੋਨੀ' ਵਾਂਗ ਵਰਤਾਅ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦਾ ਅਰਥਚਾਰਾ ਗੰਭੀਰ ਸੰਕਟ ਹੇਠ ਹੈ। ਇਹ ਮੁਲਕ ਵਾਸ਼ਿੰਗਟਨ ਆਧਾਰਿਤ ਕੌਮਾਂਤਰੀ ਮੁਦਰਾ ਫੰਡ (ਆਈਐਮਐਫ) ਤੋਂ 1.1 ਬਿਲੀਅਨ ਡਾਲਰ ਦੀ ਸਹਾਇਤਾ ਰਾਸ਼ੀ ਦੀ ਉਡੀਕ ਕਰ ਰਿਹਾ ਹੈ।

ਇੱਥੇ ਮਾਡਲ ਟਾਊਨ ਵਿੱਚ ਸੋਸ਼ਲ ਮੀਡੀਆ ਦੇ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਮੁਸਲਿਮ ਲੀਗ (ਐਨ) ਦੀ ਆਗੂ ਮਰੀਅਮ ਨੇ ਕਿਹਾ, 'ਆਈਐਮਐਫ ਸਾਡੇ 'ਤੇ ਭਰੋਸਾ ਕਰਨ ਲਈ ਤਿਆਰ ਨਹੀਂ ਹੈ। ਪਾਕਿਸਤਾਨ ਆਈ ਐਮ ਐਫ ਦਾ ਬੰਦੀ ਹੈ ਅਤੇ ਇਹ ਮੁਲਕ ਨਾਲ ਕਲੋਨੀ ਵਾਂਗ ਪੇਸ਼ ਆ ਰਿਹਾ ਹੈ। ਜੇ ਅਸੀਂ ਇਸ ਦੇ ਹੱਥਾਂ ਵਿੱਚੋਂ ਨਿਕਲਣਾ ਵੀ ਚਾਹੀਏ ਤਾਂ ਵੀ ਮੁਕਤ ਨਹੀਂ ਹੋ ਸਕਦੇ।




'ਡਾਅਨ' ਅਖ਼ਬਾਰ ਦੀ ਰਿਪੋਰਟ ਮੁਤਾਬਿਕ ਮਰੀਅਮ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਚੇਅਰਮੈਨ ਇਮਰਾਨ ਖਾਨ ਦੀ ਆਈਐਮਐਫ ਨਾਲ ਹੋਏ ਸਮਝੌਤੇ ਦੀਆਂ ਧੱਜੀਆਂ ਉਡਾਉਣ 'ਤੇ ਭੰਡਿਆ। ਉਨ੍ਹਾਂ ਕਿਹਾ, 'ਅੱਜ ਹਾਲਾਤ ਇਹ ਹੋ ਗਏ ਹਨ ਕਿ ਸਾਨੂੰ ਇਕ ਬਿਲੀਅਨ ਲਈ ਹਾੜ੍ਹੇ ਕੱਢਣੇ ਪੈ ਰਹੇ ਹਨ। ਉਨ੍ਹਾਂ ਆਪਣੇ ਪਿਤਾ ਨਵਾਜ਼ ਸ਼ਰੀਫ ਦੀ ਸਰਕਾਰ ਦੀ ਤੁਲਨਾ ਖਾਨ ਨਾਲ ਕਰਦਿਆਂ ਕਿਹਾ ਕਿ ਕ੍ਰਿਕਟਰ ਇਮਰਾਨ ਖਾਨ ਦਾ ਸਿਆਸਤ ਵਿੱਚ ਦਾਖਲਾ ਮੁਲਕ ਨੂੰ ਬਰਬਾਦ ਕਰਨ ਲਈ ਹੋਇਆ ਸੀ।

ਜ਼ਿਕਰਯੋਗ ਹੈ ਕਿ ਮਰੀਅਮ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਧੀ ਹੈ। ਉਨ੍ਹਾਂ ਖਾਨ 'ਤੇ ਪ੍ਰਧਾਨ ਮੰਤਰੀ ਹੁੰਦਿਆਂ ਮਿਲੇ ਤੋਹਫਿਆਂ ਨੂੰ ਵੇਚਣ ਦੇ ਮਾਮਲੇ ਵਿੱਚ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਇਮਰਾਨ ਪਾਰਟੀ ਵਰਕਰਾਂ ਦੇ ਪਿੱਛੇ ਕਿਉਂ ਛੁਪ ਰਹੇ ਹਨ? ਉਹ ਮੁੜ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਉਨ੍ਹਾਂ ਪ੍ਰਧਾਨ ਮੰਤਰੀ ਬਣ ਕੇ ਦੇਸ਼ ਲਈ ਕੀਤਾ ਕੀ ਹੈ ਜਿਸ ਦੇ ਆਧਾਰ 'ਤੇ ਲੋਕ ਉਨ੍ਹਾਂ ਨੂੰ ਮੁੜ ਪ੍ਰਧਾਨ ਮੰਤਰੀ ਬਣਾਉਣ।'







ਦੇਸ਼ ਦੁਆਬਾ

## ਡਾ. ਪੰਪੋਸ਼ ਵੱਲੋਂ ਆਤਮਦਾਹ: ਬੇਹੱਦ ਦੁਖਦਾਈ

ਡਾ. ਅੰਬੇਦਕਰ ਅਤੇ ਸ਼ਹੀਦੇ-ਏ-ਆਜ਼ਮ ਸ. ਭਗਤ ਸਿੰਘ ਦੀ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਜੇਕਰ ਭਗਤ ਸਿੰਘ ਨੇ ਅੰਗਰੇਜ਼ ਸਾਮਰਾਜੀਆਂ ਨੂੰ ਲਲਕਾਰਿਆ, ਬੰਬ-ਪਿਸਤੌਲਾਂ ਨਾਲ ਅੰਗਰੇਜ ਸਰਕਾਰ ਦੇ ਬੋਲੇ ਕੰਨਾਂ ਤੱਕ ਭਾਰਤ ਦੀ ਆਜ਼ਾਦੀ ਦੀ ਮੰਗ ਨੂੰ ਸੁਣਾਇਆ ਤਾਂ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਆਪਣੀ ਅੱਵਲ ਵਿਦਵਤਾ ਦੇ ਜੌਹਰ ਦਿਖਾਉਂਦਿਆਂ ਕਲਮ ਦੀ ਤਾਕਤ ਨਾਲ ਅੰਗਰੇਜ ਸਾਮਰਾਜ ਅਤੇ ਆਰੀਆ ਸਾਮਰਾਜ ਨਾਲ ਆਪਣੀ ਅਵੱਲੀ ਸੋਚ-ਵਿਚਾਰਧਾਰਾ ਨਾਲ ਸਖਤ ਟੱਕਰ ਲੈਂਦਿਆਂ ਭਾਰਤੀ ਮੂਲਨਿਵਾਸੀਆਂ ਦੇ ਹੱਕਾਂ ਨੂੰ ਸੰਵਿਧਾਨਕ ਸੁਰੱਖਿਆ ਦਿੱਤੀ ਪਰ ਜਾਤੀਪਾਤੀ ਨਿਜ਼ਾਮ ਆਪਣੇ ਭੈੜੇ ਮਨਸੂਬਿਆਂ ਤੋਂ ਬਾਜ਼ ਨਹੀਂ ਆਇਆ।

ਪਿਛਲੇ ਸਮੇਂ ਤੋਂ ਜਿਸ ਪ੍ਰਕਾਰ ਦੱਬੇ-ਕੁਚਲੇ ਸਮਾਜ ਉਪਰ ਜਾਤੀ ਹਮਲੇ ਹੋ ਰਹੇ ਹਨ, ਬਹੁਤ ਹੀ ਨਿੰਦਣਯੋਗ ਹਨ। ਜਾਤੀ-ਪਾਤੀ ਮਸਲੇ ਭਾਰਤ ਤੋਂ ਬਾਹਰ ਵੀ ਸੱਤ ਸਮੁੰਦਰ ਪਾਰ ਧਰਤੀਆਂ 'ਤੇ ਵੀ ਹੋ ਰਹੇ ਹਨ ਤੇ ਇਸ ਦਾ ਵਿਦਰੋਹ ਵੀ ਹੋਇਆ ਹੈ ਤੇ ਹੋ ਰਿਹਾ ਹੈ। ਜਾਤੀ-ਪਾਤੀ ਵਿਚਾਰਧਾਰਾ ਨਾਲ ਗ੍ਰਸਤ ਲੋਕ ਭਾਰਤ ਛੱਡਣ ਦੇ ਨਾਲ-ਨਾਲ ਆਪਣੇ ਸਮਾਨ ਦੇ ਨਾਲ ਜਾਤ-ਪਾਤ ਸਿਸਟਮ ਵੀ ਨਾਲ ਹੀ ਪੈਕ ਕਰਕੇ ਆਉਂਦੇ ਹਨ। ਅਜਿਹੀ ਸੌੜੀ ਸੋਚ ਵਿਰੁੱਧ ਪਹਿਲੀ ਵਾਰ 2001 ਵਿਚ ਮਸਲਾ ਸੰਯੁਕਤ ਰਾਸ਼ਟਰ, ਡਰਬਨ ਵਿਖੇ ਵੀ ਪਹੁੰਚ ਗਿਆ ਸੀ ਪਰ ਉਸ ਵਕਤ ਦੀ ਭਾਰਤ ਸਰਕਾਰ ਦੇ ਨੁਮਾਇੰਦਿਆਂ ਨੇ ਇਹ ਕਹਿਕੇ ਦਬਾਅ ਲਿਆ ਕਿ ਇਹ ਸਾਡਾ ਘਰੇਲੂ ਮਸਲਾ ਹੈ ਤੇ ਇਸਨੂੰ ਹੱਲ ਕਰ ਲਿਆ ਜਾਵੇਗਾ। ਪਰ ਅਜਿਹਾ ਨਹੀਂ ਹੋਇਆ ਅਤੇ ਨਾ ਹੀ ਜਾਤ-ਪਾਤ ਦੇ ਵਿਤਕਰਿਆਂ ਨੂੰ ਠੱਲ੍ਹ ਪਈ।

ਭਾਰਤ ਤੋਂ ਬਾਹਰ ਕੁਝ ਅਖੌਤੀ ਉਚ ਜਾਤੀ ਦਾ ਭਰਮ ਪਾਲਣ ਵਾਲੇ 21ਵੀਂ ਸਦੀ ਵਿਚ ਅਤੇ ਉਹ ਵੀ ਬਾਹਰਲੇ ਮੁਲਕਾਂ ਵਿਚ ਵੀ ਸਮਝ ਨਹੀਂ ਕਰ ਰਹੇ ਕਿ ਇਸ ਭੈੜੀ ਸੋਚ ਨੂੰ ਜੇਕਰ ਮਨੂੰਵਾਦੀ ਬਜ਼ੁਰਗਾਂ ਨੇ ਬਣਾਇਆ-ਅਪਣਾਇਆ ਸੀ, ਪਰ ਅਸੀਂ ਤਾਂ ਨਾ ਅੱਗੇ ਤੋਰੀਏ। ਪਰ ਉਹ ਅਜਿਹਾ ਕਰਨ 'ਚ ਸ਼ਾਇਦ ਆਪਣੀ ਹੇਠੀ ਸਮਝਦੇ ਹਨ ਪਰ ਦੱਬਿਆਂ-ਕੁਚਲਿਆ ਵਰਗ ਹੁਣ ਪੜ੍ਹ-ਲਿਖ ਰਿਹਾ ਹੈ ਤੇ ਅਜਿਹੇ ਅਣਮਨੁੱਖੀ ਵਤੀਰੇ ਕਤਈ ਸਹਿਣ ਨਹੀਂ ਕਰ ਸਕਦਾ। ਤੇ ਕਰੇ ਵੀ ਕਿਉਂ? ਅਜਿਹੇ ਕੇਸ ਅਮਰੀਕਾ ਦੇ ਕਈ ਰਾਜਾਂ 'ਚ ਸਾਹਮਣੇ ਆ ਰਹੇ ਹਨ। ਅਜੇ ਕੁਝ ਦਿਨਾਂ ਦੀ ਗੱਲ ਹੈ ਕਿ ਅਮਰੀਕਾ ਦੀ ਵਾਸ਼ਿੰਗਟਨ ਸਟੇਟ ਦੇ ਸਿਆਟਲ ਸ਼ਹਿਰ ਦੀ ਸਿਟੀ ਕੌਂਸਲ 'ਚ 6-1 ਨਾਲ ਮਤਾ ਪਾਸ ਕਰ ਦਿੱਤਾ ਗਿਆ ਕਿ ਜੇਕਰ ਕੋਈ ਕਿਸੇ ਨਾਲ ਨਸਲ ਭਿੰਨ-ਭੇਦ ਦੀ ਭਾਵਨਾ ਨਾਲ ਵਿਤਕਰਾ ਕਰਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਹੋ ਸਕਦੀ ਹੈ (ਇਹ ਪਹਿਲਾਂ ਹੀ ਹੈ) ਪ੍ਰੰਤੂ ਇਸ ਦੇ ਨਾਲ ਹੁਣ ਜਾਤ-ਪਾਤ ਭੇਦਭਾਵ ਕਰਦਾ ਹੈ ਤਾਂ ਉਸ ਵਿਰੁੱਧ ਵੀ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਸ ਸਬੰਧਤ ਸਾਡੇ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਅੰਗਰੇਜ਼ੀ ਅਖਬਾਰ 'ਅੰਬੇਦਕਰ ਟਾਈਮਜ਼' ਨੂੰ ਪੜ੍ਹਿਆ ਜਾ ਸਕਦਾ ਹੈ)।

ਹੁਣ ਭਾਰਤ ਤੋਂ ਬਾਹਰ ਬੈਠ ਕੇ ਵੀ ਜੇਕਰ ਅਜਿਹੇ ਸਮਾਚਾਰ ਚਾਹੇ ਉਹ ਭਾਰਤ ਤੋਂ ਆਉਣ ਜਾਂ ਇੱਧਰੋਂ ਮਿਲਣ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਦੇ ਦੇਸ਼-ਵਿਦੇਸ਼ ਵਿਚ ਵੱਸ ਰਹੇ ਭਾਰਤੀ ਆਪਣਿਆਂ ਨਾਲ ਹੀ ਜਾਤ ਭੇਦ-ਭਾਵ ਅੱਜ ਵੀ ਕਰ ਰਹੇ ਹਨ। ਮੈਨੂੰ ਯਾਦ ਹੈ ਕਿ ਅਸੀਂ 'ਕੌਮੀ ਉਡਾਰੀਆਂ' ਮੈਗਜ਼ੀਨ (ਪੰਜਾਬੀ, ਹਿੰਦੀ, ਅੰਗਰੇਜ਼ੀ 'ਚ ਪ੍ਰਕਾਸ਼ਿਤ) ਦੇ ਅਪ੍ਰੈਲ 1987 ਦੇ ਅੰਕ ਵਿਚ "ਸੱਚ ਕਹਾਂ ਤਾਂ ਭਾਂਬੜ ਮਚਦਾ ਏ.." ਸੰਪਾਦਕੀ ਸੰਤੋਸ਼ ਚੁੰਬਰ ਵੱਲੋਂ ਜ਼ਿਕਰ ਕੀਤਾ ਸੀ ਕਿ ਹੁਣ ਊਚ-ਨੀਚ ਦਾ ਪਾੜਾ ਦਫਨਾ ਦੇਣਾ ਚਾਹੀਦਾ ਹੈ। ਇਹ ਅਖੌਤੀ ਉਚ ਜਾਤੀ ਲੋਕਾਂ ਨੇ ਹੀ ਜਾਤਾਂ ਬਣਾਈਆਂ ਤੇ ਉਹ ਹੀ ਪਹਿਲਕਦਮੀ ਕਰਕੇ ਇਸ ਨੂੰ ਖਤਮ ਕਰ ਦੇਣ ਤਾਂ ਕਿ ਸਭ ਲੋਕ ਪ੍ਰੇਮ-ਪਿਆਰ, ਸਤਿਕਾਰ ਨਾਲ ਆਪਣਾ ਜੀਵਨ ਸੁਖਾਲਾ ਬਤੀਤ ਕਰ ਸਕਣ ਅਤੇ ਉਹਨਾਂ ਗੁਰੂ ਸਾਹਿਬਾਨ, ਸੰਤ ਮਹਾਤਮਾਂ, ਮਹਾਂਪੁਰਸ਼ਾ, ਸਾਮਕਾਲੀ ਰਹਿਬਰਾਂ ਦੀ ਸੋਚ ਬਹਾਲ ਹੋ ਸਕੇ, ਜਿਹਨਾਂ ਨੇ ਮਨੁੱਖਤਾ ਦੀ ਭਲਾਈ ਲਈ ਸਾਰੀ ਜ਼ਿੰਦਗੀ ਲਗਾ ਦਿੱਤੀ।

ਪ੍ਰੰਤੂ ਇਸ ਨੂੰ ਠੱਲ੍ਹ ਨਹੀਂ ਪੈਂਦੀ ਨਜ਼ਰ ਆ ਰਹੀ। ਪ੍ਰਮਾਤਮਾ ਤੋਂ ਬਾਅਦ ਡਾਕਟਰ ਦੂਜਾ ਰੂਪ ਮੰਨਿਆ ਜਾਂਦਾ ਹੈ ਪਰ ਬੀਤੇ ਦਿਨੀਂ, ਉਹ ਵੀ ਇਕ ਲੜਕੀ ਡਾਕਟਰ ਪੰਪੋਸ਼ ਜੋ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ, ਵੱਲਾ (ਅੰਮ੍ਰਿਤਸਰ) ਵਿਖੇ (ਆ ਰਹੀਆਂ ਰਿਪੋਰਟਾਂ ਅਨੁਸਾਰ) ਜਾਤ-ਪਾਤ ਦੀਆਂ ਘਿਨੌਣੀਆਂ ਹਰਕਤਾਂ ਨੂੰ ਸਹਿਣ ਨਾ ਕਰਦਿਆਂ ਦੁਖੀ ਹੋ ਕੇ ਆਤਮਦਾਹ ਕਰ ਲਿਆ। ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਡਾਕਟਰ ਲੜਕੀ ਨੂੰ ਵੀ ਸਦੀਆਂ ਪੁਰਾਣੀ ਮਨੂੰਵਾਦੀ ਸੋਚ ਨੂੰ ਨਾ ਸਹਿਣ ਕਰਦਿਆਂ ਆਪਣੀ ਜੀਵਨ ਲੀਲਾ ਖਤਮ ਕਰਨ ਲਈ ਮਜਬੂਰ ਕਰ ਦਿੱਤਾ ਗਿਆ। ਬਹੁਤ ਹੀ ਦੁਖਦਾਈ ਘਟਨਾ ਹੈ। ਦੁਖੀ ਪਰਿਵਾਰ ਜੋ ਗਰੀਬ ਪਰਿਵਾਰ ਹੈ, ਕਿੰਨੀਆਂ ਮੁਸ਼ਕਿਲਾਂ ਨਾਲ ਬੱਚੀ ਨੂੰ ਪੜ੍ਹਾਇਆ ਤੇ ਡਾਕਟਰੀ ਪੜ੍ਹਾਈ ਲਈ ਉਤਸ਼ਾਹਿਤ ਕੀਤਾ ਤੇ ਹੁਸ਼ਿਆਰ ਬੱਚੀ ਹੁਣ ਡਾਕਟਰੀ ਮੁਕੰਮਲ ਕਰ ਲੈਣ ਵਾਲੀ ਸੀ, ਨੂੰ ਸਦੀਆਂ ਪੁਰਾਣੀ ਸੋਚ ਰੱਖਣ ਵਾਲੀ ਭੈੜੀ ਮਾਨਸਿਕਤਾ ਵਾਲੇ ਦਰਿੰਦਿਆਂ ਨੇ ਡਾਕਟਰੀ ਦੀ ਵਿਦਿਆਰਥਣ ਪੰਪੋਸ਼ ਨੂੰ ਆਤਮਦਾਹ ਕਰਨ ਲਈ ਮਜਬੂਰ ਕਰ ਦੇਣ। ਬਹੁਤ ਹੀ ਅਤੀ ਨਿੰਦਣਯੋਗ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜਿੰਨੀ ਜਲਦੀ ਹੋ ਸਕੇ, ਦੁਖੀ ਪਰਿਵਾਰ ਦੀ ਹੋਣਹਾਰ ਡਾਕਟਰ ਬੇਟੀ ਪੰਪੋਸ਼ ਦੇ ਦੋਸ਼ੀਆਂ ਨੂੰ ਫੜਿਆ ਜਾਵੇ ਤੇ ਬਣਦੀ ਕਾਨੂੰਨੀ ਸਜ਼ਾ ਦੇ ਕੇ ਦੁਖੀ ਪਰਿਵਾਰ ਨੂੰ ਯਕੀਨ ਦਿਵਾਇਆ ਜਾਵੇ ਕਿ ਉਨ੍ਹਾਂ ਨਾਲ ਪੂਰਾ ਇਨਸਾਫ ਕੀਤਾ ਗਿਆ। ਪਰ ਇੱਥੇ ਕਹਿਣਾ ਬਣਦਾ ਹੈ ਕਿ ਦੁਖੀ ਪਰਿਵਾਰ ਦੀ ਹੋਣਹਾਰ ਡਾਕਟਰ ਧੀ ਦਾ ਚਲੇ ਜਾਣਾ, ਕੋਈ ਘਾਟਾ ਪੂਰਾ ਨਹੀਂ ਕਰ ਸਕਦਾ ਹੈ ਪਰ ਸਰਕਾਰ ਅਜਿਹੇ ਇੰਤਜ਼ਾਮ ਕਰੇ, ਕਾਨੂੰਨ ਦਾ ਡਰ ਨਜ਼ਰ ਆਵੇ, ਕੋਈ ਅੱਗੇ ਤੋਂ ਅਜਿਹੇ ਭੇਦਭਾਵ ਕਰਕੇ ਕਿਸੇ ਹੋਰ ਨੂੰ ਆਤਮਦਾਹ ਕਰਨ ਲਈ ਮਜਬੂਰ ਨਾ ਕਰੇ। ਵੈਸੇ ਅਜਿਹੀ ਘਟਨਾ ਪਹਿਲਾਂ ਵੀ ਵਾਪਰ ਚੁੱਕੀ ਹੈ। 36 ਸਾਲ ਪਹਿਲਾਂ ਵੀ 13 ਮਾਰਚ 1987 ਨੂੰ ਵਾਪਰੀ ਸੀ, ਜਦੋਂ ਐਮ. ਬੀ. ਬੀ. ਐਸ. ਫਾਈਨਲ ਕਲਾਸ ਦੇ ਵਿਦਿਆਰਥੀ ਪ੍ਰਦੀਪ ਕੁਮਾਰ ਨੂੰ ਸਵੇਰੇ-ਸਵੇਰੇ ਗੋਲੀ ਮਾਰ ਦਿੱਤੀ ਗਈ ਸੀ। ਦੱਸਿਆ ਜਾਂਦਾ ਹੈ ਕਿ ਉਸ ਨਾਲ ਵੀ ਜਾਤੀ-ਪਾਤੀ ਦਰਿੰਦਿਆਂ ਨੇ ਕਾਰਾ ਕੀਤਾ ਸੀ ਤੇ ਉਹ ਵੀ ਜਲੰਧਰ ਤੋਂ ਸੀ।

ਅਖੀਰ 'ਚ ਜ਼ਿਕਰ ਕੀਤੇ ਬਿਨਾਂ ਰਿਹਾ ਨਹੀਂ ਜਾ ਸਕਦਾ ਕਿ ਡਾਕਟਰ ਅੰਬੇਦਕਰ ਅਨੁਸਾਰ ਭੇਦਭਾਵ ਅਤੇ ਵੱਖਰਾਪਣ ਦੂਰ ਕਰਨਾ ਚਾਹੀਦਾ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਉਹ ਲੋਕ ਜੋ ਇਸ ਭੇਦਭਾਵ ਦੇ ਸ਼ਿਕਾਰ ਹਨ, ਉਹ ਰਾਜਨੀਤਿਕ ਲੋਕਤੰਤਰ ਦੀਆਂ ਧੱਜੀਆਂ ਉਡਾ ਦੇਣਗੇ। **– ਡਾ. ਅੰਬੇਦਕਰ**


ਇਸੇ ਤਰ੍ਹਾਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਨੁਸਾਰ ਕ੍ਰਾਂਤੀ ਤੋਂ ਸਾਡਾ ਭਾਵ ਬੇਇਨਸਾਫੀ 'ਤੇ ਆਧਾਰਿਤ ਵਰਤਮਾਨ ਵਿਵਸਥਾ ਵਿਚ ਤਬਦੀਲੀ ਆਉਣੀ ਚਾਹੀਦੀ ਹੈ। **– ਸ. ਭਗਤ ਸਿੰਘ**

# 'ਅਸਲੀ ਗੁਲਾਮੋਂ ਤੁਸੀਂ ਵੀ ਮੰਨ ਲਵੋ ਕਿ ਅਸੀਂ ਗੁਲਾਮ ਹਾਂ ਅਤੇ ਗੁਲਾਮੀ ਤੋਂ ਛੁਟਕਾਰਾ ਚਾਹੁੰਦੇ ਹਾਂ'

ਗੁਲਾਮ ਉਹਨਾਂ ਨੂੰ ਕਿਹਾ ਜਾਂਦਾ ਹੈ ਜਿੰਨ੍ਹਾਂ ਦੇ ਧੀਆਂ ਪੁੱਤਰ ਰੋਜ਼ ਬੇਮੌਤੇ ਮਰਦੇ ਰਹਿੰਦੇ ਹੋਣ ਅਤੇ ਉਨ੍ਹਾਂ ਦੇ ਦੁੱਖ ਸੁਣਨ ਵਾਲਾ ਵੀ ਕੋਈ ਨਾ ਹੋਵੇ। ਕਦੇ ਰੋਹਿਤ ਵੇਮੁੱਲਾ, ਡਾਕਟਰ ਪਾਇਲ ਤਾੜਵੀ, ਡਾਕਟਰ ਪ੍ਰਿਯਾ ਤੋਂ ਲੈ ਕੇ ਡਾਕਟਰ ਪੰਪੋਸ਼ ਤੱਕ ਦੀ ਲੜੀ ਦੇਖੀਏ ਤਾਂ ਇਹ ਸਭ ਸਾਡੇ ਹੋਣਹਾਰ ਬੱਚੇ ਸਨ ਜਿਹੜੇ ਸਮਾਜ ਅਤੇ ਦੇਸ਼ ਨੂੰ ਬਦਲਣ ਦੀ ਯੋਗਤਾ ਰੱਖਦੇ ਸਨ ਪਰ ਉਹਨਾਂ ਨੂੰ ਜਾਤੀਵਾਦ ਨੇ ਸਮੇਂ ਤੋਂ ਪਹਿਲਾਂ ਹੀ ਸਾਥੋਂ ਖੋਹ ਲਿਆ। ਕਿਸੇ ਨੇ ਸਹੀ ਕਿਹਾ ਹੈ ਕਿ ਜਿਹੜੇ ਲੋਕ ਆਪਣੇ ਅਧਿਕਾਰਾਂ ਖਾਤਰ ਆਵਾਜ਼ ਨਹੀਂ ਉਠਾਉਂਦੇ ਉਹ ਆਪਣੇ ਬੱਚਿਆਂ ਦੀਆਂ ਲਾਸ਼ਾਂ ਉਠਾਉਂਦੇ ਰਹਿੰਦੇ ਹਨ। ਸਾਡੇ ਨਾਲ ਇਹੋ ਕੁੱਝ ਵਾਪਰ ਰਿਹਾ ਹੈ।

ਜਿਹੜੇ ਲੋਕ ਹਰ ਰੋਜ਼ ਆਪਣੀ ਗੁਲਾਮੀ ਦੇ ਰੋਣੇ ਰੋਂਦੇ ਰਹਿੰਦੇ ਹਨ ਅਕਸਰ ਉਹਨਾਂ ਵਿੱਚੋਂ ਹੀ ਕੁਛ ਲੋਕ ਇਹੋ ਜਿਹੇ ਹਾਦਸਿਆਂ ਦੇ ਜ਼ਿੰਮੇਵਾਰ ਹੁੰਦੇ ਹਨ। ਗੁਲਾਮੀ ਦੇ ਰੋਣੇ ਰੋਣ ਵਾਲਿਆਂ ਨੂੰ ਇਹੋ ਜਿਹੇ ਲੋਕ ਕਦੇ ਦਿਖਾਈ ਨਹੀਂ ਦਿੰਦੇ। ਇਸਦਾ ਮਤਲਬ ਇਹ ਹੀ ਨਿੱਕਲਦਾ ਹੈ ਕਿ ਉਹ ਲੋਕ ਆਪਣੇ ਅਧਿਕਾਰਾਂ ਨੂੰ ਬਚਾਈ ਰੱਖਣ ਲਈ ਸਾਡੇ ਸਮਾਜ ਦਾ ਇਸਤੇਮਾਲ ਕਰਦੇ ਹਨ ਅਤੇ ਬਾਅਦ ਵਿੱਚ ਸਾਡੇ ਸਮਾਜ ਨੂੰ ਭੁੱਲ ਜਾਂਦੇ ਹਨ। ਜਾਂ ਇਹ ਕਿਹਾ ਜਾ ਸਕਦਾ ਹੈ ਕਿ ਸਾਨੂੰ ਵਰਤ ਕੇ ਸੁੱਟ ਦਿੰਦੇ ਹਨ। ਬਾਬਰੀ ਮਸਜਿਦ ਗਿਰਾਉਣ ਲਈ ਸਾਡੇ ਸਮਾਜ ਦੀ ਵਰਤੋਂ ਹੋਈ, ਖਾਲਿਸਤਾਨ ਦੀ ਲਹਿਰ ਵਿੱਚ ਵੀ ਸਾਡੇ ਸਮਾਜ ਦੀ ਵਰਤੋਂ ਹੋਈ, ਕਿਸਾਨ ਅੰਦੋਲਨ ਵਿੱਚ ਵੀ ਸਾਡੇ ਸਮਾਜ ਦੀ ਵਰਤੋਂ ਹੋਈ। ਪਰ ਬਾਅਦ ਵਿੱਚ ਸਭ ਨੇ ਸਾਡੇ ਸਮਾਜ ਨੂੰ ਪੁੱਛਿਆ ਹੀ ਨਹੀਂ। ਸਾਡਾ ਸਮਾਜ ਵੀ ਕਿੰਨਾ ਭੋਲ਼ਾ ਹੈ। ਕੋਈ ਥੋੜ੍ਹਾ ਜਿਹਾ ਪਿਆਰ ਨਾ਼ਲ ਬੁਲਾ ਕੇ ਕਿਸੇ ਵੀ ਅੰਦੋਲਨ ਵਿੱਚ ਸਹਿਯੋਗ ਕਰਨ ਲਈ ਸੱਦਾ ਪੱਤਰ ਦੇ ਦੇਵੇ ਤਾਂ ਸਾਡਾ ਸਮਾਜ ਮੂਹਰੇ ਹੋ ਕੇ ਕੁਰਬਾਨੀਆਂ ਕਰਨ ਲਈ ਵੀ ਝੱਟ ਤਿਆਰ ਹੋ ਜਾਂਦਾ ਹੈ। ਪਤਾ ਨਹੀਂ ਅਸੀਂ ਕਦੋਂ ਸਮਝਾਂਗੇ ਅਤੇ ਆਪਣੇ ਅਧਿਕਾਰਾਂ ਦੀ ਰਾਖੀ ਕਰਨ ਲਈ ਇੱਕਮੁੱਠ ਹੋਵਾਂਗੇ। ਜਿੰਨੀਂ ਛੇਤੀ ਅਸੀਂ ਆਪਣੀ ਅਕਲ ਦੀ ਵਰਤੋਂ ਕਰਨ ਲੱਗ ਜਾਵਾਂਗੇ ਓਨਾ ਹੀ ਵਧੀਆ ਹੈ ਕਿਉਂਕਿ ਆਰ ਐਸ ਐਸ ਤਾਂ ਸਾਨੂੰ ਮਿਲੇ ਹੋਏ ਅਧਿਕਾਰਾਂ ਨੂੰ ਖਤਮ ਕਰਨ ਲਈ ਹਿੰਦੂ ਰਾਸ਼ਟਰ ਬਣਾਉਣ ਦੇ ਨਾਅਰੇ ਲਾ ਰਹੀ ਹੈ। ਖਾਲਿਸਤਾਨ ਬਣਾਉਣ ਦੀਆਂ ਗੱਲਾਂ ਕਰਨ ਵਾਲੇ ਵੀ ਕਿਸੇ ਪੱਖੋਂ ਇਮਾਨਦਾਰ ਨਹੀਂ ਦਿਖਦੇ।

ਜਿਹੜੇ ਅੱਜ ਖੁਦ ਨੂੰ ਗੁਲਾਮ ਕਹਾਉਂਦੇ ਹੋਏ ਸਾਨੂੰ ਇਨਸਾਨ ਮੰਨਣ ਨੂੰ ਤਿਆਰ ਨਹੀਂ ਉਹ ਲੋਕ ਆਜ਼ਾਦ ਹੋ ਕੇ ਵੱਖਰੇ ਦੇਸ਼ ਦੇ ਹਾਕਮ ਬਣਨ ਪਿੱਛੋਂ ਸਾਡੇ ਨਾਲ ਕਿਵੇਂ ਭਲੀ ਗੁਜਾਰਨਗੇ? ਆਖਰ ਜਾਤੀ ਮਾਨਸਿਕਤਾ ਤਾਂ ਉਹੀ ਰਹਿਣੀ ਹੈ। ਜੇ ਅੱਜ ਗੁਲਾਮ ਕਹਾਉਂਦੇ ਹੋਏ ਵੀ ਉਹ ਆਪਣੀ ਜਾਤੀਵਾਦੀ ਮਾਨਸਿਕਤਾ ਨੂੰ ਲਗਾਮ ਨਹੀਂ ਲਗਾ ਸਕਦੇ ਤਾਂ ਬਾਅਦ ਵਿੱਚ ਤਾਂ ਸਗੋਂ ਹੋਰ ਖੁੱਲ੍ਹ ਮਿਲ ਜਾਵੇਗੀ।




ਮੈਂ ਆਪਣੇ ਸਮਾਜ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਦੇਸ਼ ਸਾਡਾ ਹੈ। ਇੱਥੋਂ ਦਾ ਸੰਵਿਧਾਨ ਸਾਡੇ ਪੁਰਖੇ ਦਾ ਲਿਖਿਆ ਹੋਇਆ ਹੈ। ਇਸ ਲਈ ਅਸੀਂ ਇਸ ਸੰਵਿਧਾਨ ਨੂੰ ਲਾਗੁ ਕਰਵਾਉਣ ਵੱਲ ਧਿਆਨ ਦੇਈਏ। ਹੋਰਾਂ ਦੀਆਂ ਖੁਰਲੀਆਂ ਸਾਫ ਕਰਦਿਆਂ ਨੂੰ ਤਾਂ ਲੰਬਾ ਸਮਾਂ ਹੋ ਗਿਆ ਹੈ। ਸਦੀਆਂ ਹੀ ਬੀਤ ਗਈਆਂ ਹਨ ਗੁਲਾਮੀ ਕਰਦਿਆਂ ਨੂੰ। ਹੁਣ ਤਾਂ ਅਕਲ ਨੂੰ ਹੱਥ ਮਾਰਨ ਦੀ ਲੋੜ ਹੈ। ਅਕਲ ਤਾਂ ਸਾਡੇ ਕੋਲ ਵੀ ਓਨੀ ਹੀ ਹੈ ਜਿੰਨੀ ਕਿਸੇ ਹੋਰ ਕੋਲ ਹੁੰਦੀ ਹੈ। ਬਸ ਅਸੀਂ ਅਕਸਰ ਅਕਲ ਨੂੰ ਵਰਤਣਾ ਭੁੱਲ ਗਏ ਹਾਂ। ਜਦੋਂ ਵੀ ਅਸੀਂ ਅਕਲ ਵਰਤੀ ਹੈ ਤਾਂ ਅਸੀਂ ਦਿਖਾਇਆ ਵੀ ਹੈ ਕਿ ਅਸੀਂ ਕਿਸੇ ਤੋਂ ਘੱਟ ਨਹੀਂ ਹਾਂ। ਜੇ ਏਕਲਵਿਆ ਕਿਸੇ ਪੱਖੋਂ ਕਮਜ਼ੋਰ ਹੁੰਦਾ ਤਾਂ ਦੁਸ਼ਟ ਦਰੋਣਾਚਾਰੀਆ ਨੂੰ ਉਸਦਾ ਅੰਗੂਠਾ ਵੱਢਣ ਦੀ ਲੋੜ ਨਾ ਪੈਂਦੀ। ਜੇ ਬਿਨਾਂ ਬਾਪ ਦੀ ਧੀ ਡਾਕਟਰ ਪੰਪੋਸ਼ ਦਿਮਾਗ ਪੱਖੋਂ ਕਮਜ਼ੋਰ ਹੁੰਦੀ ਤਾਂ ਉਸਨੂੰ ਦੁਸ਼ਟਾਂ ਵੱਲੋਂ ਮਾਰਿਆ ਨਾ ਗਿਆ ਹੁੰਦਾ। ਇਸ ਲਈ ਸ਼ਰੀਫ਼ ਗੁਲਾਮ ਬਣਕੇ ਰਹਿਣ ਦੀ ਬਜਾਏ ਸਾਨੂੰ ਇੱਕਜੁਟ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਆਪਣੇ ਨੌਜਵਾਨ ਅਤੇ ਹੁਸ਼ਿਆਰ ਬੱਚਿਆਂ ਨੂੰ ਮਰਨ ਤੋਂ ਬਚਾਅ ਸਕੀਏ।

ਸਾਹਿਬ ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ ਕਿ ਤੁਹਾਡੇ ਉੱਪਰ ਅੱਤਿਆਚਾਰ ਹੋਵੇਗਾ। ਤੁਸੀਂ ਚੀਕੋਂਗੇ, ਕੈਂਡਲ ਮਾਰਚ ਕਰੋਂਗੇ, ਛੋਟੇ ਛੋਟੇ ਸਮੂਹਾਂ ਰਾਹੀਂ ਧਰਨੇ ਪ੍ਰਦਰਸ਼ਨ ਕਰੋਂਗੇ। ਤੁਸੀਂ ਜੋਰ ਲਾ ਕੇ ਵੱਧ ਤੋਂ ਵੱਧ ਐਫ ਆਈ ਆਰ ਦਰਜ ਕਰਵਾ ਦਿਉਗੇ। ਫਿਰ ਕਿਹੜਾ ਤੁਹਾਨੂੰ ਇਨਸਾਫ਼ ਮਿਲ ਜਾਵੇਗਾ? ਮਸਲਾ ਤਾਂ ਇਹ ਹੈ ਕਿ ਅੱਤਿਆਚਾਰ ਹੁੰਦਾ ਹੀ ਕਿਉਂ ਹੈ?

ਆਉ ਆਪਾਂ ਇੱਕਜੁੱਟ ਹੋ ਕੇ ਆਪਣੇ ਏਕੇ ਦਾ ਸਬੂਤ ਦੇਈਏ ਅਤੇ ਇਕੱਲੇ ਪੰਜਾਬ ਤੱਕ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ ਸਾਡੇ ਅੰਦੋਲਨ ਦੀ ਗੱਲ ਪਹੁੰਚਾਈਏ। ਇਹ ਦੱਸਣਾ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਗੁਲਾਮ ਹਾਂ ਅਤੇ ਗੁਲਾਮੀ ਤੋਂ ਛੁਟਕਾਰੇ ਦਾ ਰਾਹ ਜਾਤੀਆਂ ਵਿੱਚ ਟੁੱਟੇ ਹੋਏ ਸਮਾਜ ਨੂੰ ਇੱਕਜੁੱਟ ਕਰਨਾ ਹੈ। ਪੜ੍ਹੇ ਲਿਖੇ ਅਤੇ ਨੌਕਰੀ ਪੇਸ਼ਾ ਲੋਕ ਜੇ ਐਤਵਾਰ ਦਾ ਦਿਨ ਆਪਣੇ ਸਮਾਜ ਨੂੰ ਜਾਗਰੂਕ ਕਰਨ ਲਈ ਕੱਢਣ ਲੱਗ ਜਾਣ ਤਾਂ ਨਤੀਜੇ ਵਧੀਆ ਆ ਸਕਦੇ ਹਨ। ਡੇਰਿਆਂ ਦੇ ਅੱਗੇ ਸੋਟੀ ਫੜ ਕੇ ਖੜ੍ਹਨ ਨਾਲ ਸਮਾਜ ਗੁਲਾਮੀ ਤੋਂ ਮੁਕਤ ਨਹੀਂ ਹੋਣਾ। ਲੋਕਾਂ ਵਿੱਚ ਚੇਤਨਾ ਭਰਨ ਨਾਲ ਹੀ ਮੁਕਤ ਹੋਣਾ ਹੈ। ਜਦੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਪੰਜਾਬ ਆਏ ਸਨ ਤਾਂ ਇੱਕ ਡੇਰੇਦਾਰ ਬਾਬੇ ਨੇ ਉਨ੍ਹਾਂ ਨੂੰ ਭਗਤੀ ਬਾਰੇ ਸਵਾਲ ਕੀਤਾ ਸੀ। ਬਾਬਾ ਸਾਹਿਬ ਦਾ ਜਵਾਬ ਸੀ ਕਿ ਗੁਲਾਮੀ ਦੀਆਂ ਬੇੜੀਆਂ ਤੋੜਨਾ ਹੀ ਸਭ ਤੋਂ ਵੱਡੀ ਭਗਤੀ ਹੈ। ਇਸ ਲਈ ਪੜ੍ਹੇ ਲਿਖੇ ਲੋਕ ਜੇ ਇਸ ਕੰਮ ਵਿੱਚ ਜੁਟ ਜਾਣ ਤਾਂ ਨਰਕ ਨੂੰ ਖਤਮ ਕੀਤਾ ਜਾ ਸਕਦਾ ਹੈ।

# ਬਹੁਜਨ ਸਮਾਜ ਦੇ ਮਸੀਹਾ ਸਾਹਿਬ ਕਾਂਸੀ ਰਾਮ ਜੀ

**ਚਮਨ ਲਾਲ ਚਣਕੋਆ**

ਸਮਾਜਿਕ ਕ੍ਰਾਂਤੀ ਦੇ ਮਹਾਂ ਨਾਇਕ ਸਾਹਿਬ ਸ੍ਰੀ ਕਾਂਸੀ ਰਾਮ ਜੀ ਨੂੰ ਉਨ੍ਹਾਂ ਦੇ, 89 ਵੇ ਜਨਮ ਦਿਵਸ (15 ਮਾਰਚ 2023) ਤੇ ਬਹੁਜਨ ਸਮਾਜ ਦਾ ਕੋਟਿ ਕੋਟਿ ਨਮਨ॥

ਸਾਹਿਬ ਕਾਂਸੀ ਰਾਮ ਦਾ ਜਨਮ ਪੰਜਾਬ ਦੇ ਰੂਪਨਗਰ ਦੇ ਖਵਾਸਪੁਰ ਪਿੰਡ ਵਿੱਚ 15 ਮਾਰਚ 1934 ਨੂੰ ਹੋਇਆ ਸੀ। ਪੜਾਈ ਤੋਂ ਬਾਅਦ ਪੂਨਾ ਮਹਾਰਾਸ਼ਟਰ ਵਿੱਚ ਸਰਕਾਰੀ ਨੌਕਰੀ ਵੀ ਕੀਤੀ ਪਰੰਤੂ ਸਮਾਜਿਕ ਕੰਮਾਂ ਵਿੱਚ ਰੁਝੇ ਰਹਿਣ ਦੇ ਕਾਰਣ ਉਨ੍ਹਾਂ ਨੇ 1964 ਵਿੱਚ ਨੋਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਆਪਣਾ ਸੰਪੂਰਣ ਜੀਵਨ ਬਹੁਜਨ ਸਮਾਜ ਨੂੰ ਸਮਰਪਿਤ ਕਰ ਦਿੱਤਾ। ਸਾਹਿਬ ਜੀ ਕਹਿੰਦੇ ਸਨ ਹਾਜਰਾ ਸਾਲ ਤੋਂ ਸਾਨੂੰ ਗੁੰਮਰਾਹ ਕਰਕੇ ਰੱਖਣਾ ਇਹ ਪੁਰਾਣੀ ਰੀਤ ਹੈ ਅਤੇ ਦੁੱਖ ਦੀ ਗੱਲ ਹੈ ਅਸੀਂ ਇਸ ਸਾਜਿਸ਼ ਦਾ ਹਾਜਰਾਂ ਸਾਲ ਸ਼ਿਕਾਰ ਰਹੇ ਹਾਂ। ਗੁੰਮਰਾਹ ਕਰਨਾ ਉਨ੍ਹਾਂ ਦਾ ਕੰਮ ਹੈ ਅਗਰ ਉਹ ਸਾਨੂੰ ਗੁੰਮਰਾਹ ਕਰਦੇ ਹਨ ਤਾਂ ਬੁਰਾ ਕੰਮ ਨਹੀਂ ਕਰ ਰਹੇ ਹਨ। ਸਾਹਿਬ ਕਾਂਸੀ ਜੀ ਕਹਿੰਦੇ ਸਨ ਦੁਸ਼ਮਣ ਕਦੇ ਦੋਸਤੀ ਨਹੀਂ ਕਰਦਾ। ਦੁਸ਼ਮਣ ਨੇ ਆਪਣਾ ਕੰਮ ਕਰਨਾ ਹੈ ਅਸੀਂ ਆਪਣਾ। ਰਿਜ਼ਰਵੇਸ਼ਨ ਸਾਡਾ ਮਾਨਵੀ ਅਧਿਕਾਰ ਹੈ। ਸਾਡੇ ਲਈ ਰਿਜ਼ਰਵੇਸ਼ਨ ਨੋਕਰੀਆਂ ਦਾ ਮਾਮਲਾ ਨਹੀਂ ਹੈ ਬਲਿਕ ਮਾਮਲਾ ਹਿੱਸੇਦਾਰੀ ਦਾ ਹੈ। ਬਹੁਜਨ ਮੁਕਤੀ ਸੰਘਰਸ਼ ਦੇ ਬਾਰੇ ਸਾਹਿਬ ਕਾਂਸੀ ਜੀ ਕਹਿੰਦੇ ਸਨ ਤੁਸੀਂ ਸਦਾ ਯਾਦ ਰੱਖਣਾ ਹੈ ਕਿ ਆਪਣਾ ਸੰਘਰਸ਼ ਸਧਾਰਨ ਸੰਘਰਸ਼ ਨਹੀਂ ਹੈ ਇਹ ਮੁਕਤੀ ਦਾ ਸੰਘਰਸ਼ ਹੈ। ਆਪ ਬੰਧੂਆ ਮਜਦੂਰ ਹੀ ਨਹੀਂ ਬਲਕਿ ਬੰਧੂਆ ਲੋਕ ਵੀ ਹਨ। ਭੂਤ ਕਾਲ ਵਿੱਚ ਮਨੂ ਦੇ ਦੁਆਰਾ ਆਪ ਦੇ ਲਈ ਭਿੰਨ ਭਿੰਨ ਕਾਨੂੰਨ ਬਣਾਈ ਗਏ ਸਨ। ਅੱਜ ਉਹ ਕਾਨੂੰਨ ਭਿੰਨ ਤਰੀਕੇ ਨਾਲ ਲਾਗੂ ਕੀਤੇ ਜਾ ਰਹੇ ਹਨ। ਇਸ ਨੂੰ ਤੋੜਨ ਹਿੱਤੂ ਇਸ ਨੂੰ ਤੋੜਨ ਹਿੱਤੂ ਆਏ ਲੰਬਾ ਤੋਂ ਲੰਬੇ ਸੰਘਰਸ਼ ਲਈ ਅਤੇ ਵੱਡੇ ਤੋ ਵੱਡੇ ਤਿਆਗ ਲਈ ਤਿਆਰ ਰਹੋ। ਇਹ ਵੀ ਦੇਖਣਾ ਹੈ ਕਿ ਸਾਡਾ ਤਿਆਗ ਵਿਅਰਥ ਨਹੀਂ ਜਾਣਾ ਚਾਹੀਦਾ। ਸਾਡੇ ਸੰਘਰਸ਼ ਦਾ ਨਤੀਜਾ ਅਜ਼ਾਦੀ ਹੋਣਾ ਚਾਹੀਦਾ ਹੈ। ਸਾਹਿਬ ਕਾਂਸੀ ਰਾਮ ਹਮੇਸ਼ਾ ਕਹਿੰਦੇ ਸਨ ਮੈਨੂੰ ਤੇਜ ਰਫਤਾਰ ਨਾਲ ਚੱਲਣ ਵਾਲੇ ਕਾਰਜਕਰਤਾ ਚਾਹੀਦੇ ਹਨ। ਮੈਨੂੰ ਧੀਮੀ ਗਤੀ ਨਾਲ ਚੱਲਣ ਵਲਿਆ ਨਾਲ ਬਹੁਤ ਨਫਰਤ ਹੁੰਦੀ ਹੈ। ਮੈ ਤਾਂ ਤੇਜ ਚੱਲਣ ਵਾਲਿਆਂ ਨੂੰ ਹੋਰ ਤੇਜ਼ ਕਰਦਾ ਹੈ ਤਾਂ ਕਿ ਮਨੂੰਵਾਦੀ ਪਾਰਟੀਆਂ ਨੂੰ ਹਰਾ ਕੇ ਬਹੁਜਨ ਸਮਾਜ ਦਾ ਰਾਜ ਲਿਆ ਸਕਾ। ਇਸ ਲਈ ਹੁਣ ਲੋਕਾਂ ਨੂੰ ਦਿਨ ਰਾਤ ਇਕ ਕਰਕੇ ਲੋਕਾਂ ਨੂੰ ਜਾਗਿਰਤ ਕਰਨ ਚਾਹੀਦਾ ਹੈ। ਸਾਹਿਬ ਨੇ ਆਪਣਾ ਘਰ ਬਾਰ ਛੱਡਕੇ ਦਿਨ ਰਾਤ ਭਾਰਤ ਦੇ ਇਕ ਕੋਨੇ ਤੋਂ ਦੂਸਰੇ ਕੋਨੇ ਵਿੱਚ ਘੁੰਮ ਘੁੰਮ ਕੇ ਆਪਣਾ ਖੂਨ ਪਸੀਨਾ ਇਕ ਕੀਤਾ ਸੀ। ਕਿਸਦੇ ਦੇ ਲਈ ? ਬਹੁਜਨ ਸਮਾਜ ਦੀ ਮੁਕਤੀ ਦੇ ਲਈ। ਕਹਿੰਦੇ ਸਾਹਿਬ ਕਾਂਸੀ ਰਾਮ ਜੀ ਬੇਬਾਕੀ ਨਾਲ ਕਹਿੰਦੇ ਸਨ ਰਾਜਨੀਤੀ ਸੱਤਾਂ ਲਈ ਹੁੰਦੀ ਹੈ ਸੱਤਾਂ ਬਿਨਾ ਸੰਘਰਸ਼ ਨਹੀਂ ਮਿਲਦੀ। ਬਹੁਜਨ ਸਮਾਜ ਨੂੰ ਬੰਦੇ ਬਣਨ ਲਈ ਕਹਿੰਦੇ ਸਨ ਤੁਸੀਂ ਬੰਦੇ ਬਣੋ ਉਨ੍ਹਾਂ ਨੂੰ ਮੈ ਬੰਦੇ ਦੇ ਪੁੱਤਰ ਬਣਾ ਦਿਆਂਗਾ। ਆਪ ਕਹਿੰਦੇ ਸਨ ਕਿ ਹੱਕ ਮੁਫ਼ਤ ਵਿਚ ਨਹੀਂ ਮਿਲਦੇ ਹੱਕਾਂ ਲਈ ਲੜਨਾ ਪੈਦਾ ਹੈ। ਆਪ ਕਹਿੰਦੇ ਸਨ ਕਿ ਨਲਾਇਕ ਸਮਾਜ ਕਦੇ ਹੁਕਮਰਾਨ ਸਮਾਜ ਨਹੀਂ ਬਣ ਸਕਦਾ।

ਖੁਦ ਆਪਣੇ ਵਾਰੇ ਕਹਿੰਦੇ ਸਨ ਕਿ ਮੈ ਕੁਝ ਵੀ ਨਹੀਂ ਕਰਦੇ ਆਪਣੇ ਨਲਾਇਕ ਸਮਾਜ ਲਾਇਕ ਬਣਾ ਰਿਹਾ ਹਾਂ। ਸੱਤਾ ਹਾਸਿਲ ਕਰਨ ਲਈ ਆਪ ਕਹਿੰਦੇ ਸਨ ਕਿ ਜਾਤ ਦੇ ਆਧਾਰ ਤੇ ਤੋੜੇ ਲੋਕਾਂ ਨੂੰ ਜੋੜਕੇ ਅਲਪਜਨ ਤੋਂ ਬਹੁਜਨ ਸਮਾਜ ਬਣਾਉਣਾ ਅਤੇ ਬਹੁਜਨ ਸਮਾਜ ਨੂੰ ਇਸ ਦੇਸ਼ ਦਾ ਹੁਕਮਰਾਨ ਸਾਡਾ ਮਕਸਦ ਹੈ। ਜਾਤ ਤੋੜੋ ਸਮਾਜ ਜੋੜੋ ਦੇ ਏਜੰਡੇ ਤੇ ਕੰਮ ਕਰੀਏ ਤਾਂ ਕਿ ਅਸੀਂ ਬਹੁਜਨ ਸਮਾਜ ਭਾਰਤ ਦਾ ਹੁਕਮਰਾਨ ਬਣ ਸਕੇ । ਬਹੁਜਨ ਸਮਾਜ ਦੇ ਲੋਕ 15 ਮਾਰਚ ਨੂੰ ਬਹੁਜਨ ਸਮਾਜ ਦਿਵਸ ਦੇ ਰੂਪ ਵਿੱਚ ਹਰ ਸਾਲ ਮਨਾਉਦੇ ਹਨ। ਸਾਹਿਬ ਦਾ ਅੰਤ ਸੰਦੇਸ਼ ਸੀ ਕਿ ਅਸੀਂ ਬਹੁਜਨ ਸਮਾਜ ਦੇ ਰਾਸਤੇ ਤੇ ਚਲ ਹੁਕਮਰਾਨ ਬਣ ਸਕਦਾ ਹਾਂ ਆਪਣੀ ਹਰ ਮੁਸਕਿਲ ਹੱਲ ਕਰ ਸਕਦੇ ਹਾਂ।ਆਪ ਦੀ ਮੌਤ 9 ਅਕਤੂਬਰ 2006 ਨੂੰ ਹੋ ਗਈ। ਜੈ ਭੀਮ ਜੈ ਜੈ ਕਾਂਸੀ ਰਾਮ ਜੈ ਭਾਰਤ।

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਹਥਿਆਰਾਂ ’ਤੇ ਲਗਾਮ ਕੱਸਣ ਬਾਰੇ ਹੁਕਮ ਜਾਰੀ ਕਰ ਸਕਦੇ ਨੇ ਬਾਇਡਨ

**ਸਾਂ ਡੀਏਗੋ–** ਰਾਸ਼ਟਰਪਤੀ ਜੋਅ ਬਾਇਡਨ ਅਮਰੀਕਾ ’ਚ ਹਥਿਆਰ ਖ਼ਰੀਦਣ ਲਈ ਵਿਅਕਤੀ ਦਾ ਪਿਛੋਕੜ ਜਾਂਚਣ ਬਾਰੇ ਹੁਕਮ ਜਾਰੀ ਕਰ ਸਕਦੇ ਹਨ। ਇਸ ਤਹਿਤ ਬੰਦੂਕ ਖ਼ਰੀਦਣ ਵਾਲੇ ਵਿਅਕਤੀ ਬਾਰੇ ਹੋਰ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਇਸ ਦਾ ਮੰਤਵ ਹਥਿਆਰ ਰੱਖਣ ਨੂੰ ਬਿਹਤਰ ਤੇ ਵੱਧ ਸੁਰੱਖਿਅਤ ਬਣਾਉਣਾ ਹੈ। ਹਥਿਆਰਾਂ ਨਾਲ ਹੁੰਦੀ ਹਿੰਸਾ ਉਤੇ ਲਗਾਮ ਕੱਸਣ ਲਈ ਇਹ ਬਾਇਡਨ ਦਾ ਨਵਾਂ ਯਤਨ ਹੋਵੇਗਾ। ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਨਾਂ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ‘ਐਗਜ਼ੈਕਟਿਵ ਆਰਡਰ’ ਉਤੇ ਵਿਚਾਰ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਜਨਵਰੀ ਵਿਚ ਇਕ ਬੰਦੂਕਧਾਰੀ ਨੇ ਲਾਸ ਏਂਜਲਸ ’ਚ 20 ਲੋਕਾਂ ਨੂੰ



ਗੋਲੀ ਮਾਰ ਦਿੱਤੀ ਸੀ ਜਿਨ੍ਹਾਂ ਵਿਚੋਂ 11 ਦੀ ਮੌਤ ਹੋ ਗਈ ਸੀ। ਬਾਇਡਨ ਲਗਾਤਾਰ ਬੰਦੂਕ ਹਿੰਸਾ ਉਤੇ ਲਗਾਮ ਕੱਸਣ ਦੀ ਗੱਲ ਕਰਦੇ ਰਹੇ ਹਨ ਪਰ ਮੱਧਕਾਲੀ ਚੋਣਾਂ ਵਿਚ ਮਿਲੀ ਹਾਰ ਕਾਰਨ ਉਨ੍ਹਾਂ ਦੀਆਂ ਯੋਜਨਾਵਾਂ ਸਿਰੇ ਨਹੀਂ ਚੜ੍ਹ ਸਕੀਆਂ ਸਨ। ਪਰ 2024 ਦੀਆਂ ਚੋਣਾਂ ਨੇੜੇ ਆਉਣ ਕਾਰਨ ਉਹ ਮੁੜ ਤੋਂ ਕਾਨੂੰਨਾਂ ਵਿਚ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਲੀਫੋਰਨੀਆ ਵਿਚ ਦਿੱਤੇ ਇਕ ਭਾਸ਼ਣ ’ਚ ਵੀ ਬਾਇਡਨ ਨੇ ‘ਅਸਾਲਟ ਹਥਿਆਰਾਂ’ ਉਤੇ ਪਾਬੰਦੀ ਦਾ ਸੱਦਾ ਦਿੱਤਾ ਸੀ। ਦੱਸਣਯੋਗ ਹੈ ਕਿ ਅਮਰੀਕਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਆਮ ਵਾਪਰਦੀਆਂ ਰਹਿੰਦੀਆਂ ਹਨ ਜਿਨ੍ਹਾਂ ਵਿਚ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ।

# ਭਾਰਤ ਨੂੰ ਮਿਲੇ 2 ਆਸਕਰ, ਵਧਾਈਆਂ ਦਾ ਦੌਰ ਜਾਰੀ

**ਨਵੀਂ ਦਿੱਲੀ–** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਸਕਰ 2023 ਵਿਚ ਭਾਰਤੀ ਫਿਲਮਾਂ ਨੂੰ ਸਨਮਾਨ ਮਿਲਣ 'ਤੇ ਵਧਾਈ ਦਿੱਤੀ ਹੈ। ਆਰਆਰਆਰ ਫਿਲਮ ਦੇ ਨਾਟੂ ਨਾਟੂ ਗੀਤ ਨੇ ਬੈਸਟ ਓਰਿਜਨਲ ਸੌਂਗ ਲਈ ਆਸਕਰ ਜਿੱਤਿਆ ਹੈ ਅਤੇ ਭਾਰਤੀ ਫਿਲਮ ਦਿ ਐਲੀਫੈਂਟ ਵਿਸਪਰਸ ਨੇ ਬੈਸਟ ਡਾਕੂਮੈਂਟਰੀ ਸ਼ਾਰਟ ਫਿਲਮ ਦਾ ਆਸਕਰ ਜਿੱਤਿਆ ਹੈ। ਪੀਐਮ ਮੋਦੀ ਨੇ ਟਵੀਟ ਕਰ ਕੇ ਦਿ ਐਲੀਫੈਂਟ ਵਿਸਪਰਸ ਦੀ ਪੂਰੀ ਟੀਮ ਨੂੰ ਇਸ ਸਨਮਾਨ ਲਈ ਵਧਾਈ ਦਿੱਤੀ। ਇੰਨਾ ਹੀ ਨਹੀਂ ਬਾਲੀਵੁੱਡ ਦੇ ਕਈ ਸਿਤਾਰਿਆਂ ਨੇ ਟਵੀਟ ਕਰ ਕੇ ਦੋਵਾਂ ਟੀਮਾਂ ਨੂੰ ਵਧਾਈ ਦਿੱਤੀ ਹੈ।

ਪੀਐਮ ਮੋਦੀ ਨੇ ਆਰਆਰਆਰ ਅਤੇ ਦਿ ਐਲੀਫੈਂਟ ਵਿਸਪਰਸ ਦੀ ਟੀਮ ਨੂੰ ਆਸਕਰ ਜਿੱਤਣ 'ਤੇ ਵਧਾਈ ਦਿੱਤੀ ਹੈ। ਉਨ੍ਹਾਂ ਲਿਖਿਆ ਬੇਮਿਸਾਲ। ਨਾਟੂ-ਨਾਟੂ ਦੀ ਪ੍ਰਸਿੱਧੀ ਵਿਸ਼ਵਵਿਆਪੀ ਹੈ। ਇਹ ਇਕ ਅਜਿਹਾ ਗੀਤ ਹੋਵੇਗਾ ਜੋ ਆਉਣ ਵਾਲੇ ਸਾਲਾਂ ਤਕ ਯਾਦ ਰਹੇਗਾ। ਬਿੱਗ ਬੀ ਨੇ ਆਪਣੇ ਅਧਿਕਾਰਤ ਟਵਿੱਟਰ ਅਕਾਊਂਟ 'ਤੇ ਲਿਖਿਆ ਤੇ 'ਦਿ ਐਲੀਫੈਂਟ ਵਿਸਪਰਸ' ਲਈ ਇਕ ਪੋਸਟ ਸਾਂਝੀ ਕੀਤੀ ਜਿਸ ਵਿੱਚ ਪ੍ਰੋਡਿਊਸਰਜ਼ ਨੂੰ ਆਸਕਰ ਪੁਰਸਕਾਰ ਜਿੱਤਣ ਲਈ ਵਧਾਈ ਦਿੱਤੀ ਗਈ। ਬਿੱਗ ਬੀ ਨੇ ਲਿਖਿਆ ਛੋਟਾ ਹਾਥੀ, ਰਘੂ ਤੇ ਅੰਮੂ ਦੀ ਦਿਲ ਛੂਹ ਲੈਣ ਵਾਲੀ ਕਹਾਣੀ ਦਾ ਟ੍ਰੇਲਰ ਦੇਖਿਆ। ਤੁਹਾਨੂੰ ਅਕਾਦਮੀ ਐਵਾਰਡਜ਼ 'ਚ ਨੌਮੀਨੇਸ਼ਨ ਮਿਲਣ 'ਤੇ ਕਾਫੀ ਮਾਣ ਹੋ ਰਿਹਾ ਹੈ। ਗੁਨੀਤ ਮੋਂਗਾ, ਕਾਰਤਿਕੀ ਗੋਂਸਾਲਵੇਸ ਤੇ ਨੈੱਟਫਲਿਕਸ ਨੂੰ ਵਧਾਈ ਹੋਵੇ। ਆਸਕਰ 'ਚ ਤੁਹਾਡੇ ਸਫਰ ਲਈ ਮੇਰੇ ਵੱਲੋਂ ਢੇਰ ਸਾਰੀਆਂ ਸ਼ੁਭਕਾਮਨਾਵਾਂ।

# ਅਮਰੀਕਾ, ਆਸਟਰੇਲੀਆ ਤੇ ਬਰਤਾਨੀਆ ਵਿਚਾਲੇ ਪਰਮਾਣੂ ਪਣਡੁੱਬੀ ਸਮਝੌਤੇ ਸਬੰਧੀ ਸਹਿਮਤੀ

**ਵਾਸ਼ਿੰਗਟਨ–** ਅਮਰੀਕਾ, ਆਸਟਰੇਲੀਆ ਅਤੇ ਬਰਤਾ-ਨੀਆ ਨੇ ਪਰਮਾਣੂ ਪਣਡੁੱਬੀ ਸਮਝੌਤੇ ’ਤੇ ਸਹਿਮਤੀ ਪ੍ਰਗਟਾਈ ਹੈ ਤਾਂ ਜੋ ਸੋਮਿਆਂ ਨਾਲ ਭਰਪੂਰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਵੱਲੋਂ ਅਪਣਾਏ ਗਏ ਤਲਖ ਰਵੱਈਏ ਨੂੰ ਨਰਮ ਕੀਤਾ ਜਾ ਸਕੇ। ਇਸ ਸਮਝੌਤੇ ਤਹਿਤ ਅਮਰੀਕਾ ਵੱਲੋਂ ਆਸਟਰੇਲੀਆ ਨੂੰ ਤਿੰਨ ਪਰਮਾਣੂ ਸੰਚਾਲਿਤ ਪਣਡੁੱਬੀਆਂ ਮੁਹੱਈਆ ਕਰਵਾਈਆਂ ਜਾਣਗੀਆਂ। ਸੋਮਵਾਰ ਨੂੰ ਸਾਂ ਡੀਏਗੋ ਵਿੱਚ ਹੋਏ ਸਿਖਰ ਸੰਮੇਲਨ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ,



ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਸ਼ਮੂਲੀਅਤ ਕੀਤੀ। ਇਸ ਮਗਰੋਂ ਸਮਝੌਤੇ ’ਤੇ ਸਹਿਮਤੀ ਦਾ ਐਲਾਨ ਕੀਤਾ ਗਿਆ। ਤਿੰਨੋਂ ਹਮਰੁਤਬਾ ਆਗੂਆਂ ਨੇ ਦੁਹਰਾਇਆ ਕਿ ਉਨ੍ਹਾਂ ਦਾ ਮਕਸਦ ਹਿੰਦ-ਪ੍ਰਸ਼ਾਂਤ ਖੇਤਰ ਨੂੰ ‘ਆਜ਼ਾਦ ਤੇ ਖੁੱਲ੍ਹਾ’ ਰੱਖਣਾ ਹੈ। ਬਾਇਡਨ ਨੇ ਦੱਸਿਆ ਕਿ ਕਾਂਗਰਸ ਦੇ ਸਮਰਥਨ ਤੇ ਪ੍ਰਵਾਨਗੀ ਨਾਲ 2030 ਦੀ ਸ਼ੁਰੂਆਤ ਵਿੱਚ ਅਮਰੀਕਾ, ਆਸਟਰੇਲੀਆ ਨੂੰ ਤਿੰਨ ਪਣਡੁੱਬੀਆਂ ਵੇਚੇਗਾ।

# ਹਰਮਨਪ੍ਰੀਤ ਕੌਰ ਨੇ ਤੋੜਿਆ ਧੋਨੀ ਦਾ ਰਿਕਾਰਡ

**ਨਵੀਂ ਦਿੱਲੀ–** ਮੁੰਬਈ ਇੰਡੀਅਨਜ਼ ਦਾ ਮਹਿਲਾ ਪ੍ਰੀਮੀਅਰ ਲੀਗ 'ਚ ਸ਼ਾਨਦਾਰ ਪ੍ਰਦਰਸ਼ਨ ਜਾਰੀ ਹੈ। ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਮੁੰਬਈ ਇੰਡੀਅਨਜ਼ ਨੇ ਮੰਗਲਵਾਰ ਨੂੰ ੱਫ 2023 ਦੇ 12ਵੇਂ ਮੈਚ ਵਿੱਚ ਗੁਜਰਾਤ ਜਾਇੰਟਸ ਨੂੰ 55 ਦੌੜਾਂ ਦੇ ਵੱਡੇ ਫਰਕ ਨਾਲ ਹਰਾਇਆ। ਇਸ ਨਾਲ ਮੁੰਬਈ ਇੰਡੀਅਨਜ਼ ਨੇ ਪਲੇਆਫ 'ਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ।

ਬ੍ਰੇਬੋਰਨ ਸਟੇਡੀਅਮ 'ਚ ਖੇਡੇ ਗਏ ਇਸ ਮੈਚ 'ਚ ਮੁੰਬਈ ਇੰਡੀਅਨਜ਼ ਨੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਸਵੀਕਾਰ ਕਰਦੇ ਹੋਏ ਨਿਰਧਾਰਤ 20 ਓਵਰਾਂ 'ਚ 8 ਵਿਕਟਾਂ ਗੁਆ ਕੇ 162 ਦੌੜਾਂ ਬਣਾਈਆਂ। ਜਵਾਬ 'ਚ ਗੁਜਰਾਤ ਜਾਇੰਟਸ ਦੀ ਟੀਮ 9 ਵਿਕਟਾਂ ਗੁਆ ਕੇ 107 ਦੌੜਾਂ ਹੀ ਬਣਾ ਸਕੀ। ੱਫ 2023 ਵਿੱਚ ਮੁੰਬਈ ਦੀ ਇਹ ਲਗਾਤਾਰ ਪੰਜਵੀਂ ਜਿੱਤ ਸੀ। ਮੁੰਬਈ ਇੰਡੀਅਨਜ਼ ਪਲੇਆਫ 'ਚ ਪਹੁੰਚਣ ਵਾਲੀ ਪਹਿਲੀ ਟੀਮ ਬਣ ਗਈ ਹੈ।



### ਹਰਮਨਪ੍ਰੀਤ ਕੌਰ ਬਣ ਗਈ ਨੰਬਰ-1

ਇਸ ਜਿੱਤ ਨਾਲ ਹਰਮਨਪ੍ਰੀਤ ਕੌਰ ਨੇ ਐੱਮਐੱਸ ਧੋਨੀ ਸਮੇਤ ਕਈ ਦਿੱਗਜ ਭਾਰਤੀ ਕਪਤਾਨਾਂ ਨੂੰ ਪਿੱਛੇ ਛੱਡ ਦਿੱਤਾ ਹੈ। ਹਰਮਨਪ੍ਰੀਤ ਕੌਰ ਕਪਤਾਨ ਵਜੋਂ 5 ਆਈਪੀਐਲ ਜਾਂ ਡਬਲਯੂਪੀਐਲ ਮੈਚਾਂ ਵਿਚ ਸਭ ਤੋਂ ਵੱਧ ਜਿੱਤਾਂ ਨਾਲ ਭਾਰਤੀ ਖਿਡਾਰੀਆਂ ਵਿਚ ਸਿਖਰ 'ਤੇ ਪਹੁੰਚ ਗਈ ਹੈ। ਹਰਮਨਪ੍ਰੀਤ ਕੌਰ ਨੇ ਮੁੰਬਈ ਇੰਡੀਅਨਜ਼ ਨੂੰ ਲਗਾਤਾਰ ਪੰਜ ਜਿੱਤਾਂ ਦਿਵਾਈਆਂ।

ਹਰਮਨਪ੍ਰੀਤ ਤੋਂ ਬਾਅਦ ਮਹਿੰਦਰ ਸਿੰਘ ਧੋਨੀ, ਵਿਰਾਟ ਕੋਹਲੀ, ਰੋਹਿਤ ਸ਼ਰਮਾ, ਗੌਤਮ ਗੰਭੀਰ, ਹਾਰਦਿਕ ਪੰਡਯਾ, ਰਵੀਚੰਦਰਨ ਅਸ਼ਵਿਨ, ਰਿਸ਼ਭ ਪੰਤ ਤੇ ਵਰਿੰਦਰ ਸਹਿਵਾਗ ਸ਼ਾਮਲ ਹਨ। ਇਨ੍ਹਾਂ ਸਾਰੇ ਖਿਡਾਰੀਆਂ ਨੇ ਲਗਾਤਾਰ ਚਾਰ ਮੈਚਾਂ ਵਿੱਚ ਆਪਣੀ-ਆਪਣੀ ਟੀਮ ਨੂੰ ਜਿੱਤ ਦਿਵਾਈ ਹੈ।

### ਮੁੰਬਈ ਇੰਡੀਅਨਜ਼ ਨੇ ਰਚਿਆ ਇਤਿਹਾਸ

ਹਰਮਨਪ੍ਰੀਤ ਕੌਰ ਦੇ ਨਾਲ ਹੀ ਮੁੰਬਈ ਇੰਡੀਅਨਜ਼ ਨੇ ਵੀ ਨਵਾਂ ਰਿਕਾਰਡ ਬਣਾਇਆ ਹੈ। ਮੁੰਬਈ ਇੰਡੀਅਨਜ਼ ਮਹਿਲਾ ਪ੍ਰੀਮੀਅਰ ਲੀਗ ਦੇ ਆਪਣੇ ਪਹਿਲੇ ਪੰਜ ਮੈਚ ਜਿੱਤਣ ਵਾਲੀ ਇਕਲੌਤੀ ਟੀਮ ਬਣ ਗਈ ਹੈ। ਆਈ ਪੀ ਐਲ ਵਿਚ ਵੀ ਕੋਈ ਟੀਮ ਅਜਿਹਾ ਕਾਰਨਾਮਾ ਨਹੀਂ ਕਰ ਸਕੀ ਹੈ। ਮੌਜੂਦਾ ੱਫ ਵਿੱਚ ਮੁੰਬਈ ਇੰਡੀਅਨਜ਼ ਨੇ ਗੁਜਰਾਤ ਨੂੰ 143 ਦੌੜਾਂ ਨਾਲ, ਆਰਸੀਬੀ ਨੂੰ 9 ਵਿਕਟਾਂ ਨਾਲ, ਦਿੱਲੀ ਕੈਪੀਟਲਜ਼ ਨੂੰ 8 ਵਿਕਟਾਂ ਨਾਲ, ਯੂਪੀ ਵਾਰੀਅਰਜ਼ ਨੂੰ 8 ਵਿਕਟਾਂ ਨਾਲ ਅਤੇ ਗੁਜਰਾਤ ਜਾਇੰਟਸ ਨੂੰ 55 ਦੌੜਾਂ ਨਾਲ ਹਰਾਇਆ।






ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਵਿਚ ਤੂਫ਼ਾਨ, ਬਾਰਿਸ਼ ਤੇ ਭਾਰੀ ਬਰਫ਼ਬਾਰੀ, ਰਾਸ਼ਟਰਪਤੀ ਵੱਲੋਂ ਮੱਦਦ ਦਾ ਐਲਾਨ



**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲੀਫੋਰਨੀਆ ਵਿਚ ਆਏ ਤੂਫ਼ਾਨ ਤੋਂ ਬਾਅਦ ਪਈ ਮੋਹਲੇਧਾਰ ਬਾਰਿਸ਼, ਭਾਰੀ ਬਰਫ਼ਬਾਰੀ ਤੇ ਤੇਜ ਹਵਾਵਾਂ ਨੇ ਨੀਵੇਂ ਇਲਾਕਿਆਂ ਵਿਚੋਂ ਲੋਕਾਂ ਨੂੰ ਨਿਕਲਣ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਦਰਮਿਆਨ ਰਾਸ਼ਟਰਪਤੀ ਜੋ ਬਾਈਡਨ ਨੇ ਹਾਲਾਤ ਦੇ ਮੱਦੇਨਜ਼ਰ ਰਾਜ ਲਈ ਸੰਘੀ ਹੰਗਾਮੀ ਸਥਿੱਤੀ ਨੂੰ ਪ੍ਰਵਾਨਗੀ ਦਿੱਤੀ ਹੈ ਜਿਸ ਤਹਿਤ ਸੰਘੀ ਐਮਰਜੈਂਸੀ ਮੈਨਜਮੈਂਟ ਏਜੰਸੀ ਵੱਲੋਂ ਸਹਾਇਤਾ ਦਾ ਰਾਹ ਖੁਲ ਗਿਆ ਹੈ। ਕਈ ਥਾਵਾਂ 'ਤੇ ਦਰੱਖਤ ਡਿੱਗਣ ਤੇ ਢਿੱਗਾਂ ਡਿੱਗਣ ਕਾਰਨ ਰਸਤੇ ਬੰਦ ਹੋ ਗਏ ਹਨ। ਭਾਰੀ ਬਾਰਿਸ਼ ਕਾਰਨ ਓਕਲੈਂਡ ਵਿਚ ਇਕ ਵੇਅਰ ਹਾਊਸ ਦੀ ਛੱਤ ਡਿੱਗ ਜਾਣ ਦੇ ਸਿੱਟੇ ਵਜੋਂ ਉਸ ਹੇਠਾਂ ਆ ਕੇ ਇਕ ਵਿਅਕਤੀ ਦੀ ਮੌਤ ਹੋਣ ਦੀ ਖ਼ਬਰ ਹੈ। ਸਾਂਟਾ ਕਰੂਜ਼ ਕਾਊਂਟੀ ਵਿਚ ਵਾਟਸਨਵਿਲੇ ਵਿਚ ਪ੍ਰਸ਼ਾਸਨ ਨੇ ਦਰਿਆਵਾਂ ਤੇ ਨਦੀਆਂ ਵਿਚ ਵਧੇ ਪਾਣੀ ਦੇ ਪੱਧਰ ਕਾਰਨ ਹੇਠਲੇ ਇਲਾਕਿਆਂ ਵਿਚ ਰਹਿੰਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦਾ ਆਦੇਸ਼ ਦਿੱਤਾ ਹੈ।


ਨੈਸ਼ਨਲ ਵੈਦਰ ਸਰਵਿਸ ਵੱਲੋਂ ਬਰਫ਼ੀਲੇ ਤੂਫਾਨ ਦੀ ਚਿੱਤਾਵਨੀ ਦੇਣ ਤੋਂ ਬਾਅਦ ਉੱਤਰੀ ਕੈਲੀਫੋਰਨੀਆ ਵਿਚ ਦੁਪਹਿਰ ਵੇਲੇ ਬੀਤੇ ਵੀਰਵਾਰ ਸ਼ੁਰੂ ਹੋਇਆ ਤੂਫ਼ਾਨ ਐਤਵਾਰ ਸਵੇਰ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਪੂਰਬੀ ਸੀਏਰਾ ਵਿਚ ਹੇਠਲੇ ਪੱਧਰ ਉਪਰ ਬਰਫ਼ਬਾਰੀ ਹੋਣ ਉਪਰੰਤ ਭਾਰੀ ਬਾਰਿਸ਼ ਦੀ ਚਿੱਤਵਾਨੀ ਜਾਰੀ ਕੀਤੀ ਗਈ ਹੈ।

# ਅਮਰੀਕਾ ਵਿਚ ਦੋ ਛੋਟੇ ਜਹਾਜ਼ ਆਪਸ ਵਿਚ ਟਕਰਾਏ, 4 ਮੌਤਾਂ



**ਸੈਕਰਾਮੈਂਟੋ 9 ਮਾਰਚ–** ਅਮਰੀਕਾ ਵਿਚ ਦੋ ਛੋਟੇ ਜਹਾਜ਼ਾਂ ਦੇ ਮੱਧ ਅਸਮਾਨ ਵਿਚ ਆਪਸ ਵਿਚ ਟਕਰਾਅ ਜਾਣ ਦੇ ਸਿੱਟੇ ਵਜੋਂ ਉਨਾਂ ਵਿਚ ਸਵਾਰ ਸਾਰੇ 4 ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਪੋਲਕ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਕੀਤੀ ਹੈ। ਇਹ ਹਾਦਸਾ ਓਰਲੈਂਡੋ ਦੇ ਦੱਖਣ ਪੱਛਮ ਵਿਚ ਤਕਰੀਬਨ 45 ਮੀਲ ਦੂਰ ਵਿੰਟਰ ਹੈਵਨ ਵਿਚ ਲੇਕ ਹਾਰਟਰਿਜ਼ ਉਪਰ ਵਾਪਰਿਆ। ਅਧਿਕਾਰੀਆਂ ਅਨੁਸਾਰ ਪਾਈਪਰ ਜੇ–3 ਕੱਬ ਸੀਪਲੇਨ ਜਿਸ ਨੂੰ ਜੈਕ ਬਰਾਊਨਜ਼ ਸੀਪਲੇਨ ਬੇਸ ਵੱਲੋਂ ਚਲਾਇਆ ਜਾਂਦਾ ਹੈ ਤੇ ਸਥਾਈ ਖੰਭਾਂ ਵਾਲਾ ਜਹਾਜ਼ ਚੇਰੋਕੀ ਪਾਈਪਰ 161 ਜਿਸ ਨੂੰ ਪੋਲਕ ਸਟੇਟ ਕਾਲਜ ਦੀ ਤਰਫੋਂ ਓਰਮੌਂਡ ਬੀਚ ਉਪਰ ਸਨਰਾਈਜ ਐਵੀਏਸ਼ਨ ਵੱਲੋਂ ਚਲਾਇਆ ਜਾਂਦਾ ਹੈ, ਹਾਦਸੇ ਵਿਚ ਸ਼ਾਮਿਲ ਸਨ। ਸ਼ੈਰਿਫ ਦਫਤਰ ਅਨੁਸਾਰ ਮ੍ਰਿਤਕਾਂ ਵਿਚ ਪਾਇਲਟ ਤੇ ਇੰਸਟਰਕਟਰ ਫੇਦ ਈਰੇਨ ਬੇਕਰ (24), ਪੋਲਕ ਸਟੇਟ ਕਾਲਜ ਦਾ ਵਿਦਿਆਰਥੀ ਜ਼ੈਚਰੀ ਜੀਨ ਮੇਸ (19), ਰੈਂਡਲ ਐਲਬਰਟ ਕਰਾਫੋਰਡ (67) ਤੇ ਲੂਇਸ ਸੀ ਡੀਫਾਜ਼ੀਓ (78) ਸ਼ਾਮਿਲ ਹਨ। ਸ਼ੈਰਿਫ ਦਫਤਰ ਦੇ ਚੀਫ਼ ਆਫ ਸਟਾਫ਼ ਸਟੀਵ ਲੈਸਟਰ ਨੇ ਕਿਹਾ ਹੈ ਕਿ ਇਕ ਜਹਾਜ਼ ਦਾ ਮਲਬਾ ਲੇਕ ਹਾਰਟਰਿਜ਼ ਵਿਚੋਂ ਪਾਣੀ ਦੀ ਸਤਾ ਉਪਰ ਹੀ ਮਿਲਿਆ ਹੈ ਜਦ ਕਿ ਦੂਸਰਾ ਜਹਾਜ਼ ਪਾਣੀ ਵਿਚ ਪੂਰੀ ਤਰਾਂ ਡੁੱਬ ਚੁੱਕਾ ਸੀ। ਉਸ ਦਾ ਮਲਬਾ ਪਾਣੀ ਦੇ 21 ਫੁੱਟ ਹੇਠਾਂ ਮਿਲਿਆ ਹੈ। ਪੋਲਕ ਕਾਊਂਟੀ ਸ਼ੈਰਿਫ ਗਰੈਡੀ ਜੂਡ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਹਾਦਸੇ ਦੀ ਸੰਘੀ ਅਧਿਕਾਰੀਆਂ ਵੱਲੋਂ ਜਾਂਚ ਕੀਤੀ ਜਾਵੇਗੀ।

# ਅਮਰੀਕਾ ਵਿਚ ਪੁਲਿਸ ਨਾਲ ਹੋਏ ਮੁਕਾਬਲੇ ਦੌਰਾਨ ਸ਼ੱਕੀ ਦੀ ਮੌਤ, 3 ਪੁਲਿਸ ਅਫਸਰ ਜ਼ਖਮੀ



**ਸੈਕਰਾਮੈਂਟੋ, ਕੈਲੀਫੋਰਨੀਆ–** ਲਾਸ ਏਂਜਲਸ ਪੁਲਿਸ ਵਿਭਾਗ ਦੇ 3 ਅਫਸਰ ਉਸ ਵੇਲੇ ਜ਼ਖਮੀ ਹੋ ਗਏ ਜਦੋਂ ਉਹ ਪੈਰੋਲ ਉਪਰ ਰਿਹਾਅ ਹੋਏ ਇਕ ਸ਼ੱਕੀ ਦੀ ਭਾਲ ਵਿਚ ਸਨ। ਲਾਸ ਏਂਜਲਸ ਪੁਲਿਸ ਵਿਭਾਗ ਦੇ ਕਮਾਂਡਰ ਸਟੇਸੀ ਸਪੈਲ ਨੇ ਕਿਹਾ ਹੈ ਕਿ ਸ਼ੱਕੀ ਵਿਅਕਤੀ ਇਕ ਸ਼ੈਡ ਵਿਚ ਲੁੱਕਿਆ ਹੋਇਆ ਸੀ। ਪੁਲਿਸ ਅਫਸਰਾਂ ਨੇ ਉਸ ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਸ਼ੱਕੀ ਨੇ ਬਾਹਰ ਆਉਣ ਦੀ ਬਜਾਏ ਪੁਲਿਸ ਉਪਰ ਗੋਲੀ ਚਲਾ ਦਿੱਤੀ ਜਿਸ ਦੌਰਾਨ 3 ਪੁਲਿਸ ਅਫਸਰ ਜ਼ਖਮੀ ਹੋ ਗਏ। ਪੁਲਿਸ ਅਫਸਰਾਂ ਵੱਲੋਂ ਜਵਾਬੀ ਕਾਰਵਾਈ ਕੀਤੀ ਗਈ। ਇਸ ਦੌਰਾਨ ਸ਼ੱਕੀ ਵਿਅਕਤੀ ਵੀ ਮਾਰਿਆ ਗਿਆ। ਸਪੈਲ ਨੇ ਕਿਹਾ ਹੈ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਦੀ ਮੌਤ ਕਿਸ ਤਰਾਂ ਹੋਈ ਹੈ। ਜ਼ਖਮੀ ਪੁਲਿਸ ਅਫਸਰਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਨਾਂ ਦੀ ਹਾਲਤ ਸਥਿੱਰ ਦਸੀ ਜਾਂਦੀ ਹੈ।

ਪੁਲਿਸ ਵਿਭਾਗ ਦੇ ਅਸਿਸਟੈਂਟ ਚੀਫ ਅਲਫਰੈਡ ਲਬਰਾਡਾ ਅਨੁਸਾਰ ਕਿੰਨੇ ਪੁਲਿਸ ਅਫਸਰਾਂ ਨੇ ਜਵਾਬੀ ਕਾਰਵਾਈ ਦੌਰਾਨ ਗੋਲੀਆਂ ਚਲਾਈਆਂ, ਇਹ ਅਜੇ ਜਾਂਚ ਦਾ ਵਿਸ਼ਾ ਹੈ।

# ਅਮਰੀਕਾ ਵਿਚ ਪਤੀ-ਪਤਨੀ ਦੀ ਹੱਤਿਆ ਕਰਨ ਉਪਰੰਤ ਹਮਲਾਵਰ ਨੇ ਖੁਦ ਨੂੰ ਵੀ ਮਾਰੀ ਗੋਲੀ



**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੀ ਕਿੰਗ ਕਾਊਂਟੀ ਵਿਚ ਰੈਡਮੌਂਡ ਵਿਖੇ ਇਕ ਔਰਤ ਨੂੰ ਆਨ ਲਾਈਨ ਕੀਤੀ ਦੋਸਤੀ ਦੀ ਕੀਮਤ ਆਪਣੇ ਪਤੀ ਸਮੇਤ ਆਪਣੀ ਜਾਨ ਗੁਆ ਕੇ ਚੁਕਾਉਣੀ ਪਈ। 38 ਸਾਲਾ ਰਮਿਨ ਖੋਡਾਕਰਮਰੀਜ਼ੀ ਨੇ ਪਤੀ-ਪਤਨੀ ਦੀ ਹੱਤਿਆ ਕਰਨ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕੁੱਸ਼ੀ ਕਰ ਲਈ। ਰੈਡਮੌਂਡ ਪੁਲਿਸ ਵਿਭਾਗ ਅਨੁਸਾਰ ਹਮਲਾਵਾਰ ਬੈਡਰੂਮ ਦੀ ਖਿੜਕੀ ਰਾਹੀਂ ਅੰਦਰ ਦਾਖਲ ਹੋਇਆ। ਪੁਲਿਸ ਅਫਸਰ ਜਦੋਂ ਮੌਕੇ ਉਪਰ ਪੁੱਜੇ ਤਾਂ ਪਤੀ-ਪਤਨੀ ਦੀ ਮੌਤ ਹੋ ਚੁੱਕੀ ਸੀ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ । ਖੋਡਾਕਰਮਰੀਜ਼ੀ ਦੀ ਲਾਸ਼ ਵੀ ਘਰ ਵਿਚੋਂ ਹੀ ਬਰਾਮਦ ਹੋਈ। ਉਸ ਵੇਲੇ ਘਰ ਵਿਚ ਮ੍ਰਿਤਕ ਔਰਤ ਦੀ ਮਾਂ ਵੀ ਮੌਜੂਦ ਸੀ ਪਰੰਤੂ ਉਹ ਵਾਲ ਵਾਲ ਬਚ ਗਈ। ਰੈਡ–ਮੌਂਡ ਪੁਲਿਸ ਮੁੱਖੀ ਡਾਰੇਲ ਲੋਅ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਟੈਕਸਾਸ ਵਾਸੀ ਖੋਡਾਕਰਮਰੀਜ਼ੀ ਟਰੱਕ ਡਰਾਈਵਰ ਸੀ।

ਪੁਲਿਸ ਅਨੁਸਾਰ ਆਨ ਲਾਈਨ ਗੱਲਬਾਤ ਤੋਂ ਬਾਅਦ ਔਰਤ ਤੇ ਸ਼ੱਕੀ ਵਿਅਕਤੀ ਦੋਸਤ ਬਣ ਗਏ ਸਨ । ਸਬੰਧਾਂ ਵਿਚ ਆਏ ਤਨਾਅ ਤੋਂ ਬਾਅਦ ਔਰਤ ਨੇ ਸ਼ੱਕੀ ਵਿਅਕਤੀ ਵਿਰੁੱਧ ਪ੍ਰੋਟਕੈਸ਼ਨ ਆਰਡਰ ਪ੍ਰਾਪਤ ਕੀਤੇ ਸਨ ਪਰੰਤੂ ਪੁਲਿਸ ਪ੍ਰੋਟੈਕਸ਼ਨ ਆਰਡਰ ਦੀ ਤਾਮੀਲ ਕਰਵਾਉਣ ਲਈ ਸ਼ੱਕੀ ਨਾਲ ਸੰਪਰਕ ਨਹੀਂ ਕਰ ਸਕੀ।

ਲੋਅ ਨੇ ਕਿਹਾ ਕਿ ਮਾਮਲੇ ਦਾ ਅੰਤ ਬਹੁਤ ਮਾੜਾ ਹੋਇਆ ਹੈ ਪਰੰਤੂ ਰੀਸਟਰੇਇੰਗ ਆਰਡਰ ਇਕ ਕਾਗਜ਼ ਦਾ ਟੁੱਕੜਾ ਹੈ ਜੋ ਪੁਲਿਸ ਅਫਸਰਾਂ ਨੂੰ ਇਹ ਇਜਾਜ਼ਤ ਦਿੰਦਾ ਹੈ ਕਿ ਉਹ ਵੇਖਣ ਕਿ ਸ਼ੱਕੀ ਵੱਲੋਂ ਅਦਾਲਤੀ ਹੁਕਮਾਂ ਦੀ ਉਲੰਘਣਾ ਤਾਂ ਨਹੀਂ ਕੀਤੀ ਜਾ ਰਹੀ। ਉਨਾਂ ਕਿਹਾ ਕਿ ਜਦੋਂ ਕਿਸੇ ਨੇ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਧਾਰ ਲਈ ਹੋਵੇ ਤਾਂ ਇਹ ਕਾਗਜ਼ ਦਾ ਟੁੱਕੜਾ ਰਖਿਆ ਨਹੀਂ ਕਰ ਸਕਦਾ। ਪੁਲਿਸ ਨੇ ਪਤੀ–ਪਤਨੀ ਦੇ ਨਾਂ ਜਾਰੀ ਨਹੀਂ ਕੀਤੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮਰੀਕੀ ਸੈਨਟ ਵੱਲੋਂ ਅਰੁਨ ਸੁਬਰਾਮਨੀਅਨ ਦੀ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ



**ਸੈਕਰਾਮੈਂਟੋ, ਕੈਲੀਫੋਰਨੀਆ**–ਅਮਰੀਕੀ ਸੈਨਟ ਵੱਲੋਂ ਭਾਰਤੀ–ਅਮਰੀਕੀ ਅਰੁਨ ਸੁਬਰਾਮਨੀਅਨ ਦੀ ਨਿਊਯਾਰਕ ਦੇ ਦੱਖਣੀ ਜਿਲੇ ਦੇ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦੇਣ ਦੀ ਖ਼ਬਰ ਹੈ। ਉਹ ਪਹਿਲੇ ਦੱਖਣ ਏਸ਼ੀਆਈ ਹੋਣਗੇ ਜੋ ਇਸ ਬੈਂਚ ਉਪਰ ਸੇਵਾ ਨਿਭਾਉਣਗੇ। ਸੈਨਟ ਨੇ 58–37 ਵੋਟਾਂ ਦੇ ਫਰਕ ਨਾਲ ਉਨਾਂ ਦੀ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕੀਤੀ। ਸੈਨੇਟਰ ਚਾਰਲਸ ਸ਼ੂਮਰ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸੁਬਰਾਮਨੀਅਨ ਭਾਰਤੀ ਪ੍ਰਵਾਸੀ ਦਾ ਪੁੱਤਰ ਹੈ ਜਿਸ ਦਾ ਕਰੀਅਰ ਲੋਕਾਂ ਨੂੰ ਸਮਰਪਿਤ ਰਿਹਾ ਹੈ। ਸੁਬਰਾਮਨੀਅਮ ਦਾ ਜਨਮ ਪਿਟ–ਸਰਬਰਗ, ਪੈਨਸਿਲਵਾਨੀਆ ਵਿਚ 1979 ਵਿੱਚ ਹੋਇਆ ਸੀ। ਉਸ ਦੇ ਮਾਂ–ਬਾਪ 1970 ਵਿਆਂ ਦੇ ਸ਼ੁਰੂ ਵਿਚ ਭਾਰਤ ਤੋਂ ਆ ਕੇ ਅਮਰੀਕਾ ਵੱਸ ਗਏ ਸਨ।

# ਭਾਰਤੀ ਮੂਲ ਦੀ ਪ੍ਰੋਫੈਸਰ ਨੇ ਕਾਲਜ ਉਪਰ ਲਾਏ ਭੇਦਭਾਵ ਦੇ ਦੋਸ਼, ਪਟੀਸ਼ਨ ਦਾਇਰ



**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤੀ ਮੂਲ ਦੀ ਅਮਰੀਕਨ ਔਰਤ ਜੋ ਬਾਬਸਨ ਕਾਲਜ ਵਿਚ ਪ੍ਰੋਫੈਸਰ ਵਜੋਂ ਕੰਮ ਕਰ ਰਹੀ ਹੈ, ਨੇ ਦਾਇਰ ਪਟੀਸ਼ਨ ਵਿਚ ਕਾਲਜ ਉਪਰ ਲਿੰਗ ਅਧਾਰਤ ਤੇ ਨਸਲੀ ਭੇਦਭਾਵ ਕਰਨ ਦੇ ਦੋਸ਼ ਲਾਏ ਹਨ। ਬੋਸਟਨ ਗਲੋਬ ਦੀ ਰਿਪੋਰਟ ਅਨੁਸਾਰ ਲਕਸ਼ਮੀ ਬਾਲਾਚੰਦਰ ਜੋ ਬਾਬਸਨ ਕਾਲਜ ਵਿਚ ਐਂਟਰਾਪ੍ਰੀਨਿਓਰਸ਼ਿਪ ਦੀ ਐਸੋਸੀਏਟ ਪ੍ਰੋਫਸਰ ਹੈ, ਨੇ ਯੂ ਐਸ ਡਿਸਟ੍ਰਿਕਟ ਕੋਰਟ ਬੋਸਟਨ ਵਿਚ ਦਾਇਰ ਪਟੀਸ਼ਨ ਵਿੱਚ ਦੋਸ਼ ਲਾਇਆ ਹੈ ਕਿ ਉਸ ਦੇ ਖੋਜ਼ ਰਿਕਾਰਡ, ਵਿਖਾਈ ਦਿਲਚਸਪੀ ਤੇ ਕਾਲਜ ਪ੍ਰਤੀ ਸੇਵਾਵਾਂ ਦੇ ਬਾਵਜੂਦ ਉਸ ਨੂੰ ਲੀਡਰਸ਼ਿੱਪ ਅਹੁੱਦਾ ਦੇਣ ਤੇ ਖੋਜ਼ ਦੇ ਹੋਰ ਮੌਕੇ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਉਸ ਨੇ ਦੋਸ਼ ਲਾਇਆ ਹੈ ਕਿ ਕਾਲਜ ਗੋਰਿਆਂ ਤੇ ਮਰਦਾਂ ਨੂੰ ਤਰਜੀਹ ਦਿੰਦਾ ਹੈ ਤੇ ਪੁਰਸਕਾਰਾਂਉਪਰ ਉਨਾਂ ਦਾ ਏਕਧਿਕਾਰ ਬਣਾ ਦਿੱਤਾ ਗਿਆ ਹੈ। ਉਸ ਨੇ ਕਿਹਾ ਹੈ ਕਿ ਕਾਲਜ ਦੇ ਰਵਈਏ ਕਾਰਨ ਉਸ ਕੋਲੋਂ ਕਈ ਕਰੀਅਰ ਅਵਸਰ ਖੁਸ ਗਏ ਹਨ ਤੇ ਉਸ ਨੂੰ ਆਰਥਕ ਨੁਕਸਾਨ ਝਲਣਾ ਪਿਆ ਹੈ।

# ਆਈ ਐਸ ਆਈ ਐਸ ਦੇ ਪ੍ਰਭਾਵ ਹੇਠ ਹੱਤਿਆਵਾਂ ਕਰਨ ਵਾਲੇ ਦੋਸ਼ੀ ਨੂੰ ਮੌਤ ਦੀ ਸਜ਼ਾ ਬਾਰੇ ਸੁਣਵਾਈ ਸੋਮਵਾਰ ਤੋਂ ਹੋਵੇਗੀ ਸ਼ੁਰੂ



**ਸੈਕਰਾਮੈਂਟੋ, ਕੈਲੀਫੋਰਨੀਆ**–2017 ਵਿਚ ਨਿਊਯਾਰਕ ਵਿਚ ਕਿਰਾਏ ਉਪਰ ਲਏ ਇਕ ਟੱਰਕ ਹੇਠਾਂ ਦਰੜ ਕੇ 8 ਲੋਕਾਂ ਨੂੰ ਮਾਰ ਦੇਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਆਈ ਐਸ ਆਈ ਐਸ ਸਮਰਥਕ ਸੇਅਫੁਲੋ ਸਾਈਪੋਵ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਸੁਣਵਾਈ ਦਾ ਦੂਸਰਾ ਪੜਾਅ ਸੋਮਵਾਰ ਤੋਂ ਸ਼ੁਰੂ ਹੋਵੇਗਾ। ਸੁਣਵਾਈ ਵਾਲੇ ਪੈਨਲ ਵੱਲੋਂ ਦੋਸ਼ੀ ਨੂੰ ਮੌਤ ਦੀ ਸਜ਼ਾ ਜਾਂ ਉਮਰ ਭਰ ਲਈ ਕੈਦ ਦੀ ਸਜ਼ਾ ਦੇਣ ਬਾਰੇ ਨਿਰਨਾ ਲਿਆ ਜਾਵੇਗਾ। ਸਾਈਪੋਵ ਜੋ ਉਜ਼ਬੇਕਿਸਤਾਨੀ ਹੈ, ਨੂੰ ਇਸ ਸਾਲ ਜਨਵਰੀ ਵਿਚ ਮੈਨਹਟਨ ਸੰਘੀ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਬੀਤੇ ਵੀਰਵਾਰ ਜਿਊਰੀ ਨੇ ਸੁਣਵਾਈ ਰੋਕ ਦਿੱਤੀ ਸੀ ਤੇ ਐਲਾਨ ਕੀਤਾ ਸੀ ਕਿ ਸੁਣਵਾਈ ਦੁਬਾਰਾ ਸੋਮਵਾਰ ਸ਼ੁਰੂ ਹੋਵੇਗੀ।

# ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਜਨਮ ਦਿਵਸ ਮਨਾਇਆ ਗਿਆ

ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਵਲੋਂ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦਾ ਜਨਮ ਦਿਵਸ ਮਨਾਇਆ ਗਿਆ। ਸਾਹਿਬ ਕਾਂਸ਼ੀ ਰਾਮ ਦੇ ਜਨਮ ਸਥਾਨ ਪਿੰਡ ਪ੍ਰਿਥੀਪੁਰ ਬੁੰਗਾ ਜਿਲ੍ਹਾ ਰੂਪਨਗਰ ਵਿੱਚ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਆਗੂਆਂ ਆਦਿ ਦੀ ਅਗਵਾਈ ਵਿੱਚ ਵੱਖ ਵੱਖ ਆਗੂਆਂ ਅਤੇ ਵਰਕਰਾਂ ਨੇ ਮਿਲਕੇ ਸਾਹਿਬ ਕਾਂਸ਼ੀ ਰਾਮ ਦੇ ਬੁੱਤ ਤੇ ਫੁੱਲਾਂ ਦੇ ਹਾਰ ਪਾਕੇ ਸ਼ਰਧਾਂਜ਼ਲੀ ਭੇਂਟ ਕੀਤੀ। ਤਾਮਿਲਨਾਡੂ ਤੋਂ ਪਹੁੰਚੇ ਆਗੂ ਜੀਵਨ ਕੁਮਾਰ ਮਾਲਾ ਜੋਕਿ ਅਪਣੇ ਸੈਂਕੜੇ ਸਾਥੀਆਂ ਨਾਲ ਜਾਗਰੂਕ ਯਾਤਰਾ ਲੈਕ ਪਹੁੰਚੇ ਦਾ ਵਿਸ਼ੇਸ਼ ਤੋਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ ਵੱਖ ਆਗੂਆਂ ਅਰੁਣ ਚੌਧਰੀ, ਦਿਨੇਸ਼ ਕੁਮਾਰ, ਮਨਜੀਤ ਸਿੰਘ ਮਟਿਆਲ, ਮੇਵਾ ਸਿੰਘ ਪੁਰਖਾਲੀ, ਜੀਵਨ ਕੁਮਾਰ ਮਾਲਾ, ਜੀ ਸੀ ਸਲਹਨ, ਲਖਵੀਰ ਸਿੰਘ ਖੁਆਸਪੁਰਾ, ਕੁਲਦੀਪ ਚੰਦ, ਸਤਵਿੰਦਰ ਮਦਾਰਾ ਆਦਿ ਨੇ ਸਾਹਿਬ ਕਾਂਸ਼ੀ ਦੇ ਸੰਘਰਸ਼ਮਈ ਜੀਵਨ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਅਪਣੇ ਸੁੱਖਾਂ ਨੂੰ ਤਿਆਗਕੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਵਲੋਂ ਸ਼ੁਰੂ ਕੀਤੇ ਗਏ ਮਿਸ਼ਨ ਨੂੰ ਅੱਗੇ ਤੋਰਿਆ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੀ ਬਹੁਤੀ ਅਬਾਦੀ ਜੋ ਕਿ ਵੱਖ ਵੱਖ ਜਾਤਾਂ ਵਿੱਚ ਵੰਡੀ ਹੋਈ ਸੀ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਦੀ ਮੁਹਿੰਮ ਚਲਾਈ। ਉਨ੍ਹਾਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਵਲੋਂ ਚਲਾਈ ਗਈ ਜਾਗਰੂਕਤਾ ਮੁਹਿੰਮ ਕਾਰਨ ਹੀ ਦਲਿਤਾਂ ਦਾ ਸਵੈਮਾਣ ਵਧਿਆ ਅਤੇ ਸਾਹਿਬ ਵਲੋਂ ਤਿਆਰ ਕੀਤੀ ਗਈ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਨੂੰ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਰਾਜ ਕਰਨ ਦਾ ਮੌਕਾ ਮਿਲਿਆ।

ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਵਿੱਚ ਪਿਛਲੇ ਕਈ ਸਾਲਾਂ ਤੋਂ ਖੜੋਤ ਆਈ ਹੈ ਅਤੇ ਇਸ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਅਤੇ ਘਰ ਘਰ ਪਹੁੰਚਾਣ ਲਈ ਵੱਖ ਵੱਖ ਸੰਗਠਨਾਂ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਹਿਬ ਵਲੋਂ ਚਲਾਈ ਗਈ ਮੁਹਿੰਮ ਨੂੰ ਅੱਗੇ ਲਿਜਾਉਣ ਲਈ ਸਾਹਿਬ ਦੇ ਪਰਿਵਾਰ, ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਅਤੇ ਹੋਰ ਹਮ ਖਿਆਲੀ ਸੰਗਠਨਾਂ ਨਾਲ ਮਿਲਕੇ ਕੰਮ ਕੀਤਾ ਜਾ ਰਿਹਾ ਹੇ।

ਉਨ੍ਹਾਂ ਹਾਜਰ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਸਮਾਜਿਕ ਪਰਿਵਰਤਨ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਨੋਜਵਾਨਾ ਨੂੰ ਵੱਧ ਤੋਂ ਵੱਧ ਨਾਲ ਜੋੜਿਆ ਜਾਵੇ। ਇਸ ਮੌਕੇ ਸਤਵਿੰਦਰ ਮਦਾਰਾ ਵਲੋਂ ਤਿਆਰ ਕਰਵਾਈ ਗਈ ਸਾਹਿਬ ਕਾਂਸ਼ੀ ਰਾਮ ਦੀ ਤਸਵੀਰ ਭੈਣ ਸਵਰਨ ਕੌਰ ਅਤੇ ਹੋਰ ਆਗੂਆਂ ਦੁਆਰਾ ਸਮਾਜ ਨੂੰ ਭੇਂਟ ਕੀਤੀ ਗਈ। ਬਾਬੂ ਕਾਂਸ਼ੀ ਰਾਮ ਚੈਰੀਟੇਵਲ ਫਾਂਉਡੇਸ਼ਨ ਵਲੋਂ ਸਾਹਿਬ ਦੇ ਮਿਸ਼ਨ ਲਈ ਕੰਮ ਕਰਨ ਵਾਲੇ ਵੱਖ ਵੱਖ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭੈਣ ਸਵਰਨ ਕੌਰ, ਪ੍ਰਭਜੀਤ ਸਿੰਘ, ਰਵਿੰਦਰ ਸਿੰਘ, ਭੁਪਿੰਦਰ ਕੌਰ, ਪ੍ਰਮਿੰਦਰ ਕੌਰ, ਮਨਜੀਤ ਕੌਰ, ਰੋਹਿਤ, ਸ਼ਿਵ ਕੁਮਾਰ, ਹਰਮਨ, ਰਾਜੇਸ਼ ਕੁਮਾਰ, ਸਾਗਰ, ਕਮਲੇਸ਼ ਕੁਮਾਰ, ਗੁਰਮੇਲ ਸਿੰਘ, ਜਸਨੂਰ ਸਿੰਘ, ਨਿਮਰਤ ਕੌਰ, ਹਰਵੀਰ ਸਿੰਘ, ਸ਼ਿਵਮ ਕੁਮਾਰ, ਹਰਵਿੰਦਰ ਸਿੰਘ, ਗੋਪਾਲ ਸਿੰਘ, ਸੁਖਦੇਵ, ਗੁਰਪ੍ਰੀਤ ਸਿੰਘ, ਪ੍ਰਭਜੀਤ ਸਿੰਘ, ਕੈਪਟਨ ਕਾਕਾ ਸਿੰਘ, ਆਦਿ ਹਾਜਰ ਸਨ। **-ਕੁਲਦੀਪ ਚੰਦ** (94175-63054)



# ਡਾਕਟਰ ਪੰਪੋਸ਼ ਦੀ ਰਹਸਮਈ ਮੌਤ ਦੇ ਵਿਰੋਧ ਵਿੱਚ ਅੱਜ ਵੱਖ ਵੱਖ ਦਲਿਤ ਜਥੇਬੰਦੀਆਂ ਵੱਲੋਂ ਨੰਗਲ ਵਿਚ ਭਾਰੀ ਰੋਸ ਪ੍ਰਦਰਸ਼ਨ

ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਐਂਡ ਰਿਸਰਚ ਸੈਂਟਰ ਵਿੱਚ ਇੰਟਰਨਸ਼ਿਪ ਕਰ ਰਹੀ ਮੈਡੀਕਲ ਦੀ ਦਲਿਤ ਵਿਦਿਆਰਥਣ ਡਾਕਟਰ ਪੰਪੋਸ਼ ਨੂੰ ਮਨੂਵਾਦੀ ਸੋਚ ਵਾਲੇ ਸਟਾਫ ਵੱਲੋਂ ਮਾਨਸਿਕ ਤੌਰ ਤੇ ਪਰੇਸ਼ਾਨ ਕਰਨ ਅਤੇ ਜਾਤ ਆਧਾਰਿਤ ਵਿਤਕਰਾ ਕਰਨ ਕਾਰਨ ਹੋਈ ਰਹਸਮਈ ਮੌਤ ਦੇ ਵਿਰੋਧ ਵਿੱਚ ਅੱਜ ਵੱਖ ਵੱਖ ਦਲਿਤ ਜਥੇਬੰਦੀਆਂ ਵੱਲੋਂ ਨੰਗਲ ਵਿਚ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਸਟਾਫ ਕਲੱਬ ਚੌਕ ਨੰਗਲ ਤੋਂ ਆਈ ਬਲਾਕ ਚੌਂਕ ਨੰਗਲ ਤੱਕ ਰੋਸ਼ ਮਾਰਚ ਕੀਤਾ ਗਿਆ ਜਿਸ ਵਿੱਚ ਨਿਰਮਲਜੀਤ, ਦੌਲਤ ਰਾਮ, ਅਸ਼ੋਕ ਕੁਮਾਰ, ਤੁਲਸੀ ਰਾਮ ਮੱਟੂ, ਤਰਸੇਮ ਚੰਦ, ਰਣਜੀਤ ਸਿੰਘ ਲੱਕੀ, ਕੁਲਦੀਪ ਚੰਦ, ਮਨਦੀਪ ਸਿੱਧੂ ਆਦਿ ਨੇ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਜ਼ਿੰਮੇਵਾਰ ਸਟਾਫ ਅਤੇ ਪ੍ਰਬੰਧਕੀ ਕਮੇਟੀ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਵਾਉਣ ਦੀ ਮੰਗ ਕੀਤੀ । ਇਨ੍ਹਾਂ ਆਗੂਆਂ ਨੇ ਚੇਤਾਵਨੀ ਦਿਤੀ ਕਿ ਜੇਕਰ ਸਰਕਾਰ ਨੇ ਇਸ ਘਟਨਾ ਲਈ ਜਿੰਮੇਵਾਰ ਕਾਲਜ ਪ੍ਰਬੰਧਕਾਂ ਅਤੇ ਸਟਾਫ ਖਿਲਾਫ ਬਣਦੀ ਕਾਰਵਾਈ ਨਾਂ ਕੀਤੀ ਤਾਂ ਮਜਬੂਰਨ ਸੰਘਰਸ ਤੇਜ ਕੀਤਾ ਜਾਵੇਗਾ ਜਿਸਦੀ ਜਿੰਮੇਬਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਬਲਵੀਰ ਭਾਟੀਆ, ਅਮਰਜੀਤ, ਵਿਸ਼ਵਨਾਥ ਮੱਟੂ, ਰਾਜਵੀਰ, ਵਿਸ਼ਨੂੰ ਪ੍ਰਭਾਕਰ, ਸਰਦਾਰੀ ਲਾਲ, ਬਲਬੀਰ ਸਿੰਘ, ਰਾਜੇਂਦਰ, ਰਾਮ ਲੁਭਾਇਆ, ਓਮ ਪ੍ਰਕਾਸ, ਰਾਜਿੰਦਰ ਗਿਲ, ਅਜੇ ਕੁਮਾਰ, ਜਸ਼ਪਾਲ, ਸੁਰਿੰਦਰ ਕੁਮਾਰ, ਬਲਦੇਵ ਸਿੰਘ, ਬਿਹਾਰੀ ਲਾਲ, ਸੰਤੋਖ ਸਿੰਘ ਆਦਿ ਹਾਜ਼ਰ ਸਨ।

**ਕੁਲਦੀਪ ਚੰਦ** (94175-63054)




# ਫਿਲੌਰ ਬਾਰ ਐਸੋਸੀਏਸ਼ਨ ਵਲੋਂ ਸਾਹਿਬ ਕਾਂਸ਼ੀ ਰਾਮ ਦਾ ਜਨਮ ਦਿਨ ਮਨਾਇਆ ਗਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸਾਹਿਬ ਕਾਂਸ਼ੀ ਰਾਮ ਜੀ ਦੇ 89 ਵੇਂ ਜਨਮ ਦਿਵਸ ਮੌਕੇ ਬਾਰ ਐਸੋਸੀਏਸ਼ਨ ਫਿਲੌਰ ਦੇ ਵਕੀਲ ਸਾਹਿਬਾਨ ਵਲੋ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ, ਮਿਸ਼ਨ ਅਤੇ ਵਿਚਾਰਧਾਰਾ ਉੱਪਰ ਡੂੰਘੀ ਵਿਚਾਰ ਚਰਚਾ ਕੀਤੀ ਗਈ। ਇਕੱਤਰ ਹੋਏ ਵਕੀਲ ਸਾਹਿਬਾਨ ਨੂੰ ਸੰਬੋਧਨ ਕਰਦਿਆ ਸਾਥੀ ਨੇ ਦੱਸਿਆ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਜੀ ਹੀ ਇਕਮਾਤਰ ਅਜਿਹੇ ਇਨਸਾਨ ਹੋਏ ਹਨ ਜਿਨ੍ਹਾਂ ਸਮਾਜ ਨੂੰ ਅਜਿਹਾ ਹਲੂਣਾ ਦਿੱਤਾ ਰਾਜ ਭਾਗ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ। ਸਾਹਿਬ ਕਾਂਸ਼ੀ ਰਾਮ ਜੀ ਦੀ ਬਦੌਲਤ ਹੀ ਅੱਜ ਹਰ ਥਾਂ ਸਮਾਜ ਦੀ ਪੁੱਛਗਿੱਛ ਹੋਣ ਲੱਗ ਪਈ ਹੈ ਤੇ ਹਰ ਥਾਂ ਗਰੀਬ ਲੋਕ ਰਾਜਭਾਗ ਪ੍ਰਾਪਤ ਕਰਨ ਲਈ ਬਰਾਬਰ ਟੱਕਰ ਦੇ ਰਹੇ ਹਨ ਤੇ ਲੋਕ ਪਹਿਲਾਂ ਨਾਲੋਂ ਵੱਧ ਜਾਗਰੂਕ ਹੋ ਚੁੱਕੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਅਜਿਹੇ ਯੁੱਗ ਪੁਰਸ਼ਾਂ ਦਾ ਜਨਮ ਦਿਨ ਤੇ ਪ੍ਰੀ ਨਿਰਵਾਣ ਦਿਵਸ ਵੱਡੇ ਪੱਧਰ ਤੇ ਹਰ ਗਰੀਬ ਦੀ ਸ਼ਮੂਲੀਅਤ ਨਾਲ ਮਨਾਉਣੇ ਚਾਹੀਦੇ ਹਨ।

ਇਸ ਮੌਕੇ ਐਡਵੋਕੇਟ ਜਸਪਾਲ ਕਲੇਰ ਉੜਾਪੜ, ਰਾਮ ਆਸਰਾ ਬੋਪਾਰਾਏ, ਪਰਵਿੰਦਰ ਮੈਂਗੜਾ ਚੱਕ ਸਾਹਬੂ, ਸੰਜੀਵ ਭੌਰਾ ਗੜ੍ਹਾ, ਸੁਨੀਤਾ ਗਿੰਢਾ ਫਿਲੌਰ, ਅਮਰਜੀਤ ਮੱਲ ਤਰਖਾਣ ਮਜ਼ਾਰਾ, ਕਿਰਪਾਲ ਸਿੰਘ ਪਾਲੀ ਛੋਕਰਾ, ਪ੍ਰਦੀਪ ਕੁਮਾਰ ਰਾਮਗੜ੍ਹ, ਰਾਜ ਕੁਮਾਰ ਸਹੋਤਾ ਬਾਠ, ਬਲਦੀਪ ਸਿੰਘ ਅਪਰਾ, ਗੌਰਵ ਸਾਗਰ ਛੋਕਰਾ, ਕੁਲਵਿੰਦਰ ਲੋਚਣ ਤਲਵਣ, ਅਮਰਜੀਤ ਮੱਲ ਮੁਠੱਡਾ ਕਲਾ ਅਤੇ ਚਰਨਜੀਤ ਬੰਗੜ ਗੜ੍ਹਾ ਵਿਸ਼ੇਸ਼ ਰੂਪ ਵਿੱਚ ਹਾਜਰ ਸਨ।

# ਆਂਗਨਵਾੜੀ ਸੈਂਟਰ ਨਾਨੋਵਾਲ ਵਿਖੇ ਸਿਹਤ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਆਂਗਨਵਾੜੀ ਸੈਟਰ ਨਾਨੋਵਾਲ ਵਿਖੇ ਸਿਹਤ ਜਾਗਰੂਕਤਾ ਕੈਪ ਲਗਾਇਆ ਸਿਵਲ ਸਰਜਨ ਸਹੀਦ ਭਗਤ ਸਿੰਘ ਨਗਰ ਡਾਕਟਰ ਦਵਿੰਦਰ ਕੁਮਾਰ ਢਾਡਾ ਜੀ ਦੇ ਦਿਸ਼ਾ ਨਿਰਦੇਸ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੜੋਆ ਡਾਕਟਰ ਗੁਰਿੰਦਰਜੀਤ ਸਿੰਘ ਜੀ ਦੀ ਅਗਵਾਈ ਹੇਠ ਆਂਗਨਵਾੜੀ ਸੈਟਰ ਨਾਨੋਵਾਲ ਵਿਖੇ ਸਿਹਤ ਸਬੰਧੀ ਜਾਗਰੂਕਤਾ ਕੈਪ ਲਗਾਇਆ ਗਿਆ ਜਿਸ



ਦੋਰਾਨ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਜਸਵਿੰਦਰ ਕੌਰ ਕਵਿਤਾ ਸੀ ਐਚ ਓ ਦੁਆਰਾ ਛੋਟੇ ਬਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਮਲੇਰੀਆ ਡੇਗੂ ਦੇ ਲੱਛਣਾਂ ਅਤੇ ਬਚਾਓ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਇਕੱਤਰ ਹੋਏ ਲੋਕਾਂ ਦਾ ਕਵਿਤਾ ਸੀ ਐਚ ਓ ਦੁਆਰਾ ਚੈਕਅਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਸੰਤੁਲਿਤ ਖੁਰਾਕ ਖਾਣ ਸਬੰਧੀ ਪ੍ਰੇਰਿਤ ਕੀਤਾ ਗਿਆ ਅਤੇ ਕੋਟਪਾ ਐਕਟ ਅਧੀਨ ਤੰਬਾਕੂ ਅਤੇ ਸਿਗਰਟਨੋਸ਼ੀ ਦਾ ਮਨੁੱਖੀ ਸ਼ਰੀਰ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਇਸ ਨਾਲ ਮੂੰਹ ਦਾ ਕੈਸਰ ਫੇਫੜਿਆਂ ਦੀਆਂ ਬੀਮਾਰੀਆਂ ਅਤੇ ਕਈ ਹੋਰ ਜਾਨਲੇਵਾ ਬੀਮਾਰੀਆਂ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ ਇਸ ਲਈ ਸਾਨੂੰ ਤੰਬਾਕੂ ਅਤੇ ਇਸ ਤੋਂ ਬਣੇ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਿਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸਪੰਰਕ ਕਰਨਾ ਚਾਹੀਦਾ ਹੈ ਇਸ ਮੌਕੇ ਪ੍ਰਵੇਸ਼ ਪੂਨਮ ਰਾਣੀ ਆਂਗਨਵਾੜੀ ਵਰਕਰ ਅਤੇ ਸੁਨੀਤਾ ਹੈਲਪਰ ਰੀਨਾ ਰਾਣੀ ਆਸਾ ਵਰਕਰ ਅਤੇ ਪਿੰਡ ਵਾਸੀ ਹਾਜਿਰ ਸਨ।

# ਵਿਸ਼ਵ ਕਾਲਾ ਮੋਤੀਆ ਹਫਤਾ ਦੀ ਸ਼ੁਰੂਆਤ ਸੰਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ: ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ ਵਿਸ਼ਵ ਕਾਲਾ ਮੋਤੀਆ ਹਫਤਾ ਦੀ ਸ਼ੁਰੂਆਤ ਕਰਨ ਸਬੰਧੀ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ ਇਸ ਮੌਕੇ ਜਾਣਕਾਰੀ ਦਿੰਦਿਆਂ ਡਾ: ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਇਹ ਹਫਤਾ 12-03-2023 ਤੋਂ 18-03-2023 ਤੱਕ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਜਸਵਿੰਦਰ ਕੁਮਾਰ ਅਪਥਾਲਮਿਕ ਅਫਸਰ ਇਹਨਾਂ ਲੋਕਾਂ ਦੀ ਜਾਂਚ ਕਰਕੇ ਕਾਲਾ ਮੋਤੀਆ ਸਬੰਧੀ ਜਾਣਕਾਰੀ ਦੇਣਗੇ। ਡਾ: ਸੈਣੀ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਾ ਮੋਤੀਆ ਦੇ ਲੱਛਣਾ ਵਿੱਚ ਅੱਖਾਂ ਤੇ ਜਿਆਦਾ ਦਬਾਬ ਪੈਣ ਕਾਰਨ ਹੁੰਦਾ ਹੈ । ਇਸਦਾ ਇਲਾਜ ਨਾਂ ਕਰਵਾਉਣ ਨਾਲ ਮਨੁੱਖ ਅੰਨਾਪਨ ਦਾ ਸ਼ਿਕਾਰ ਵੀ ਹੋ ਸਕਦਾ ਹੈ। ਕਾਲਾ ਮੋਤੀਆ ਦੇ ਹੋਰਨਾਂ ਕਾਰਨਾ ਵਿੱਚ ਮਰੀਜ ਦੇ ਅਸਧਾਰਨ ਸਿਰ ਦਰਦ, ਅੱਖਾਂ ਵਿੱਚ ਦਰਦ, ਪੜ੍ਹਨ ਵਾਲੇ ਚਸਮਿਆ ਦਾ ਵਾਰ-ਵਾਰ ਬਦਲਣਾ, ਪ੍ਰਕਾਸ਼ ਦੇ ਆਲੇ ਦੁਆਲੇ ਰੰਗ ਦਾਰ ਚੱਕਰ ਅਤੇ ਅੱਖਾਂ ਵਿੱਚ ਲਾਲਗੀ, ਨਜਰ ਦਾ ਅਚਾਨਕ ਕਮਜੌਰ ਹੋ ਜਾਣਾ । ਉਹਨਾਂ ਨੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਕਾਲਾ ਮੋਤੀਆ ਸਬੰਧੀ ਲੋਕਾਂ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਕਰਨ। ਉਹਨਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਇਸ ਦੇ ਸ਼ੁਰੂਆਤੀ ਲੱਛਣਾਂ ਦੇ ਨਜਰ ਆਉਣ ਤੇ ਇਸ ਦੀ ਜਾਂਚ ਸਰਕਾਰੀ ਹਸਪਤਾਲ ਵਿੱਚ ਕਰਵਾਉਣ ਅਤੇ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਲੈਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਬਲਜੀਤ ਕੌਰ, ਡਾ: ਸ਼ਗੁਨ, ਡਾ: ਬਿਕਰਮਜੀਤ ' ਸਿੰਘ, ਡਾ: ਇੰਦਰਜੀਤ ਸੋਨੀਆ, ਡਾ: ਮਨਦੀਪ ਕੌਰ, ਅਵਤਾਰ ਸਿੰਘ ਬੀ.ਈ.ਈ, ਬਲਰਾਜ ਸਿੰਘ ਸੀਨੀਅਰ ਫਾਰਮਸੀ ਅਫਸਰ, ਗੁਰਜੀਤ ਸਿੰਘ, ਕੁਲਵੀਰ ਸਿੰਘ ਮ.ਪ.ਹ.ਸ ਮ, ਕਮਲਜੀਤ ਕੌਰ ਮ.ਪ.ਹ.ਸ ਫੀਮੇਲ, ਭਾਈ ਵਰਿੰਦਰ ਸਿੰਘ ਮਸੀਤੀ ਆਈ.ਡੋਨਰ ਇੰਚਾਰਜ ਟਾਂਡਾ, ਤਰਵਿੰਦਰ ਕੁਮਾਰ ਅਕਾਊਂਟੈਂਟ ਅਤੇ ਹੋਰ ਸਟਾਫ ਮੌਜੂਦ ਸੀ।

# ਹੁੱਲੜਬਾਜ਼ ਮੰਡੀਰ ਨੇ ਐਨ. ਆਰ. ਆਈ. ਨਿਹੰਗ ਪ੍ਰਦੀਪ ਸਿੰਘ ਦਾ ਕੀਤਾ ਕਤਲ

**ਜਲੰਧਰ (ਜੇ. ਸਿੰਘ 'ਭਡਿਆਰ')–** ਪੰਜਾਬ ਵਿੱਚ ਸਿੱਖ ਧਰਮ ਨਾਲ ਸਬੰਧਿਤ ਅਨੇਕਾਂ ਜੋੜ ਮੇਲੇ ਲੱਗਦੇ ਹਨ ਜਿਹਨਾਂ ਵਿੱਚ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਪ੍ਰਮੁੱਖ ਹੈ। ਧਾਰਮਿਕ ਮੇਲਿਆਂ ਵਿੱਚ ਜਾਣ ਦਾ ਮਤਲਬ ਆਮ ਤੌਰ ਤੇ ਇਹ ਮੰਨਿਆਂ ਜਾਂਦਾ ਹੈ ਕਿ ਨੌਜਵਾਨ ਆਪਣੇ ਮਾਣ ਮੱਤੇ ਪੁਰਾਤਨ ਵਿਰਸੇ ਤੋਂ ਜਾਣੂ ਹੋਣ। ਪਰੰਤੂ ਸਾਡੀ ਜਿਆਦਾਤਰ ਨਵੀਂ ਪੀੜ੍ਹੀ ਦਾ ਧਰਮ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਰਿਹਾ। ਇਹਨਾਂ ਵਾਸਤੇ ਮੇਲੇ ਸਿਰਫ ਮੰਨੋਰੰਜਨ ਦਾ ਸਾਧਨ ਬਣ ਗਏ ਹਨ। ਬੀਤੇ ਦਿਨੀਂ ਹੋਲੇ-ਮਹੱਲੇ ਦੌਰਾਨ ਸ਼ਰੇਆਮ ਕਤਲ ਕੀਤੇ ਗਏ ਐਨ. ਆਰ. ਆਈ. ਪ੍ਰਦੀਪ ਸਿੰਘ ਦੇ ਮਾਮਲੇ 'ਚ ਕਈ ਹੋਰ ਸਨਸਨੀਖੇਜ ਜਾਣਕਾਰੀ ਸਾਹਮਣੇ ਆ ਰਹੀ ਹੈ। ਉਹ ਕੁੱਝ ਦਿਨ ਪਹਿਲਾਂ ਹੀ ਕੈਨੇਡਾ ਤੋਂ ਵਾਪਸ ਆਇਆ ਸੀ ਅਤੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਪ੍ਰਦੀਪ ਸਿੰਘ ਦਾ ਜੱਦੀ ਪਿੰਡ ਗਾਜ਼ੀਕੋਟ ਜ਼ਿਲ੍ਹਾ ਗੁਰਦਾਸਪੁਰ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ।



**ਕੀ ਹੈ ਮਾਮਲਾ**

ਹੋਲੇ-ਮਹੱਲੇ ਦੌਰਾਨ ਕਤਲ ਕੀਤੇ ਗਏ ਪ੍ਰਦੀਪ ਸਿੰਘ ਬਿਨਾਂ ਸਾਇਲੈਂਸਰਾਂ ਤੋਂ ਘੁੰਮ ਰਹੇ ਮੋਟਰਸਾਈਕਲਾਂ ਅਤੇ ਵੱਡੇ-ਵੱਡੇ ਸਪੀਕਰ ਲਗਾ ਕੇ ਰੇਸਾਂ ਲਗਾ ਰਹੇ ਟ੍ਰੈਕਟਰਾਂ ਵਾਲਿਆਂ ਨੂੰ ਅਜਿਹੀ ਹੁੱਲੜਬਾਜ਼ੀ ਕਰਨ ਤੋਂ ਰੋਕ ਰਹੇ ਸਨ। ਇਸ ਦੌਰਾਨ ਕੁਝ ਨੌਜਵਾਨਾਂ ਦੀ ਪ੍ਰਦੀਪ ਸਿੰਘ ਨਾਲ ਬਹਿਸ ਹੋ ਗਈ ਅਤੇ ਲੜਾਈ ਝਗੜਾ ਸ਼ੁਰੂ ਹੋ ਗਿਆ, ਜਿਸ ਵਿਚ ਪ੍ਰਦੀਪ ਸਿੰਘ ਦੀ ਕੋਈ ਨੁਕੀਲੀ ਚੀਜ਼ ਵੱਜਣ ਨਾਲ ਮੌਤ ਹੋ ਗਈ। ਮ੍ਰਿਤਕ ਪ੍ਰਦੀਪ ਸਿੰਘ ਕੈਨੇਡਾ ਦਾ ਪੱਕਾ ਵਾਸੀ ਸੀ ਅਤੇ ਹੋਲਾ-ਮਹੱਲਾ ਮਨਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਆਇਆ ਹੋਇਆ ਸੀ। ਪ੍ਰਦੀਪ ਸਿੰਘ ਦਾ ਕਤਲ ਕਰਨ ਵਾਲੇ ਕਥਿਤ ਦੋਸ਼ੀ ਦੀ ਪਛਾਣ ਨਿਰੰਜਣ ਸਿੰਘ (ਨੂਰਪੁਰ ਬੇਦੀ) ਵਜੋਂ ਹੋ ਗਈ ਹੈ ਅਤੇ ਕਥਿਤ ਦੋਸ਼ੀ ਦੀ ਜੀਪ ਪੁਲਸ ਨੇ ਬਰਾਮਦ ਕਰ ਲਈ ਹੈ।

**ਇਕ ਹੋਰ ਵੀਡੀਓ ਆਈ ਸਾਹਮਣੇ**

ਹੋਲੇ-ਮਹੱਲੇ ਦੌਰਾਨ ਸ਼ਰੇਆਮ ਕਤਲ ਕੀਤੇ ਗਏ ਐਨ. ਆਰ. ਆਈ. ਪ੍ਰਦੀਪ ਸਿੰਘ ਦੇ ਮਾਮਲੇ 'ਚ ਇਕ ਹੋਰ ਵੀਡੀਓ ਸਾਹਮਣੇ ਆਈ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਸ ਵੀਡੀਓ 'ਚ ਸਾਫ਼ ਦਿੱਸ ਰਿਹਾ ਹੈ ਕਿ ਕਿਵੇਂ ਪ੍ਰਦੀਪ ਸਿੰਘ ਦਾ ਹੋਲ-ਮਹੱਲੇ ਦੌਰਾਨ ਕਤਲ ਕੀਤਾ ਗਿਆ ਹੈ। ਵਾਇਰਲ ਹੋ ਰਹੀ ਵੀਡੀਓ ਵਿਚ ਇਹ ਦਿੱਸ ਰਿਹਾ ਹੈ ਕਿ ਪਹਿਲਾਂ ਪ੍ਰਦੀਪ ਸਿੰਘ ਅਤੇ ਕੁਝ ਨੌਜਵਾਨਾਂ ਵਿਚਾਲੇ ਝਗੜਾ ਹੁੰਦਾ ਹੈ ਅਤੇ ਬਾਅਦ ਵਿਚ ਇਕ-ਦੂਜੇ ਵਿਚਾਲੇ ਤਲਵਾਰਾਂ ਤੱਕ ਚੱਲ ਜਾਂਦੀਆਂ ਹਨ। ਝਗੜੇ ਦੌਰਾਨ ਪ੍ਰਦੀਪ ਸਿੰਘ ਵੀ ਨੌਜਵਾਨ ਸਤਬੀਰ ਸਿੰਘ 'ਤੇ ਤਲਵਾਰ ਨਾਲ ਹਮਲਾ ਕਰ ਰਿਹਾ ਹੈ। ਜਦੋਂ ਪ੍ਰਦੀਪ ਸਿੰਘ ਵੱਲੋਂ ਸਤਬੀਰ ਸਿੰਘ 'ਤੇ ਹਮਲਾ ਕੀਤਾ ਜਾਂਦਾ ਹੈ ਤਾਂ ਸਤਬੀਰ ਸਿੰਘ ਉਥੇ ਹੀ ਡਿੱਗ ਪੈਂਦਾ ਹੈ। ਮੌਕੇ 'ਤੇ ਕਾਫ਼ੀ ਭੀੜ ਨਜ਼ਰ ਆ ਰਹੀ ਹੈ। ਫਿਰ ਨਿਹੰਗ 'ਤੇ ਨੌਜਵਾਨਾਂ ਵੱਲੋਂ ਪ੍ਰਦੀਪ ਸਿੰਘ 'ਤੇ ਤਲਵਾਰਾਂ ਨਾਲ ਹਮਲਾ ਹੁੰਦਾ ਹੈ।

ਇਥੇ ਦੱਸ ਦਈਏ ਕਿ ਸਤਬੀਰ ਸਿੰਘ ਉਹੀ ਨੌਜਵਾਨ ਹੈ, ਜਿਸ ਨੂੰ ਪੁਲਸ ਵੱਲੋਂ ਐਨ. ਆਰ. ਆਈ. ਪ੍ਰਦੀਪ ਸਿੰਘ ਦੇ ਕਤਲ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ। ਇਸ ਸਮੇਂ ਸਤਬੀਰ ਸਿੰਘ ਪੀ. ਜੀ. ਆਈ. ਚੰਡੀਗੜ੍ਹ ਵਿਖੇ ਜ਼ੇਰੇ ਇਲਾਜ ਹੈ। ਸਤਬੀਰ ਸਿੰਘ 'ਤੇ ਹੋਏ ਹਮਲੇ ਦੌਰਾਨ ਉਸ ਦੇ ਹੱਥ ਵੱਢ ਦਿੱਤੇ ਗਏ ਸਨ। ਸਤਬੀਰ ਦੇ ਪਰਿਵਾਰ ਵੱਲੋਂ ਵੀ ਪ੍ਰਦੀਪ ਸਿੰਘ 'ਤੇ ਦੋਸ਼ ਇਹ ਲਗਾਏ ਸਨ ਕਿ ਜੇਕਰ ਸਤਬੀਰ ਸਿੰਘ ਦੇ ਹੱਥ ਹੀ ਵੱਢ ਦਿੱਤੇ ਗਏ ਸਨ ਤਾਂ ਉਹ ਪ੍ਰਦੀਪ ਸਿੰਘ ਦਾ ਕਤਲ ਕਿਵੇਂ ਕਰ ਸਕਦਾ ਹੈ। ਸ਼ਰੇਆਮ ਇਕ-ਦੂਜੇ 'ਤੇ ਚੱਲੀਆਂ ਤਲਵਾਰਾਂ ਦੌਰਾਨ ਹਮਲੇ ਵਿਚ ਪ੍ਰਦੀਪ ਸਿੰਘ ਦੀ ਮੌਤ ਹੋ ਜਾਂਦੀ ਹੈ। ਇਸ ਘਟਨਾ ਨਾਲ ਜਿੱਥੇ ਪੁਲਸ ਪ੍ਰਸ਼ਾਸਨ 'ਤੇ ਵੀ ਸਵਾਲ ਖੜ੍ਹੇ ਹੁੰਦੇ ਹਨ, ਉਥੇ ਹੀ ਸਾਹਮਣੇ ਆਈ ਕਤਲ ਦੀ ਇਸ ਵੀਡੀਓ ਨੇ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ।

**ਸਤਬੀਰ ਦੀ ਪਤਨੀ ਨੇ ਲਾਏ ਸਨ ਪ੍ਰਦੀਪ ਸਿੰਘ 'ਤੇ ਹਮਲਾ ਕਰਨ ਦੇ ਦੋਸ਼**

ਇਸ ਮਾਮਲੇ ਵਿਚ ਨਾਮਜ਼ਦ ਮੁਲਜ਼ਮ ਸਤਬੀਰ ਸਿੰਘ ਦੇ ਪਰਿਵਾਰ ਨੇ ਮੀਡੀਆ ਸਾਹਮਣੇ ਆ ਕੇ ਵੱਡੇ ਇਲਜ਼ਾਮ ਲਗਾਏ ਹਨ। ਮੁਲਜ਼ਮ ਸਤਬੀਰ ਦੀ ਪਤਨੀ ਗੁਰਿੰਦਰ ਕੌਰ ਨੇ ਹੋਲੇ-ਮਹੱਲੇ ਦੌਰਾਨ ਕਤਲ ਕੀਤੇ ਗਏ ਨਿਹੰਗ ਸਿੰਘ ਪ੍ਰਦੀਪ ਸਿੰਘ 'ਤੇ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਹਮਲਾ ਉਸ ਦੇ ਪਤੀ ਸਤਬੀਰ ਨੇ ਸਗੋਂ ਨਿਹੰਗ ਸਿੰਘ ਵੱਲੋਂ ਹਮਲਾ ਸਤਬੀਰ ਸਿੰਘ 'ਤੇ ਕੀਤਾ ਗਿਆ ਅਤੇ ਤਲਵਾਰ ਨਾਲ ਪਹਿਲਾਂ ਉਸ ਦੀ ਬਾਂਹ ਵੱਢ ਦਿੱਤੀ ਤੇ ਫਿਰ ਸਤਬੀਰ ਦਾ ਹੱਥ ਵੱਢਿਆ ਗਿਆ। ਉਸ ਦਾ ਕਹਿਣਾ ਹੈ ਕਿ ਜੇਕਰ ਸਤਬੀਰ ਦਾ ਹੱਥ ਹੀ ਵੱਢ ਦਿੱਤਾ ਗਿਆ ਤਾਂ ਉਹ ਉਸ ਦਾ ਕਤਲ ਕਿਵੇਂ ਕਰ ਸਕਦਾ ਹੈ? ਸਤਬੀਰ ਦੇ ਦੋਵੇਂ ਹੱਥ ਨਿਹੰਗ ਸਿੰਘ ਵੱਲੋਂ ਵੱਢ ਦਿੱਤੇ ਗਏ ਅਤੇ ਫਿਰ ਉਸ ਨੇ ਸਤਬੀਰ ਨੂੰ ਜੱਫੀ ਵੀ ਪਾਈ। ਬਿਨਾਂ ਜਾਂਚ ਦੇ ਉਸ ਨੂੰ ਮੁਲਜ਼ਮ ਬਣਾਇਆ ਗਿਆ ਹੈ।

ਪਤਨੀ ਨੇ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਸਾਨੂੰ ਵੀ ਦੁੱਖ਼ ਹੈ ਕਿ ਨਿਹੰਗ ਸਿੰਘ ਦੀ ਮੌਤ ਹੋ ਗਈ ਹੈ ਪਰ ਇਸ ਮਾਮਲੇ ਵਿਚ ਇੱਕ ਪੱਖ ਵੱਲ ਹੀ ਸੁਣਵਾਈ ਨਾ ਕੀਤੀ ਜਾਵੇ।

ਅਸੀਂ ਗਰੀਬ ਹਾਂ, ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਕੋਈ ਸੁਣੇ ਨਾ, ਅਸੀਂ ਵੀ ਗੁਰੂ ਘਰ ਸੇਵਾ ਕਰਨ ਜਾਂਦੇ ਹਾਂ, ਸਾਡੀ ਵੀ ਸੁਣੀ ਜਾਵੇ।

# ਅਮਰੀਕੀ ਤੱਟ 'ਤੇ ਪ੍ਰਵਾਸੀਆਂ ਦੀ ਕਿਸ਼ਤੀ ਡੁੱਬਣ ਕਾਰਨ 8 ਮੌਤਾਂ, ਕਈ ਲਾਪਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਨ ਡਇਏਗੋ ਕਾਊਂਟੀ ,ਕੈਲੀਫੋਰਨੀਆ ਵਿਚ ਬਲੈਕ ਬੀਚ ਕੰਢੇ ਨੇੜੇ ਇਕ ਕਿਸ਼ਤੀ ਡੁੱਬਣ ਕਾਰਨ ਉਸ ਵਿਚ ਸਵਾਰ ਘੱਟੋ ਘੱਟ 8 ਪ੍ਰਵਾਸੀਆਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਵਾਸੀ ਦੋ ਛੋਟੀਆਂ ਤਸਕਰੀ ਕਿਸ਼ਤੀਆਂ ਵਿਚ ਸਵਾਰ ਹੋ ਕੇ ਆਏ ਸਨ ਜਿਨਾਂ ਵਿਚੋਂ ਇਕ ਡੁੱਬ ਗਈ। ਸੈਨ ਡਇਏਗੋ ਫਾਇਰ ਰੈਸਕਿਊ ਵਿਭਾਗ ਦੇ ਲਾਈਫ ਗਾਰਡ ਚੀਫ ਜੇਮਜ ਗਾਰਟਲੈਂਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਇਕ ਕਿਸ਼ਤੀ ਵਿਚ ਸਵਾਰ ਇਕ ਔਰਤ ਜੋ ਸਪੈਨਿਸ਼ ਬੋਲ ਰਹੀ ਸੀ, ਨੇ ਫੋਨ ਕਰਕੇ ਰਾਤ 11.30 ਵਜੇ ਦੇ ਆਸ ਪਾਸ ਜਾਣਕਾਰੀ ਦਿੱਤੀ ਕਿ ਟੋਰੀ ਪਾਈਨਜ ਸਿਟੀ ਬੀਚ ਨੇੜੇ ਦੋ ਕਿਸ਼ਤੀਆਂ ਡੁੱਬ ਗਈਆਂ ਹਨ। ਇਸ ਦੇ ਤੁਰੰਤ ਬਾਅਦ ਲਾਈਫ ਗਾਰਡ, ਯੂ ਐਸ ਕਸਟਮਜ਼, ਸਰਹੱਦੀ ਗਸ਼ਤੀ ਦਲ ਤੇ ਯੂ ਐਸ ਕੋਸਟ ਗਾਰਡ ਮੌਕੇ ਉਪਰ ਭੇਜੇ ਗਏ। ਯੂ ਐਸ ਕੋਸਟ ਗਾਰਡ ਦੇ ਸੈਕਟਰ ਕਮਾਂਡਰ ਕੈਪਟਨ ਜੇਮਜ ਸਪਿਟਲਰ ਨੇ ਦਸਿਆ ਕਿ ਇਕ ਕਿਸ਼ਤੀ ਜਿਸ ਵਿਚ 8 ਲੋਕ ਸਵਾਰ ਸਨ,ਕੰਢੇ ਉਪਰ ਪੁੱਜ ਗਈ ਜਦ ਕਿ ਦੂਸਰੀ ਕਿਸ਼ਤੀ ਜਿਸ ਵਿਚ 15 ਲੋਕ ਸਵਾਰ ਸਨ , ਪਾਣੀ ਵਿਚ ਉਲਟ ਗਈ। ਉਨਾਂ ਦਸਿਆ ਕਿ ਕੁਝ ਲਾਸ਼ਾਂ ਪਾਣੀ ਵਿਚੋਂ ਕੱਢੀਆਂ ਗਈਆਂ ਹਨ ਜਦ ਕਿ ਕੁਝ ਵਿਅਕਤੀ ਕੰਢੇ ਉਪਰ ਆ ਕੇ ਦਮ ਤੋੜ ਗਏ। ਕਿੰਨੇ ਵਿਅਕਤੀ ਲਾਪਤਾ ਹਨ ਇਸ ਬਾਰੇ ਵੀ ਸਥਿੱਤੀ ਸਾਫ ਨਹੀਂ ਹੈ। ਉਨਾਂ ਦਸਿਆ ਕਿ ਮਾਰੇ ਗਏ ਸਾਰੇ ਵਿਅਕਤੀ ਬਾਲਗ ਸਨ।

# ਰਾਸ਼ਟਰਪਤੀ ਜੋਅ ਬਾਇਡਨ ਵੱਲੋਂ 6.9 ਟ੍ਰੀਲੀਅਨ ਡਾਲਰ ਦਾ ਬਜਟ ਪੇਸ਼

(ਸਫਾ 1 ਦੀ ਬਾਕੀ)

ਤਹਿਤ ਪਾਕਿਸਤਾਨ ਨੂੰ 3.2 ਕਰੋੜ ਅਮਰੀਕੀ ਡਾਲਰ ਦਾ ਪ੍ਰਸਤਾਵ ਵੀ ਦਿੱਤਾ ਹੈ।

**ਬੈਂਕਿੰਗ ਸੰਕਟ ਬਣਿਆ ਚੁਣੌਤੀ**

ਅਮਰੀਕਾ 'ਚ ਸਿਲੀਕਾਨ ਵੈਲੀ ਬੈਂਕ ਦੀ ਅਸਫਲਤਾ ਤੋਂ ਬਾਅਦ ਟੈਕਨਾਲੋਜੀ ਸੈਕਟਰ ਨਾਲ ਜੁੜਿਆ ਇਕ ਹੋਰ ਬੈਂਕ ਡੁੱਬ ਗਿਆ ਹੈ। ਅਮਰੀਕੀ ਰੈਗੂਲੇਟਰ ਨੇ ਨਿਊਯਾਰਕ ਸਥਿਤ ਸਿਗਨੇਚਰ ਬੈਂਕ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਹਾਲਾਂਕਿ ਇਹ ਇੱਕ ਖੇਤਰੀ ਬੈਂਕ ਹੈ ਅਤੇ ਇਸਦਾ ਆਕਾਰ ਸਿਲੀਕਾਨ ਵੈਲੀ ਬੈਂਕ ਤੋਂ ਬਹੁਤ ਛੋਟਾ ਹੈ। ਅਮਰੀਕੀ ਰੈਗੂਲੇਟਰਾਂ ਵੱਲੋਂ ਜਾਰੀ ਸਾਂਝੇ ਬਿਆਨ 'ਚ ਕਿਹਾ ਗਿਆ ਹੈ ਕਿ ਅਸੀਂ ਅਮਰੀਕੀ ਅਰਥਵਿਵਸਥਾ ਨੂੰ ਸੁਰੱਖਿਅਤ ਰੱਖਣ ਅਤੇ ਆਪਣੀ ਬੈਂਕਿੰਗ ਪ੍ਰਣਾਲੀ 'ਚ ਜਨਤਾ ਦਾ ਭਰੋਸਾ ਬਣਾਈ ਰੱਖਣ ਲਈ ਸਖਤ ਕਦਮ ਚੁੱਕ ਰਹੇ ਹਾਂ। ਨਾਲ ਹੀ ਕਿਹਾ ਕਿ ਅਮਰੀਕਾ ਦੀ ਬੈਂਕਿੰਗ ਮਜ਼ਬੂਤ ਨੀਂਹ 'ਤੇ ਖੜ੍ਹੀ ਹੈ।

**ਸਿਲੀਕਾਨ ਵੈਲੀ ਬੈਂਕ ਦੇ ਜਮ੍ਹਾਂਕਰਤਾਵਾਂ ਨੂੰ ਦਿੱਤਾ ਭਰੋਸਾ**

ਸਿਲੀਕਾਨ ਵੈਲੀ ਬੈਂਕ ਵਿੱਚ ਜਮ੍ਹਾ ਕਰਨ ਵਾਲਿਆਂ ਦੇ ਪੈਸੇ ਦੇ ਬਾਰੇ ਵਿੱਚ, ਰੈਗੂਲੇਟਰਾਂ ਦੁਆਰਾ ਕਿਹਾ ਗਿਆ ਸੀ ਕਿ ਹਰ ਕਿਸੇ ਦਾ ਪੈਸਾ ਸੁਰੱਖਿਅਤ ਹੈ। ਸੋਮਵਾਰ ਤੋਂ ਬੈਂਕ ਦੀਆਂ ਸਾਰੀਆਂ ਸ਼ਾਖਾਵਾਂ ਖੁੱਲ੍ਹਣਗੀਆਂ। ਹਾਲਾਂਕਿ ਅਮਰੀਕੀ ਸਰਕਾਰ ਨੇ ਫਿਲਹਾਲ ਬੈਂਕ ਨੂੰ ਵਿਸ਼ੇਸ਼ ਬੇਲਆਊਟ ਪੈਕੇਜ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸਿਲੀਕਾਨ ਵੈਲੀ ਬੈਂਕ ਦੀ ਅਸਫਲਤਾ ਨੂੰ 2008 ਤੋਂ ਬਾਅਦ ਅਮਰੀਕਾ ਵਿੱਚ ਸਭ ਤੋਂ ਵੱਡੀ ਬੈਂਕ ਅਸਫਲਤਾ ਮੰਨਿਆ ਜਾਂਦਾ ਹੈ। ਇਸ ਦੀ ਜਾਇਦਾਦ ਲਗਭਗ 209 ਬਿਲੀਅਨ ਡਾਲਰ ਹੈ ਅਤੇ ਜਮ੍ਹਾਕਰਤਾਵਾਂ ਕੋਲ ਇਸ ਵਿੱਚ ਲਗਪਗ 175 ਬਿਲੀਅਨ ਡਾਲਰ ਦੇ ਜਮ੍ਹਾਂ ਹਨ। ਇਸ ਤੋਂ ਪਹਿਲਾਂ 25 ਸਤੰਬਰ 2008 ਨੂੰ ਅਮਰੀਕਨ ਬੈਂਕ ਵਾਸ਼ਿੰਗਟਨ ਮਿਊਚਲ ਫੇਲ੍ਹ ਹੋ ਗਿਆ ਸੀ। ਇਸਦੀ ਜਾਇਦਾਦ ਲਗਪਗ 307 ਬਿਲੀਅਨ ਡਾਲਰ ਸੀ। ਲੇਹਮੈਨ ਬ੍ਰਦਰਜ਼ ਨੂੰ ਅਮਰੀਕਾ ਦਾ ਸਭ ਤੋਂ ਵੱਡਾ ਵਿੱਤੀ ਸੰਕਟ ਮੰਨਿਆ ਜਾਂਦਾ ਹੈ।

# ਸਿੱਖ ਏਡ ਸਕਾਟਲੈਂਡ ਵੱਲੋਂ ਸਿਕਲੀਗਰ ਵਣਜਾਰੇ ਸਿੱਖਾਂ ਦੀ ਮਦਦ ਲਈ ਵਿਸ਼ਾਲ ਫੰਡ ਰੇਜ਼ਿੰਗ ਸਮਾਗਮ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਕਹਿੰਦੇ ਹਨ ਕਿਸੇ ਨੂੰ ਪੈਸਾ ਦਾਨ ਦੇਣ ਦੀ ਬਜਾਏ ਉੱਤਮ ਦਾਨ ਵਿੱਦਿਆ ਦਾ ਦਾਨ ਦੇ ਦਿਉ। ਜਿਸ ਨੂੰ ਹਾਸਲ ਕਰਕੇ ਵਿੱਦਿਆ ਦਾਨ ਲੈਣ ਵਾਲਾ ਕਮਾਊ ਹੱਥ ਬਣ ਕੇ ਆਪਣੀਆਂ ਪੀੜ੍ਹੀਆਂ ਦੀ ਤਕਦੀਰ



ਬਦਲ ਦੇਵੇਗਾ। ਇਸੇ ਕਥਨ ਨੂੰ ਅਸਲੀਅਤ ਵਿੱਚ ਬਦਲਣ ਲਈ ਸਕਾਟਲੈਂਡ ਦੀ ਵੱਕਾਰੀ ਸੰਸਥਾ ਸਿੱਖ ਏਡ ਸਕਾਟਲੈਂਡ 21 ਸਾਲਾਂ ਤੋਂ ਸਰਗਰਮੀ ਨਾਲ ਕਾਰਜ ਕਰਦੀ ਆ ਰਹੀ ਹੈ। ਸਮਾਜ ਸੇਵਾ ਦੇ 21 ਵਰ੍ਹਿਆਂ ਨੂੰ ਸਮਰਪਿਤ ਇੱਕ ਵਿਸ਼ਾਲ ਸਮਾਗਮ ਸਿੱਖ ਏਡ ਸਕਾਟਲੈਂਡ ਵੱਲੋਂ ਨਾਰਮੰਡੀ ਹੋਟਲ ਵਿਖੇ ਕਰਵਾਇਆ ਗਿਆ। ਜਿਸ ਵਿੱਚ ਡਿਨਰ ਬਹਾਨੇ ਰਲ ਮਿਲ ਬੈਠਣ, ਰੰਗਾਰੰਗ ਪ੍ਰੋਗਰਾਮ ਦਾ ਆਨੰਦ ਮਾਨਣ ਅਤੇ ਫੰਡ ਰੇਜ਼ਿੰਗ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਮਾਗਮ ਦਾ ਮੁੱਖ ਉਦੇਸ਼ ਮੱਧ ਪ੍ਰਦੇਸ਼ ਵਿਚ ਵਸਦੇ ਸਿਕਲੀਗਰ ਵਣਜਾਰੇ ਸਿੱਖ ਪਰਿਵਾਰਾਂ ਦਾ ਜੀਵਨ ਪੱਧਰ ਸੁਧਾਰਨ, ਉਹਨਾਂ ਦੇ ਬੱਚਿਆਂ ਲਈ 1000 ਬੱਚੇ ਦੀ ਸਮਰੱਥਾ ਵਾਲੇ ਸਕੂਲ ਦਾ ਨਿਰਮਾਣ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਪੰਜਾਬੀਆਂ ਦੇ ਸਾਜ ਢੋਲ ਅਤੇ ਸਕਾਟਿਸ਼ ਰਵਾਇਤੀ ਸਾਜ ਬੈਗਪਾਈਪਰ ਦੇ ਸੁਮੇਲ ਨਾਲ ਹੋਈ। ਮੰਚ ਸੰਚਾਲਕ ਵਜੋਂ ਜ਼ਿੰਮੇਵਾਰੀ ਸਾਂਭਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਅਤੇ ਰੂਪਾ ਮੁੱਕਰ ਵੱਲੋਂ ਸਿੱਖ ਏਡ ਸਕਾਟਲੈਂਡ ਦੇ ਮੁੱਖ ਸੇਵਾਦਾਰ ਸੁਲੱਖਣ ਸਿੰਘ ਸਮਰਾ ਨੂੰ ਸੱਦਾ ਦਿੱਤਾ ਤਾਂ ਕਿ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਜਾ ਸਕੇ। ਇਸ ਉਪਰੰਤ ਡਾ. ਸਤਬੀਰ ਕੌਰ ਗਿੱਲ ਵੱਲੋਂ ਪ੍ਰੈਜ਼ੈਂਟੇਸ਼ਨ ਰਾਹੀਂ ਸੰਸਥਾ ਵੱਲੋਂ ਕੀਤੇ ਕੰਮਾਂ ਬਾਰੇ ਦੱਸਿਆ ਗਿਆ। ਸਮਾਗਮ ਵਿੱਚ ਸਾਹਿਤਕ ਅਤੇ ਸੱਭਿਆਚਾਰਿਕ ਰੰਗ ਭਰਦਿਆਂ ਸ਼ਾਇਰ ਲਾਭ ਗਿੱਲ ਦੋਦਾ ਵੱਲੋਂ ਆਪਣੀ ਨਜ਼ਮ "ਸਿੰਘੋ ਵਣਜਾਰਿਓ" ਰਾਹੀਂ ਹਾਜ਼ਰੀ ਭਰੀ ਗਈ ਉੱਥੇ ਸਕਾਟਲੈਂਡ ਦੇ ਪ੍ਰਸਿੱਧ ਗਿੱਧਾ ਗਰੁੱਪ "ਮਹਿਕ ਪੰਜਾਬ ਦੀ" ਵੱਲੋਂ ਗਿੱਧੇ ਦੀ ਬਿਹਤਰੀਨ ਪੇਸ਼ਕਾਰੀ ਰਾਹੀਂ ਖ਼ੂਬ ਤਾੜੀਆਂ ਬਟੋਰੀਆਂ ਗਈਆਂ। ਇਸ ਉਪਰੰਤ ਸੰਸਥਾ ਲਈ ਦਾਨ ਰਾਸ਼ੀ ਇਕੱਤਰ ਕਰਨ ਲਈ ਜ਼ਰੂਰੀ ਅਤੇ ਵਰਤੋਂ ਯੋਗ ਵਸਤਾਂ ਦੀ ਨਿਲਾਮੀ ਕੀਤੀ ਗਈ। ਜਿਸ ਦੌਰਾਨ ਭਾਈਚਾਰੇ ਦੇ ਲੋਕਾਂ ਵੱਲੋਂ ਉਤਸ਼ਾਹ ਪੂਰਵਕ ਹਿੱਸਾ ਲੈਂਦਿਆਂ ਬੋਲੀ ਲਗਾ ਕੇ ਦਾਨ ਰਾਸ਼ੀ ਇਕੱਤਰ ਕੀਤੀ। ਯੂਕੇ ਦੇ ਜੰਮਪਲ ਬਾਲ ਗਾਇਕ ਹਿੰਮਤ ਖੁਰਮੀ ਵੱਲੋਂ ਆਪਣਾ ਗੀਤ "ਮੇਰੀ ਮਾਂ ਬੋਲੀ" ਗਾ ਕੇ ਬੱਚਿਆਂ ਨੂੰ ਮਾਂ ਬੋਲੀ ਦੇ ਲੜ ਲਾਉਣ ਦਾ ਸੁਨੇਹਾ ਦਿੱਤਾ। ਜਿੰਨੀ ਦੇਰ ਗੀਤ ਚੱਲਦਾ ਰਿਹਾ, ਪੂਰੇ ਹਾਲ ਵਿੱਚ ਤਾੜੀਆਂ ਦੀ ਗੜਗੜਾਹਟ ਤੋਂ ਬਿਨਾਂ ਹੋਰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ। ਇਸ ਸਮੇਂ ਗੁਰਦੀਪ ਸਿੰਘ ਸਮਰਾ ਵੱਲੋਂ ਲਿਖੀ ਦੋ ਪਾਤਰੀ ਦਸਤਾਵੇਜ਼ੀ ਫਿਲਮ ਨੂੰ ਬੱਲੀ ਬਲਜੀਤ ਅਤੇ ਮਨਦੀਪ ਖੁਰਮੀ ਦੇ ਨਿਰਦੇਸ਼ਨ ਹੇਠ ਤਿਆਰ ਕਰਕੇ ਦਿਖਾਇਆ ਗਿਆ। ਹਾਜ਼ਰੀਨ ਵੱਲੋਂ ਕੇਵਲ ਕਰਾਂਤੀ ਅਤੇ ਜੀਵਨ ਰਾਹੀ ਦੀ ਅਦਾਕਾਰੀ ਨੂੰ ਖ਼ੂਬ ਸਰਾਹਿਆ ਗਿਆ। ਬਹੁਤ ਹੀ ਭਾਵੁਕ ਤਕਰੀਰ ਕਰਦਿਆਂ ਗੁਰਦੀਪ ਸਿੰਘ ਸਮਰਾ ਨੇ ਸਿਕਲੀਗਰ ਵਣਜਾਰੇ ਸਿੱਖਾਂ ਦੀ ਗਰੀਬੀ, ਉਹਨਾਂ ਦੇ ਰਹਿਣ ਸਹਿਣ ਅਤੇ ਬੱਚਿਆਂ ਦੇ ਪੜ੍ਹਾਈ ਤੋਂ ਵਾਂਝੇ ਰਹਿਣ ਦੀ ਦਰਦਮਈ ਗਾਥਾ ਨੂੰ ਆਪਣਾ ਸ਼ਬਦਾਂ ਰਾਹੀਂ ਬਿਆਨ ਕੀਤਾ ਤਾਂ ਸੰਗਤਾਂ ਵੱਲੋਂ ਖੁੱਲ੍ਹੇ ਦਿਲ ਨਾਲ ਦਸਵੰਧ ਭੇਂਟ ਕਰਨ ਦੀ ਹੱਦ ਤੋੜ ਦਿੱਤੀ ਤੇ ਲਗਭਗ 50 ਹਜ਼ਾਰ ਪੌਂਡ ਦੀ ਰਾਸ਼ੀ



ਸਿਕਲੀਗਰ ਸਿੱਖ ਬੱਚਿਆਂ ਲਈ ਬਣਾਏ ਜਾਣ ਵਾਲੇ ਸਕੂਲ ਲਈ ਇਕੱਠੀ ਹੋ ਗਈ। ਇਸ ਸਮੇਂ ਹਰਸਿਮਰ ਕੌਰ ਹਾਰਾ ਨੇ ਅੰ-ਗਰੇਜ਼ੀ ਵਿੱਚ ਭਾਸ਼ਣ ਦੇ ਕੇ ਆਪਣੇ ਹਾਣੀ ਮੁੰਡੇ ਕੁੜੀਆਂ ਨੂੰ ਚੰਗੇ ਕੰਮਾਂ ਨਾਲ ਜੁੜਨ ਲਈ ਬੇਨਤੀ ਕੀਤੀ।

ਸਮਾਗਮ ਦੇ ਸਮਾਪਤੀ ਵੱਲ ਜਾਣ ਤੋਂ ਪਹਿਲਾਂ ਪ੍ਰਸਿੱਧ ਹਾਸ-ਰਸ ਕਲਾਕਾਰ ਰੇਅ ਆਫ ਸਨਸ਼ਾਈਨ ਅਤੇ ਟੀਜੇ ਸਿੰਘ ਵੱਲੋਂ ਹਾਜ਼ਰੀਨ ਦੇ ਬੁੱਲਾਂ 'ਤੇ ਮੁਸਕਰਾਹਟ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਰੈਫਲ ਪ੍ਰਾਈਜਜ਼ ਦੇ ਦੌਰ ਉਪਰੰਤ ਸੰਸਥਾ ਦੇ ਜ਼ਿੰਮੇਵਾਰ ਆਗੂ ਡਾ. ਇੰਦਰਜੀਤ ਸਿੰਘ ਵੱਲੋਂ ਸਮਾਗਮ ਵਿੱਚ ਸ਼ਿਰਕਤ ਕਰਨ ਪਹੁੰਚੇ ਹਰ ਸਖਸ਼ ਦਾ ਧੰ-ਨਵਾਦ ਕਰਨ ਦੇ ਨਾਲ ਦਾਨੀ ਸੱਜਣਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਆਪਣੇ ਗ੍ਰਹਿ ਵਿਖੇ ਵੰਡੀਆਂ ਗਰਾਂਟਾਂ

**ਪਠਾਨਕੋਟ, 13 ਮਾਰਚ (ਰਾਜਿੰਦਰ ਸਿੰਘ ਰਾਜਨ)–** ਜਿਲ੍ਹਾ ਪਠਾਨਕੋਟ ਦੇ ਬਲਾਕ ਘਰੋਟਾ ਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਵੱਲੋਂ ਆਪਣੇ ਗ੍ਰਹਿ ਵਿਖੇ ਆਯੋਜਿਤ ਇੱਕ ਸਮਾਰੋਹ ਦੋਰਾਨ ਵੱਖ ਵੱਖ ਪਿੰਡਾਂ ਨੂੰ ਸੋਲਰ ਲਾਈਟਾਂ ਅਤੇ ਪਿੰਡ ਦੇ ਆਧੁਨੀਕਰਨ ਦੇ ਲਈ 19 ਲੱਖ 80 ਹਜ਼ਾਰ ਰੁਪਏ ਦੀਆਂ ਗ੍ਰਾਂਟਾਂ ਦੀ ਵੰਡ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਫੌਜੀ, ਵਿਜੇ ਕਟਾਰੂਚੱਕ, ਖੁਸ਼ਬੀਰ ਕਾਟਲ, ਤਰਸੇਮ ਲਾਲ ਆਦਿ ਪਾਰਟੀ ਕਾਰਜਕਰਤਾ ਹਾਜਰ ਸਨ। ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਪੁਆਰ ਨੂੰ 1.80 ਲੱਖ ਰੁਪਏ, ਕਾਨਵਾ ਨੂੰ 1.44 ਲੱਖ ਰੁਪਏ, ਲਾਹੜੀ ਨੂੰ 1.44 ਲੱਖ ਰੁਪਏ, ਪਪਿਆਲ ਨੂੰ 1.44 ਲੱਖ ਰੁਪਏ, ਨਾਲਾ ਨੂੰ 2.40 ਲੱਖ ਰੁਪਏ, ਗੜਮਲ ਨੂੰ 1.44 ਲੱਖ ਰੁਪਏ, ਘਰੋਟਾ ਨੂੰ 2.40 ਲੱਖ ਰੁਪਏ, ਨੱਕੀ ਨੂੰ 1.44 ਲੱਖ ਰੁਪਏ, ਪਰਮਾਨੰਦ ਨੂੰ 3.60 ਲੱਖ ਰੁਪਏ ਅਤੇ ਮੀਲਵਾ ਨੂੰ



2.40 ਲੱਖ ਰੁਪਏ ਪਿੰਡ ਵਿੱਚ ਸੋਲਰ ਲਾਈਟ ਅਤੇ ਆਧੁਨੀਕਰਨ ਲਈ ਗ੍ਰਾਂਟ ਦੀ ਵੰਡ ਕੀਤੀ ਗਈ। ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜ ਲਈ ਫੰਡਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਬਹੁਤ ਹੀ ਤੇਜੀ ਦੇ ਨਾਲ ਲੋਕਾਂ ਦੀ ਸੇਵਾ ਲਈ ਲੱਗੇ ਰਹਿੰਦੇ ਹਨ ਵਿਕਾਸ ਕਾਰਜਾਂ ਲਈ ਉਪਰਾਲੇ ਕਰਦੇ ਰਹਿੰਦੇ ਹਨ।

ਮੈਂ ਬਹੁਤ ਹੀ ਧੰਨਵਾਦੀ ਹਾਂ ਕਿ ਜਿਸ ਵਿਸ਼ਵਾਸ ਨਾਲ ਲੋਕਾਂ ਨੇ ਉਨ੍ਹਾਂ ਨੂੰ ਮਾਨ ਸਨਮਾਨ ਦਿੱਤਾ ਹੈ ਇਸ ਦੇ ਸਦਕਾ ਹੀ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਉਨ੍ਹਾਂ ਨੂੰ ਕੈਬਨਿਟ ਵਿੱਚ ਜਗ੍ਹਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਲੋਕਾਂ ਦੀ ਜਿੱਤ ਹੈ ਅਤੇ ਉਨ੍ਹਾਂ ਦੇ ਧਿਆਨ ਵਿੱਚ ਲੋਕ ਜੋ ਵੀ ਸਮੱਸਿਆ ਲੈ ਕੇ ਆਉਂਦੇ ਹਨ ਉਨ੍ਹਾਂ ਦੀ ਕੋਸਿਸ ਹੁੰਦੀ ਹੈ ਕਿ ਇਹ ਮਸਲੇ ਪਹਿਲ ਦੇ ਅਧਾਰ ਤੇ ਹੱਲ ਕੀਤੇ ਜਾਣ ਤਾਂ ਜੋ ਲੋਕ ਜਿਨ੍ਹਾਂ ਕੰਮਾਂ ਨੂੰ ਹੋਣ ਦੀ ਉਮੀਦ ਪਿਛਲੇ ਕਈ ਸਾਲਾਂ ਤੋਂ ਲਗਾਈ ਬੈਠੇ ਸੀ ਉਨ੍ਹਾਂ ਕਾਰਜਾਂ ਲਈ ਹੋਰ ਇੰਤਜਾਰ ਨਾ ਕਰਨਾ ਪਵੇ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਗਰ ਉਨ੍ਹਾਂ ਦੇ ਇਲਾਕੇ ਦੀ ਕੋਈ ਵੀ ਸਮੱਸਿਆ ਹੈ ਜਿਸ ਨਾਲ ਲੋਕਾਂ ਨੂੰ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਕ੍ਰਿਪਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤਾਂ ਜੋ ਉਸ ਸਮੱਸਿਆ ਨੂੰ ਜਲਦੀ ਹੱਲ ਕੀਤਾ ਜਾਵੇ।

# ਅੰਤਰ ਰਾਸਟਰੀ ਮਹਿਲਾ ਦਿਵਸ ਨੂੰ ਸਮਰਪਿਤ ਦੇ ਜਿਲ੍ਹਾ ਪੱਧਰੀ ਅੰਤਰ ਰਾਸਟਰੀ ਮਹਿਲਾ ਟੂਰਨਾਮੈਂਟ-2023 ਕਰਵਾਇਆ

**ਪਠਾਨਕੋਟ, 13 ਮਾਰਚ (ਰਾਜਿੰਦਰ ਸਿੰਘ ਰਾਜਨ)–** ਮਲਟੀਪਰਪਜ ਸਪੋਰਟਸ ਸਟੇਡੀਅਮ ਲਮੀਨੀ ਪਠਾਨਕੋਟ ਵਿਖੇ ਅੰਤਰ ਰਾਸਟਰੀ ਮਹਿਲਾ ਦਿਵਸ ਨੂੰ ਸਮਰਪਿਤ ਜਿਲ੍ਹਾ ਪੱਧਰੀ ਅੰਤਰ ਰਾਸਟਰੀ ਮਹਿਲਾ ਟੂਰਨਾਮੇਂਟ -2023 ਕਰਵਾਇਆ ਗਿਆ। ਜਿਸ ਵਿੱਚ ਐਥਲੈਟਿਕਸ ਖੇਡ ਦੇ ਵੱਖ ਵੱਖ ਇਵੈਂਟ ਕਰਵਾਏ ਗਏ। ਜਿਸ ਵਿੱਚ ਅੰਡਰ-14,17,21, ਅਤੇ 21-40 ਉਮਰ ਵਰਗ ਦੀਆਂ ਖਿਡਾਰਨਾਂ ਨੇ ਭਾਗ ਲਿਆ। ਜੇਤੂ ਰਹਿਣ ਵਾਲੀਆਂ ਖਿਡਾਰਣਾਂ ਨੂੰ ਮੈਡਲ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੋਕੇ ਤੇ ਜਿਲ੍ਹਾ ਖੇਡ ਅਫਸਰ ਪਠਾਨਕੋਟ ਸ੍ਰੀਮਤੀ ਸਤਵੰਤ ਕੌਰ, ਸ੍ਰੀਮਤੀ ਪੂਜਾ ਰਾਣੀ ਫੁੱਟਬਾਲ ਕੋਚ, ਸ੍ਰੀ ਸੈਮੂਅਲ ਵਥਸ਼ ਫੁੱਟਵਾਲ ਕੋਚ, ਸ੍ਰੀ ਚੰਦਰ ਮਹਾਜਨ ਤੈਰਾਕੀ ਕੋਚ ਅਤੇ ਸਮੂਹ ਸਟਾਫ ਹਾਜ਼ਰ ਸਨ।





ਜਿਲ੍ਹਾ ਖੇਡ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਟੂਰਨਾਮੈਂਟ ਦੋਰਾਨ ਵਰਗ 14 ਅਧੀਨ 100 ਮੀਟਰ ਰੇਸ ਵਿੱਚ ਸੁਮਨ ਨੇ ਪਹਿਲਾ, ਸੀਤਲ ਨੇ ਦੂਸਰਾ ਅਤੇ ਕਲਪਨਾ ਨੇ ਤੀਸਰਾ ਸਥਾਨ, ਵਰਗ 17 ਵਿੱਚ 100 ਮੀਟਰ ਰੇਸ ਵਿੱਚ ਰਿਤਮ ਨੇ ਪਹਿਲਾ, ਅਸਮਿਤਾ ਨੇ ਦੂਸਰਾ ਅਤੇ ਹਿਤਾਕਸੀ ਨੇ ਤੀਸਰਾ ਸਥਾਨ, ਵਰਗ 21 ਵਿੱਚ 100 ਮੀਟਰ ਰੇਸ ਵਿੱਚ ਸੁਨੇਹਾ ਠਾਕੁਰ ਨੇ ਪਹਿਲਾ, ਸੂਨੈਨਾ ਨੇ ਦੂਸਰਾ ਅਤੇ ਸੀਤੂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਹੀ ਤਰ੍ਹਾਂ ਵਰਗ 21-40 ਅਧੀਨ 100 ਮੀਟਰ ਰੇਸ ਵਿੱਚ ਮੀਨਾਕਸੀ ਨੇ ਪਹਿਲਾ, ਪਲਕ ਸਰਮਾ ਨੇ ਦੂਸਰਾ ਅਤੇ ਰੇਨੂੰ ਸਰਮਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

# ਜੀ.ਐਨ.ਡੀ.ਯੂ. ਕਾਲਜ ਪਠਾਨਕੋਟ ਵਿਖੇ ਸਿੱਖਿਅਕ ਅਤੇ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ ਆਯੋਜਿਤ

**ਪਠਾਨਕੋਟ, ਮਾਰਚ (ਰਾਜਿੰਦਰ ਸਿੰਘ ਰਾਜਨ)** ਜੀ.ਐਨ.ਡੀ.ਯੂ. ਕਾਲਜ ਪਠਾਨਕੋਟ ਵਿੱਖੇ ਪ੍ਰਿ: ਡਾ. ਅਰਪਨਾ ਦੀ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਸਿੱਖਿਅਕ ਅਤੇ ਜਾਗਰੁਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੋਰਾਨ ਨਸੀਲੇ ਪਦਾਰਥਾਂ ਦੇ ਨਾਲ ਜਿੰਦਗੀ ਤੇ ਪੈਂਦੇ ਮਾੜੇ ਪ੍ਰਭਾਵਾਂ ਦੇ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਪ੍ਰੋਗਰਾਮ ਦੋਰਾਨ ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ.




ਪਠਾਨਕੋਟ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਸਿਵਲ ਹਸਪਤਾਲ ਪਠਾਨਕੋਟ ਵਿਖੇ ਨਸਾ ਛੁਡਾਓ ਕੇਂਦਰ ਵਿਖੇ ਸੰਚਾਲਕ ਡਾ. ਗੁਲਮੋਹਰ ਸਿੰਘ ਮੁੱਖ ਵਕਤਾ ਦੇ ਤੋਰ ਤੇ ਹਾਜਰ ਹੋਏ।

ਪ੍ਰੋਗਰਾਮ ਦਾ ਸੁਭਅਰੰਭ ਮਾਂ ਸਰਸਵਤੀ ਦੀ ਬੰਦਨਾ ਕਰਕੇ ਕੀਤਾ ਗਿਆ ਅਤੇ ਦੀਪਕ ਰੋਸਨ ਕੀਤਾ ਗਿਆ। ਪ੍ਰੋਗਰਾਮ ਦੋਰਾਨ ਡਾ. ਗੁਲਮੋਹਰ ਸਿੰਘ ਨੇ ਦੱਸਿਆ ਕਿ ਅਗਰ ਅਸੀਂ ਮਾਨਸਿਕ ਤੋਰ ਤੇ ਸਿਹਤਮੰਦ ਹਾਂ ਤਾਂ ਅਸੀਂ ਸਰੀਰਿਕ ਤੋਰ ਤੇ ਵੀ ਸਿਹਤਮੰਦ ਹਾਂ। ਉਨ੍ਹਾਂ ਕਿਹਾ ਕਿ ਅਗਰ ਕੋਈ ਵਿਅਕਤੀ ਨਸੇ ਦਾ ਆਦਿ ਹੋ ਜਾਂਦਾ ਹੈ ਤਾਂ ਉਸ ਨੂੰ ਸਮਾਜ ਵਿੱਚ ਰੱਖ ਕੇ ਹੀ ਨਸਾ ਛੁਡਾਉਂਣ ਲਈ ਜਾਗਰੁਕ ਕੀਤਾ ਜਾ ਸਕਦਾ ਹੈ। ਸ੍ਰੀ ਕਾਲਾ ਰਾਮ ਕਾਂਸਲ ਨੇ ਸੰਬੋਧਤ ਕਰਦਿਆਂ ਕਿਹਾ ਕਿ ਅਨੁਸਾਸਨ ਵਿੱਚ ਰਹਿ ਕੇ ਹੀ ਅਸੀਂ ਅਪਣੇ ਉਦੇਸ ਨੂੰ ਪ੍ਰਾਪਤ ਕਰ ਸਕਦੇ ਹਾਂ। ਸਾਨੂੰ ਚਾਹੀਦਾ ਹੈ ਕਿ ਅਸੀਂ ਅਨੁਸਾਸਨ ਵਿੱਚ ਰਹਿਏ ਅਤੇ ਨਸੇ ਤੋਂ ਦੂਰ ਰਹੀਏ। ਇਸ ਮੋਕੇ ਤੇ ਡਾ. ਅਰਪਨਾ ਪ੍ਰਿੰਸੀਖਲ ਜ਼ੀ.ਐਨ.ਡੀ.ਯੂ. ਨੇ ਮੁੱਖ ਮਹਿਮਾਨ ਜੀ ਨੂੰ ਯਾਦਗਾਰ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ।


## ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਕੁਤਾਹੀ

# ਕਾਰਵਾਈ ਤੋਂ ਪਹਿਲਾਂ ਕੇਂਦਰ ਨਾਲ ਰਾਬਤਾ ਕਰਨਗੇ ਮੁੱਖ ਮੰਤਰੀ

**ਚੰਡੀਗੜ੍ਹ–** ਮੁੱਖ ਮੰਤਰੀ ਭਗਵੰਤ ਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਹੋਈ ਸੁਰੱਖਿਆ ਕੁਤਾਹੀ ਮਾਮਲੇ ’ਚ ਐਕਸ਼ਨ ਟੇਕਨ ਰਿਪੋਰਟ ਬਾਰੇ ਫ਼ੈਸਲਾ ਲੈਣ ਤੋਂ ਪਹਿਲਾਂ ਕੇਂਦਰ ਸਰਕਾਰ ਨਾਲ ਰਾਬਤਾ ਕਰਨਗੇ। ਅਹਿਮ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਸੁਪਰੀਮ ਕੋਰਟ ਦੀ ਕਮੇਟੀ ਵੱਲੋਂ ਭੇਜੀ ਗਈ ਜਾਂਚ ਰਿਪੋਰਟ ਦੀ ਸਮੀਖਿਆ ਕਰਨਗੇ। ਆਖ਼ਰੀ ਫ਼ੈਸਲਾ ਲੈਣ ਤੋਂ ਪਹਿਲਾਂ ਉਹ ਭਲਕੇ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਸੰਪਰਕ ਕਰ ਸਕਦੇ ਹਨ। ਮੁੱਖ ਮੰਤਰੀ ਇਸ ਸੰਜੀਦਾ ਮਾਮਲੇ ’ਚ ਜਲਦਬਾਜ਼ੀ ਨਹੀਂ ਕਰਨਾ ਚਾਹੁੰਦੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਅੱਜ ਮੱਧ ਪ੍ਰਦੇਸ਼ ਦਾ ਦੌਰਾ ਖ਼ਤਮ ਹੋਣ ਮਗਰੋਂ ਇਸ ਸੁਰੱਖਿਆ ਕੁਤਾਹੀ ਮਾਮਲੇ ਨੂੰ ਤਰਜੀਹ ’ਤੇ ਰੱਖ ਰਹੇ ਹਨ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਇਸ ਮਸਲੇ ’ਤੇ ਸੁਪਰੀਮ ਕੋਰਟ ਵੱਲੋਂ ਕੀਤੀ ਪੜਤਾਲ ’ਚ ਜ਼ਿੰਮੇਵਾਰ ਠਹਿਰਾਏ ਅਧਿਕਾਰੀਆਂ ਖ਼ਿਲਾਫ਼ ਕਦਮ ਵੀ ਚੁੱਕਣਾ ਚਾਹੁੰਦੀ ਹੈ ਅਤੇ ਇਸ ਗੱਲ ’ਤੇ ਵੀ ਗ਼ੌਰ ਕਰ ਰਹੀ ਹੈ ਕਿ ਕੋਈ ਫ਼ੈਸਲਾ ਲਏ ਜਾਣ ਨਾਲ ਪੁਲੀਸ ਦੇ ਉੱਚ ਅਧਿਕਾਰੀ ਹਤਾਸ਼ ਨਾ ਹੋਣ। ਮੁੱਖ ਸਕੱਤਰ ਵੀ.ਕੇ.ਜੰਜੂਆ ਨੇ ਕਾਰਵਾਈ ਲਈ ਫਾਈਲ ਮੁੱਖ ਮੰਤਰੀ ਕੋਲ ਭੇਜ ਦਿੱਤੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਦੂਸਰੀ ਦਫ਼ਾ ਪੰਜਾਬ ਸਰਕਾਰ ਤੱਕ ਪਹੁੰਚ ਕਰਕੇ ਸੁਰੱਖਿਆ ਕੁਤਾਹੀ ਮਾਮਲੇ ’ਤੇ ਐਕਸ਼ਨ ਟੇਕਨ ਰਿਪੋਰਟ ਜਲਦ ਭੇਜਣ ਲਈ ਕਿਹਾ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਅਲੱਗ ਅਲੱਗ ਪੱਖਾਂ ਤੋਂ ਵਾਚ ਕੇ ਇਸ ਮਾਮਲੇ ’ਤੇ ਫ਼ੈਸਲਾ ਲੈਣਾ ਚਾਹੁੰਦੇ ਹਨ। ਚਰਚੇ ਇਹ ਵੀ ਹਨ ਕਿ ਜਿਹੜੇ 9 ਉੱਚ ਅਧਿਕਾਰੀ ਜਾਂਚ ਰਿਪੋਰਟ ਵਿਚ ਕਾਰਵਾਈ ਤੋਂ ਪਹਿਲਾਂ ਕੇਂਦਰ ਨਾਲ ਰਾਬਤਾ ਕਰਨਗੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਕਾਫ਼ੀ ਕਰੀਬ ਹੈ। ਪੰਜਾਬ ਦਾ ਇੱਕ ਵੱਡਾ ਪੁਲੀਸ ਅਧਿਕਾਰੀ ਅਤੇ ਸਿਵਲ ਪ੍ਰਸ਼ਾਸਨ ਦਾ ਇੱਕ ਅਹਿਮ ਅਧਿਕਾਰੀ ਜਾਂਚ ’ਚ ਜ਼ਿੰਮੇਵਾਰ ਠਹਿਰਾਏ ਗਏ, ਦੋ ਉੱਚ ਪੁਲੀਸ ਅਫ਼ਸਰਾਂ ਦੀ ਪਿੱਠ ਵੀ ਥਾਪੜ ਰਹੇ ਹਨ। ਪੰਜਾਬ ਸਰਕਾਰ ਹੁਣ ਕੇਂਦਰ ਤੱਕ ਪਹੁੰਚ ਕਰਕੇ ਇਹ ਤਰਕ ਵੀ ਰੱਖਣਾ ਚਾਹੁੰਦੀ ਹੈ ਕਿ ਜਦੋਂ ਸੁਰੱਖਿਆ ਕੁਤਾਹੀ ਦੀ ਘਟਨਾ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਬਾਰਾ ਪੰਜਾਬ ਦਾ ਦੌਰਾ ਕਰ ਚੁੱਕੇ ਹਨ, ਰਾਸ਼ਟਰਪਤੀ ਵੀ ਦੌਰਾ ਕਰ ਚੁੱਕੇ ਹਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਦੋ ਦਫ਼ਾ ਪੰਜਾਬ ਆ ਚੁੱਕੇ ਹਨ ਤਾਂ ਚੋਣਾਂ ਮੌਕੇ ਹੋਈ ਇਸ ਘਟਨਾ ਲਈ ਜ਼ਿੰਮੇਵਾਰ ਪਾਏ ਗਏ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਨੂੰ ਨਰਮੀ ਨਾਲ ਲਿਆ ਜਾਵੇ।



### ਇਨ੍ਹਾਂ ਅਧਿਕਾਰੀਆਂ ’ਤੇ ਡਿੱਗ ਸਕਦੀ ਹੈ ਗਾਜ਼


ਸੁਪਰੀਮ ਕੋਰਟ ਵੱਲੋਂ ਗਠਿਤ ਕਮੇਟੀ ਦੀ ਰਿਪੋਰਟ ਵਿਚ ਤਤਕਾਲੀ ਮੁੱਖ ਸਕੱਤਰ ਅਨਿਰੁਧ ਤਿਵਾੜੀ, ਤਤਕਾਲੀ ਡੀਜੀਪੀ ਚਟੋਪਾਧਿਆਏ, ਉਦੋਂ ਦੇ ਏ.ਡੀ.ਜੀ.ਪੀ ਨਾਗੇਸ਼ਵਰ ਰਾਓ ਤੇ ਨਰੇਸ਼ ਅਰੋੜਾ, ਆਈ.ਜੀ ਰਾਕੇਸ਼ ਅਗਰਵਾਲ, ਇੰਦਰਬੀਰ ਸਿੰਘ, ਸੁਰਜੀਤ ਸਿੰਘ ਆਈ.ਜੀ (ਹੁਣ ਰਿਟਾ) ਤੋਂ ਇਲਾਵਾ ਫ਼ਿਰੋਜ਼ਪੁਰ ਦੇ ਤਤਕਾਲੀ ਐੱਸ.ਐੱਸ.ਪੀ. ਹਰਮਨਦੀਪ ਹਾਂਸ ’ਤੇ ਉਂਗਲ ਉਠਾਈ ਗਈ ਹੈ। ਮੁੱਖ ਮੰਤਰੀ ਵੱਲੋਂ ਕੇਂਦਰ ਸਰਕਾਰ ਨਾਲ ਮਸ਼ਵਰੇ ਮਗਰੋਂ ਜੋ ਫ਼ੈਸਲਾ ਲਿਆ ਜਾਵੇਗਾ, ਉਸ ਵਿਚ ਇਨ੍ਹਾਂ ਅਧਿਕਾਰੀਆਂ ’ਤੇ ਗਾਜ਼ ਡਿੱਗ ਸਕਦੀ ਹੈ। ਵੇਰਵਿਆਂ ਅਨੁਸਾਰ ਪੰਜ ਮੈਂਬਰੀ ਪੈਨਲ ਨੇ ਜਾਂਚ ਵਿਚ ਪਾਇਆ ਕਿ ਪੰਜਾਬ ਦੇ ਏਡੀਜੀਪੀ ਜੀ.ਨਾਗੇਸ਼ਵਰ ਰਾਓ ਵੱਲੋਂ ਦੋ ਘੰਟੇ ਪਹਿਲਾਂ ਫ਼ਿਰੋਜ਼ਪੁਰ ਦੇ ਐੱਸ.ਐੱਸ.ਪੀ. ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਪ੍ਰਧਾਨ ਮੰਤਰੀ ਦਾ ਕਾਫ਼ਲਾ ਸੜਕੀ ਰਸਤੇ ਗੁਜ਼ਰੇਗਾ। ਪੈਨਲ ਨੇ ਰਿਪੋਰਟ ’ਚ ਦੱਸਿਆ ਕਿ ਫ਼ਿਰੋਜ਼ਪੁਰ ਦੇ ਐੱਸ.ਐੱਸ.ਪੀ ਪ੍ਰਧਾਨ ਮੰਤਰੀ ਦੇ ਸੜਕੀ ਰੂਟ ’ਤੇ ਧਰਨਾ ਹੋਣ ਦੀ ਜਾਣਕਾਰੀ ਹੋਣ ਦੇ ਬਾਵਜੂਦ ਰੂਟ ਨੂੰ ਸੁਰੱਖਿਅਤ ਰੱਖਣ ਵਿਚ ਅਸਫਲ ਰਹੇ, ਹਾਲਾਂਕਿ ਐੱਸ.ਐੱਸ.ਪੀ. ਕੋਲ ਸਮਾਂ ਵੀ ਸੀ ਅਤੇ ਪੁਲੀਸ ਫੋਰਸ ਵੀ ਸੀ।

### ਗ਼ਲਤੀ ਕਰਨ ਵਾਲੇ ਅਧਿਕਾਰੀਆਂ ਖਿਲਾਫ਼ ਕਾਰਵਾਈ ਹੋਵੇਗੀ: ਚੀਮਾ

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਗ਼ਲਤੀ ਕਰਨ ਵਾਲੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪਿਛਲੀ ਕਾਂਗਰਸ ਸਰਕਾਰ ਪ੍ਰਧਾਨ ਮੰਤਰੀ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਨਾਕਾਮ ਰਹੀ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ’ਚ ਕੁਤਾਹੀ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਨਵਾਂਸ਼ਹਿਰ ਨੂੰ ਮੈਡੀਕਲ ਕਾਲਜ ਦੀ ਸਹੂਲਤ ਦੇ ਕੇ ਸ਼ਹੀਦ-ਏ-ਆਜ਼ਮ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾਵੇ-ਡਾ: ਨਛੱਤਰ ਪਾਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਵਿਧਾਨ ਸਭਾ ਵਿਚ ਪਹੁੰਚਣਾ ਹਰ ਕੋਈ ਲੋਚਦਾ ਹੈ। ਪਰ ਅੰਦਰ ਜਾ ਕੇ ਪਵਿੱਤਰ ਸਦਨ ਦੇ ਸਾਹਮਣੇ ਆਪਣੀ ਤੇ ਆਪਣੇ ਸਮਾਜ ਦੀ ਗੱਲ ਹਿੱਕ ਠੋਕ ਕੇ ਕਰਨ ਲਈ ਜਿਗਰੇ ਦੀ ਲੋੜ ਹੁੰਦੀ ਹੈ, ਜੋ ਹਰ ਕਿਸੇ ਕੋਲ ਨਹੀਂ ਹੁੰਦਾ। ਆਪਣੇ ਸਮਾਜ ਦੀ ਹਰ ਗੱਲ ਠੋਕ ਵਜਾ ਕੇ ਸਦਨ ਸਾਹਮਣੇ ਰੱਖਣ ਦਾ ਜਿਗਰਾ ਬਹੁਜਨ ਸਮਾਜ ਪਾਰਟੀ ਦੇ ਇਕਲੌਤੇ ਵਿਧਾਇਕ ਦੇ ਹਿੱਸੇ ਹੀ ਆਇਆ ਲੱਗਦਾ ਹੈ। ਨਵਾਂਸ਼ਹਿਰ ਤੋਂ ਬਹੁਜਨ ਸਮਾਜ ਪਾਰਟੀ ਦੇ ਇਕਲੌਤੇ ਵਿਧਾਇਕ ਡਾਕਟਰ ਨਛੱਤਰ ਪਾਲ ਵਲੋਂ ਚੱਲ ਰਹੇ ਸਦਨ ਵਿੱਚ ਹਰ ਦਿਨ ਆਪਣੇ ਸਮਾਜ ਦੀ ਬਾਂਹ ਫੜ ਕੇ ਸਦਨ ਅੰਦਰ ਦੁੱਖ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲ ਕੇ ਇਲਾਕੇ ਵਾਸਤੇ ਮੈਡੀਕਲ ਕਾਲਜ ਦੀ ਲਿਖਤੀ ਦਰਖਾਸਤ ਕਰਕੇ ਮੰਗ ਕੀਤੀ



ਹੈ। ਆਪਣੇ ਵਾਰੇ ਦੱਸਦਿਆਂ ਵਿਧਾਇਕ ਨੇ ਦੱਸਿਆ ਕਿ ਮੇਰਾ ਇਲਾਕਾ ਮੈਡੀਕਲ ਸਹੂਲਤਾਂ ਤੋਂ ਕਿੰਨਾ ਸੱਖਣਾ ਹੈ ਤੇ ਇਲਾਕੇ ਨੂੰ ਇਸ ਦੀ ਕਿੰਨੀ ਜਰੂਰਤ ਹੈ। ਵਿਧਾਇਕ ਨੇ ਚਿੱਠੀ ਵਿੱਚ ਲਿਖਿਆ ਕਿ ਸ਼ਹਿਰ ਦਾ 100 ਬੈਡ ਦਾ ਸਿਵਲ ਹਸਪਤਾਲ ਜੋ ਪੰਜ ਏਕੜ ਦੇ ਵਿੱਚ ਚੰਡੀਗੜ੍ਹ ਰੋਡ ਤੇ ਬਣਿਆ ਹੈ, ਉਸਦੇ ਨਾਲ 23 ਏਕੜ ਜਮੀਨ ਬਰਨਾਲਾ ਪੰਚਾਇਤ ਦੀ ਆਪਣੀ ਹੈ। ਮੈਂ ਉਨ੍ਹਾਂ ਨਾਲ ਮੈਡੀਕਲ ਕਾਲਜ ਬਣਾਉਣ ਲਈ ਸੰਪਰਕ ਕਰਿਆ ਤਾਂ ਉਹ ਪੰਚਾਇਤੀ ਜਮੀਨ ਦੇਣ ਲਈ ਰਾਜੀ ਹੋ ਗਏ। ਉਨ੍ਹਾ ਦੱਸਿਆ ਕਿ ਇਸ ਜਮੀਨ ਤੇ ਮੈਡੀਕਲ ਕਾਲਜ ਬਣਨ ਨਾਲ ਨਵਾਂਸ਼ਹਿਰ, ਬੰਗਾ, ਬਲਾਚੌਰ, ਗੜ੍ਹਸ਼ੰਕਰ, ਰਾਹੋਂ, ਚੱਬੇਵਾਲ, ਫਿਲੌਰ, ਫਗਵਾੜਾ, ਮਾਛੀਵਾੜਾ ਦੇ ਲੋਕਾਂ ਨੂੰ ਲੁਧਿਆਣਾ ਜਾ ਚੰਡੀਗੜ੍ਹ ਵਰਗੇ ਦੂਰ ਵੱਸਦੇ ਸ਼ਹਿਰਾਂ ਵਿੱਚ ਇਲਾਜ ਲਈ ਜਾਣ ਤੋਂ ਬਚਾਇਆ ਜਾ ਸਕਦਾ ਹੈ।

ਜਿਸ ਨਾਲ ਇਲਾਕੇ ਨੂੰ ਬਹੁਤ ਫਾਇਦਾ ਹੋਵੇਗਾ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਨਾਮ ਤੇ ਇਸ ਇਲਾਕੇ ਵਿੱਚ ਮੈਡੀਕਲ ਕਾਲਜ ਬਣਾ ਕੇ ਅਸੀਂ ਸ਼ਹੀਦ-ਏ-ਆਜ਼ਮ ਨੂੰ ਸੱਚੀ ਸ਼ਰਧਾਂਜਲੀ ਵੀ ਦੇ ਦਿਆਂਗੇ ਤੇ ਇਲਾਕੇ ਦੇ ਲੋਕਾਂ ਆਪਣੇ ਘਰਾਂ ਵਿੱਚ ਸਸਤੀਆਂ ਸਿਹਤ ਸਹੂਲਤਾਂ ਵੀ ਮੁਹੱਈਆ ਕਰਵਾ ਸਕਦੇ ਹਾਂ। ਉਹਨਾਂ ਭਗਵੰਤ ਮਾਨ ਸਰਕਾਰ ਤੋਂ ਪੁਰਜੋਰ ਮੰਗ ਕਰਦਿਆ  ਕਿਹਾ ਕਿ ਮੇਰੀ ਇਸ ਇਲਾਕੇ ਪ੍ਰਤੀ ਮੰਗ ਤੇ ਗੌਰ ਕਰਕੇ ਛੇਤੀ ਹੀ ਸਹੂਲਤ ਦੇਣ ਦਾ ਭਰੋਸਾ ਦਿੱਤਾ ਜਾਵੇ ਜੋ ਤੁਹਾਡੀ ਸਰਕਾਰ ਦੀ ਸੋਚ ਵੀ ਹੈ।

# ਸ਼ਹੀਦ-ਏ-ਆਜ਼ਮ ਦੀ 23 ਮਾਰਚ ਦੀ ਹੁਸ਼ਿਆਰਪੁਰ ਰੈਲੀ ਇਤਿਹਾਸਕ ਹੋਵੇਗੀ- ਮੱਟੂ, ਭੱਜਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਆਜ਼ਾਦੀ ਦੀ 75 ਵੀਂ ਵਰੇਗੰਢ ਦੇ ਮੌਕੇ ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਤੇ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜੀ ਦੇ ਜਨਮ ਦਿਨ ਮੌਕੇ ਤੇ ਸੀ ਪੀ ਆਈ ਐਮ ਵਲੋਂ ਹੁਸ਼ਿਆਰਪੁਰ ਵਿਖੇ ਇਤਿਹਾਸਕ ਰੈਲੀ ਹੋਵੇਗੀ। ਜਿਸਨੂੰ ਵਿਸ਼ੇਸ਼ ਤੌਰ ਤੇ ਕੌਮੀ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਸੰਬੋਧਨ ਕਰਨਗੇ। ਜਿਸ ਦੀਆਂ ਪੰਜਾਬ ਭਰ ਵਿੱਚ ਤਿਆਰੀਆਂ ਹੋ ਰਹੀਆਂ ਹਨ। ਕਾਮਰੇਡ ਗੁਰਨੇਕ ਭੱਜਲ ਤੇ ਕਾਮਰੇਡ ਦਰਸ਼ਨ ਮੱਟੂ ਨੇ ਪੰਜਾਬ ਦੀ ਮੌਜੂਦਾ ਰਾਜਨੀਤਕ ਸਥਿਤੀ ਤੇ ਬੋਲਦਿਆਂ ਕਿਹਾ ਕਿ ਪਿਛਲੇ ਦਿਨੀਂ ਦੋ ਰੋਜ਼ਾ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਨੋਟ ਕੀਤਾ ਹੈ ਕਿ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਦਿਨ ਬ ਦਿਨ ਮਾੜੀ ਹੁੰਦੀ ਜਾ ਰਹੀ ਹੈ। ਪੁਲਿਸ ਥਾਣਿਆਂ ਉਤੇ ਹਮਲੇ ਦਿਨ ਦਿਹਾੜੇ ਕਤਲਾਂ ਦੀਆਂ ਵਾਰਦਾਤਾਂ ਵਧੀਆਂ ਹਨ। ਪੰਜਾਬ ਸਰਕਾਰ ਦਾ ਇਸ ਵਲ ਕੋਈ ਧਿਆਨ ਨਹੀਂ ਹੈ। ਸਰਕਾਰੀ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਵਧਿਆ ਹੈ। ਇਸ ਸਰਕਾਰ ਦਾ ਬਚਕਾਨਾ ਪੱਖ ਸਿੱਧ ਕਰਦਾ ਹੈ ਕਿ ਭਗਵੰਤ ਮਾਨ ਨੂੰ ਤਜਰਬੇ ਦੀ ਘਾਟ ਹੈ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਕਾਮਰੇਡ ਹਰਕ੍ਰਿਸ਼ਨ ਸੁਰਜੀਤ ਸਿੰਘ ਦੇ ਜਨਮਦਿਨ ਤੇ 23



ਮਾਰਚ ਨੂੰ ਕੌਮੀ ਝਡਾ ਗੜ੍ਹਸ਼ੰਕਰ ਵਿਖੇ ਲਹਰਾਇਆ ਜਾਵੇਗਾ। ਪੰਜਾਬ ਭਰ ਦੀ ਵਿਸ਼ਲ ਕੱਠ ਸੀ ਪੀ ਆਈ ਐਮ ਦੇ ਕੌਮੀ ਸਕੱਤਰ ਸੀਤਾ ਰਾਮ ਤੇ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸੂਬਾਈ ਸਕੱਤਰ ਕਮੇਟੀ ਮੈਂਬਰ ਸੀ ਪੀ ਆਈ ਐਮ ਹੋਰ ਆਗੂ ਸਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਜਦੋਂ 1932 ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਪਹਿਲੀ ਬਰਸੀ ਸੀ ਤੇ ਉਸ ਦਿਨ ਸਾਰੇ ਹਿੰਦੋਸਤਾਨ ਵਿਚ ਅੰਗਰੇਜਾਂ ਦੇ ਝੰਡੇ ਉਤਾਰਨ ਲਈ ਤੇ ਕੌਮੀ ਝੰਡੇ ਚੜਾਉਣ ਲਈ ਸਾਰੇ ਦੇਸ ਭਰ ਵਿਚ ਕਾਲ ਸੀ ਇਨ੍ਹਾਂ ਕਿਹਾ ਕਿ ਇੱਕਲਾ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਮਾਣ ਹੈ ਉਸ ਸਮੇਂ ਕਾਮਰੇਡ ਸਰਜੀਤ ਸਿੰਘ ਦੁਆਰਾ ਹੁਸ਼ਿਆਰਪੁਰ ਵਿੱਚ ਗੋਰੀ ਹਕੂਮਤ ਦਾ ਝੰਡਾ ਉਤਾਰਨ ਕੇ ਤਿਰੰਗਾ ਝੰਡਾ ਲਹਿਰਾਇਆ ਸੀ। ਇਸ ਦਿਨ ਨੂੰ ਵਿਸੇਸ਼ ਤੌਰ ਤੇ ਸਾਥੀਆਂ ਵਲੋਂ ਵੱਡੇ ਪੱਧਰ ਤੇ ਮਨਾਇਆ ਜਾਵੇਗਾ।

# ਮਹਿਲਾ ਦਿਵਸ : ਸਾਹਿਤ ਦੇ ਵਿਹੜੇ 'ਮਹਿਲਾ ਸਸ਼ਕਤੀਕਰਨ' ਦੀ ਮਿਸਾਲ ਬਣੀ 'ਤ੍ਰਿਵੈਣੀ'

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਾਹਿਤ ਦੇ ਵਿਹੜੇ 'ਮਹਿਲਾ ਸਸ਼ਕਤੀਕਰਨ' ਦਾ ਮਿਸ਼ਨ ਲੈ ਕੇ ਤੁਰੀ ਕਸਬਾ ਔੜ ਦੀ 'ਤ੍ਰਿਵੈਣੀ' ਨੇ ਸੂਬਾ ਪੱਧਰ 'ਤੇ ਮਿਸਾਲ ਕਾਇਮ ਕੀਤੀ ਹੈ। ਇਸ 'ਚ ਨਾਮਵਰ ਸ਼ਾਇਰਾ ਰਜਨੀ ਸ਼ਰਮਾ, ਅਮਰ ਜਿੰਦ ਤੇ ਨੀਰੂ ਜੱਸਲ ਸ਼ਾਮਲ ਹਨ। ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਦੇ ਬੈਨਰ ਹੇਠ ਇਹ ਕ੍ਰਮਵਾਰ ਪ੍ਰਧਾਨ, ਸਕੱਤਰ ਅਤੇ ਖਜ਼ਾਨਚੀ ਦੇ ਅਹੁਦੇ ਵਜੋਂ ਕਾਰਜਸ਼ੀਲ ਹਨ। 'ਸੂਬੇ 'ਚ ਇਹ ਇਕਲੌਤੀ ਸੰਸਥਾ ਹੈ ਜਿਸ ਦੀ ਅਗਵਾਈ ਔਰਤਾਂ ਕਰ ਰਹੀਆਂ ਹਨ। ਉਹਨਾਂ ਵਲੋਂ ਆਪਣਾ ਪਲੇਠਾ ਯਤਨ 'ਧੀਆਂ ਦੀ ਲੋਹੜੀ' ਵਜੋਂ ਪਿੰਡ ਪੱਦੀ




ਮੱਠਵਾਲੀ ਤੋਂ ਧੀਆਂ ਨੂੰ ਵੀ ਬਰਾਬਰ ਮਾਣ ਦੇਣ ਦੇ ਹੋਕੇ ਨਾਲ ਕੀਤਾ ਗਿਆ। ਇਵੇਂ ਪਿੰਡ ਕਰੀਹਾ ਵਿਖੇ ਵਿਦਿਆਰਥਣਾਂ ਦੀ ਮਹਿਲਾ ਵਰਗ ਨਾਲ ਸਬੰਧਤ ਆਮ ਗਿਆਨ ਦੇ ਅਧਾਰਿਤ 'ਲਿਖਤੀ ਪ੍ਰਤੀਯੋਗਤਾ' ਕਰਵਾਈ ਗਈ।

ਉਕਤ ਸੰਸਥਾ ਵਲੋਂ 'ਮਹਿਲਾ ਦਿਵਸ' ਮੌਕੇ ਵੀ ਵੱਖ ਵੱਖ ਖੇਤਰਾਂ ਨਾਲ ਸਬੰਧਤ ਮਹਿਲਾਵਾਂ ਨੂੰ ਪਿੰਡ ਖਟਕੜ ਕਲਾਂ ਵਿਖੇ ਸਨਮਾਨਿਤ ਗਿਆ। ਸੰਸਥਾ ਦੇ ਪ੍ਰਧਾਨ ਰਜਨੀ ਸ਼ਰਮਾ ਨੇ ਦੱਸਿਆ ਕਿ 'ਮਹਿਲਾ ਸਸ਼ਕਤੀਕਰਨ' ਨੂੰ ਸਮਰਪਿਤ ਸਮਾਗਮਾਂ ਦੀ ਆਰੰਭੀ ਲੜੀ ਤਹਿਤ ਵਿੱਦਿਅਕ ਅਦਾਰਿਆਂ ਅਤੇ ਪਿੰਡਾਂ/ਸ਼ਹਿਰਾਂ ਵਿੱਚ ਕਵਿਤਾ, ਭਾਸ਼ਣ, ਗੀਤ ਆਦਿ ਦੇ ਮੁਕਾਬਲੇ ਵੀ ਹੋਣਗੇ। ਇਸੇ ਤਰ੍ਹਾਂ 'ਤੀਆਂ' ਦੇ ਮੌਕੇ ਮਹਿਲਾ ਵਰਗ ਦੇ ਜਨ ਜੀਵਨ ਨਾਲ ਸਬੰਧਤ ਵਸਤੂਆਂ ਦੀ ਪ੍ਰਦਰਸ਼ਨੀ, 'ਸਾਹਿਤ ਖੇਤਰ ਵਿੱਚ ਮਹਿਲਾਵਾਂ ਦੀ ਭੂਮਿਕਾ' ਵਿਸ਼ੇ 'ਤੇ ਸੈਮੀਨਾਰ, ਨਾਮਵਰ ਮਹਿਲਾ ਸ਼ਾਇਰਾਂ ਦਾ ਕਵਿੱਤਰੀ ਦਰਬਾਰ, ਮਹਿਲਾ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਕੁਰੀਤੀਆਂ ਖਿਲਾਫ਼ 'ਜਾਗ੍ਰਤੀ ਮਾਰਚ' ਵੀ ਸ਼ਾਮਲ ਰਹੇਗਾ। ਸੰਸਥਾ ਦੇ ਸਲਾਨਾ ਸਮਾਗਮ ਵਿੱਚ ਇਸ ਵਰ੍ਹੇ ਦੇ ਪੰਜ 'ਨਵਜੋਤ ਪੁਰਸਕਾਰ' ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਲਈ ਸੇਵਾਵਾਂ ਨਿਭਾਉਣ ਵਾਲੀਆਂ ਮਹਿਲਾ ਹਸਤਾਖ਼ਰਾਂ ਨੂੰ ਹੀ ਪ੍ਰਦਾਨ ਕੀਤੇ ਜਾਣਗੇ।

ਦੱਸਣਯੋਗ ਹੈ ਕਿ ਇਹਨਾਂ ਮਹਿਲਾ ਅਹੁਦੇਦਾਰਾਂ 'ਚੋਂ ਰਜਨੀ ਸ਼ਰਮਾ ਦੀ ਪੁਸਤਕ 'ਕਤਰਾ ਵੀ ਇੱਕ ਸਮੁੰਦਰ', ਅਮਰ ਜਿੰਦ ਦੀ 'ਹਰਫ਼ਾਂ ਦੇ ਰੰਗ' ਅਤੇ ਨੀਰੂ ਜੱਸਲ ਦੀ 'ਨਾਮ ਤੁਸੀਂ ਆਪ ਰੱਖ ਲੈਣਾ' ਵੀ ਚਰਚਾ 'ਚ ਹਨ। ਇਹਨਾਂ ਮਹਿਲਾ ਅਹੁਦੇਦਾਰਾਂ ਦੇ ਨਾਲ ਹਰਬੰਸ ਕੌਰ, ਰਣਜੀਤ ਕੌਰ, ਇੰਦਰਪ੍ਰੀਤ ਕੌਰ, ਪ੍ਰੋ. ਸੰਦੀਪ ਕੌਰ, ਰੀਨਾ ਰਾਣੀ ਦੀ ਪੰਜ ਮੈਂਬਰੀ ਮਹਿਲਾ ਕਾਰਜਕਾਰਨੀ ਵੀ ਪੂਰਾ ਸਹਿਯੋਗ ਕਰ ਰਹੀ ਹੈ। ਇਸਤ੍ਰੀ ਜਾਗ੍ਰਤੀ ਮੰਚ ਪੰਜਾਬ ਦੀ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ, ਥਾਣਾ ਔੜ ਦੀ ਮੁਖੀ ਨਰੇਸ਼ ਕੁਮਾਰੀ, ਅਦਬੀ ਮਹਿਕ ਦੀ ਮੁੱਖ ਸੰਪਾਦਕਾ ਕਮਲਾ ਸੱਲ੍ਹਣ, ਹਲਕਾ ਬਲਾਚੌਰ ਦੀ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਵਲੋਂ ਵੀ ਇਨ੍ਹਾਂ ਦੇ ਉੱਦਮ ਦੀ ਸਲਾਘਾ ਕੀਤੀ ਹੈ।

# ਆਯੂਰਵੈਦਿਕ ਪ੍ਰੈਕਟੀਸ਼ਨਰ ਵੈਲਫੇਅਰ ਐਸੋਸੀਏਸ਼ਨ (ਰਜਿ:) ਵਲੋਂ ਵੈਦ ਹਰਭਜ ਮਹਿਮੀ ਪ੍ਰਧਾਨ ਚੁਣੇ ਗਏ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਆਯੂਰਵੈਦਿਕ ਪ੍ਰੈਕਟੀਸ਼ਨਰ ਵੈਲਫੇਅਰ ਐਸੋਸੀਏਸ਼ਨ ਰਜਿ



ਗੜ੍ਹਸ਼ੰਕਰ ਦੇ ਮੈਂਬਰਾਂ ਦੀ ਇਕ ਵਿਸੇਸ਼ ਮੀਟਿੰਗ ਸਤਿਗੁਰੂ ਰਵਿਦਾਸ ਗੁਰਦਵਾਰਾ ਸਾਹਿਬ ਬੰਗਾ ਚੌਂਕ ਗੜ੍ਹਸ਼ੰਕਰ ਵਿਖੇ ਹੋਈ ਜਿਸ ਦੀ ਅਗਵਾਈ ਵੈਦ ਜੋਗਿੰਦਰ ਸਿੰਘ ਸਰਪਰਸਤ ਜੀ ਨੇ ਕੀਤੀ। ਇਸ ਮੌਕੇ ਤੇ ਆਯੂਰਵੈਦਿਕ ਪ੍ਰੈਕਟੀਸ਼ਨਰ ਵੈਲਫੇਅਰ ਐਸੋਸੀਏਸ਼ਨ ਰਜਿ ਗੜ੍ਹਸ਼ੰਕਰ ਦੇ ਮੈਂਬਰਾਂ ਨੇ ਸਰਬ-ਸੰਮਤੀ ਨਾਲ ਚੋਣ ਕੀਤੀ ਜਿਸ ਵਿੱਚ ਵੈਦ ਹਰਭਜ ਸਿੰਘ ਮਹਿਮੀ ਨੂੰ ਤੀਸਰੀ ਵਾਰੀ ਪਰਧਾਨ ਚੁਣ ਲਿਆ ਗਿਆ। ਇਹ ਚੋਣ ਤਿੰਨ ਸਾਲ ਵਾਸਤੇ ਕੀਤੀ ਗਈ। ਇਸ ਮੌਕੇ ਤੇ ਵੈਦ ਮਹਿਮੀ ਨੇ ਕਿਹਾ ਕਿ ਐਗਜ਼ੈਕਟਿਵ ਬੌਡੀ ਪਹਿਲਾਂ ਦੀ ਤਰ੍ਹਾਂ ਕੰਮ ਕਰਦੀ ਰਹੇਗੀ।

ਸਾਨੂੰ ਸਾਰੇ ਵੈਦ ਸਾਹਿਬਾਨਾਂ ਨੂੰ ਰਲ ਮਿਲ ਕੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ। ਆਉਣ ਵਾਲੇ ਸਮੇਂ ਵਿੱਚ ਫਰੀ ਦਵਾਈਆਂ ਦਾ ਕੈਪ ਲਗਾਉਣਾ ਖੂਨ ਦਾਨ ਕੈਪ ਲਗਾਉਣਾ ਅਤੇ ਸੋਸਲ ਵੈਲਫੇਅਰ ਦੇ ਕੰਮ ਕਰਨਾ ਸਾਡਾ ਮੇਨ ਕੰਮ ਹੈ। ਇਸ ਮੌਕੇ ਤੇ ਵੈਦ ਹਰਭਜਨ ਸਿੰਘ ਸਹੂੰਗੜਾ ਸੈਕਟਰੀ ਸਾਹਿਬ ਨੇ ਆਏ ਹੋਏ ਵੈਦਾ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਵੈਦ ਜੋਗਿੰਦਰ ਸਿੰਘ ਸਰਪਰਸਤ ਜੀ ਵੈਦ ਹਰਭਜ ਸਿੰਘ ਮੈਹਿਮੀ ਪ੍ਰਧਾਨ, ਰਾਮ ਲਾਲ ਉਪ ਪ੍ਰਧਾਨ, ਵੈਦ ਅਜਮੇਰ ਸਿੰਘ ਉਪ ਪ੍ਰਧਾਨ, ਵੈਦ ਮਹਿੰਦਰ ਪਾਲ ਉਪ ਪ੍ਰਧਾਨ, ਵੈਦ ਕਿਸ਼ਨ ਬੱਧਣ, ਵੈਦ ਮਨਪ੍ਰੀਤ ਸੂਦ ਕੈਸੀਅਰ, ਵੈਦ ਕਸਮੀਰ ਸਿੰਘ, ਵੈਦ ਕੁਲਦੀਪ ਸਿੰਘ, ਵੈਦ ਉਂਕਾਰ ਨਾਥ, ਵੈਦ ਬਲਵਿੰਦਰ ਸਿੰਘ, ਵੈਦ ਜੋਗਿੰਦਰ ਪਾਲ ਸਿੰਘ, ਵੈਦ ਨਿਰਮਲ ਰਾਮ, ਵੈਦ ਰੌਣਕੀ ਰਾਮ, ਵੈਦ ਚਮਨ ਲਾਲ, ਵੈਦ ਅਸ਼ਵਨੀ ਕੁਮਾਰ, ਵੈਦ ਸਾਬਰ ਅਲੀ, ਵੈਦ ਗੁਰਮੁਖ ਸਿੰਘ ਅਤੇ ਹੋਰ ਬਹੁਤ ਸਾਰੇ ਵੈਦ ਸਾਥੀ ਪਹੁੰਚੇ ਹੋਏ ਸਨ।

# ਫਾਸ਼ੀਵਾਦੀ ਹਮਲਿਆਂ ਵਿਰੋਧੀ ਮੋਰਚੇ ਵਲੋਂ ਇੱਕ ਲਾਮਿਸਾਲ ਰੈਲੀ ਕੀਤੀ ਗਈ

**ਜਲੰਧਰ-** ਅੱਜ ਇਥੇ ਦੇਸ਼ ਭਗਤ ਯਾਦਗਾਰ ਦੇ ਖੁੱਲ੍ਹੇ ਭੰਡਾਲ ਵਿੱਚ ਸੀ.ਪੀ.ਆਈ., ਆਰ.ਐਮ.ਪੀ.ਆਈ., ਸੀ.ਪੀ.ਆਈ (ਐਮ.ਐਲ.) ਲਿਬਰੇਸ਼ਨ, ਸੀ.ਪੀ.ਆਈ. (ਐਮ.ਐਲ), ਨਿਊ ਡੈਮੋਕਰੇਸੀ, ਐਮ.ਸੀ.ਪੀ.ਆਈ. (ਯੂ), ਇਨਕਲਾਬੀ ਕੇਂਦਰ ਪੰਜਾਬ ਅਤੇ ਪੰਜਾਬ ਜਮਹੂਰੀ ਮੰਚ ਅਧਾਰਤ ਫਾਸ਼ੀਵਾਦੀ ਹਮਲਿਆਂ ਵਿਰੋਧੀ ਮੋਰਚੇ ਵਲੋਂ ਇੱਕ ਲਾਮਿਸਾਲ ਰੈਲੀ ਕੀਤੀ ਗਈ। ਰੈਲੀ ਦੀ ਪ੍ਰਧਾਨਗੀ ਹਰਦੇਵ ਸਿੰਘ ਅਰਸ਼ੀ, ਅਜਮੇਰ ਸਿੰਘ, ਰਤਨ ਸਿੰਘ ਰੰਧਾਵਾ, ਨਰਾਇਣ ਦੱਤ, ਰਾਜਵਿੰਦਰ ਰਾਣਾ, ਹਰਮੇਲ ਸਿੰਘ ਅਤੇ ਗੁਰਮੀਤ ਸਿੰਘ ਮਹਿਮਾ ਨੇ ਕੀਤੀ। ਰੈਲੀ ਨੂੰ ਮੁਖਾਤਬ ਹੁੰਦਿਆਂ ਬੰਤ ਸਿੰਘ ਬਰਾੜ, ਮੰਗਤ ਰਾਮ ਪਾਸਲਾ, ਦਰਸ਼ਨ ਸਿੰਘ ਖਟਕੜ, ਗੁਰਮੀਤ ਸਿੰਘ ਬੱਖਤਪੁਰਾ, ਕੰਵਲਜੀਤ ਖੰਨਾ, ਸੁੱਚਾ ਸਿੰਘ ਅਤੇ ਮੰਗਤ ਰਾਮ ਲੌਂਗੋਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੇ ਫਾਸ਼ੀਵਾਦ ਤੋਂ ਦੇਸ਼ ਦੇ ਸੰਵਿਧਾਨ ਅਤੇ ਦੇਸ਼ ਦੇ ਤਿਰੰਗੇ ਝੰਡੇ ਨੂੰ ਵੱਡੇ ਖਤਰੇ ਦਰਪੇਸ਼ ਹਨ। ਦੇਸ਼ ਦੀਆਂ ਆਜ਼ਾਦ ਸੰਸਥਾਵਾਂ ਸੁਪਰੀਮ ਕੋਰਟ, ਚੋਣ ਕਮਿਸ਼ਨ, ਸੀ.ਬੀ.ਆਈ. ਅਤੇ ਆਈ.ਡੀ. ਆਦਿ ਦੀ ਵਰਤੋਂ ਮੋਦੀ ਸਰਕਾਰ ਖੁੱਲੇਆਮ ਆਪਣੇ ਰਾਜਨੀਤਕ ਵਿਰੋਧੀਆਂ ਅਤੇ ਖੱਬੇਪੱਖੀ ਬੁੱਧੀਜੀਵੀਆਂ ਨੂੰ ਦਬਾਉਣ ਅਤੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਵਰਤੋਂ ਕਰ ਰਹੀ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖਤਾ ਦਾ ਘਾਣ ਕਰਕੇ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਮੋਦੀ ਸਰਕਾਰ ਆਪਣੇ ਨਿਸ਼ਾਨੇ ਉਪਰ ਲੈ ਰਹੀ ਹੈ।

ਦੇਸ਼ ਅੰਦਰ ਫ਼ਿਰਕਾਪ੍ਰਸਤੀ, ਜਾਤਾਂ ਅਤੇ ਖਿੱਤਿਆਂ ਅਧਾਰਤ ਜਨਤਾ ਨੂੰ ਵੰਡਿਆ ਜਾ ਰਿਹਾ ਹੈ। ਦੇਸ਼ ਵਿੱਚ ਇੱਕ ਧਰਮ, ਇੱਕ ਭਾਸ਼ਾ, ਇੱਕ ਮੰਡੀ, ਇੱਕ ਸਭਿਆਚਾਰ ਅਤੇ ਸਾਰੇ ਕਾਸੇ ਦਾ ਭਗਵਾਕਰਣ ਕਰਨ ਦੀ ਰਾਜਨੀਤੀ ਖੁੱਲ੍ਹੇਆਮ ਅਗੇ ਵਧ ਰਹੀ ਹੈ। ਪੰਜਾਬ ਦੇ ਦਰਿਆਈ ਪਾਣੀਆਂ, ਭਾਖੜਾ-ਬਿਆਸ ਮੈਨੇਜ਼ਮੈਂਟ ਅਤੇ ਪੰਜਾਬ ਦੀ ਰਾਜਧਾਨੀ ਉਪਰ ਮੋਦੀ ਸਰਕਾਰ ਕਬਜ਼ਾ ਕਰੀ ਬੈਠੀ ਹੈ।

ਪੰਜਾਬ ਅੰਦਰ ਵੋਟਾਂ ਦਾ ਧਰੁਵੀਕਰਣ ਕਰਨ ਲਈ ਕੇਂਦਰੀ ਏਜੰਸੀਆਂ ਖਾਲਿਸਤਾਨ ਵਰਗੇ ਲਾਹਰਿਆ ਨੂੰ ਉਭਾਰ ਰਹੀਆਂ ਹਨ, ਮੋਦੀ ਸਰਕਾਰ ਦਾ ਇਹ ਵਰਤਾਰਾ ਪੰਜਾਬ ਨੂੰ 1980ਵਿਆਂ ਦੇ ਦਹਾਕੇ ਵੱਲ ਧਕਣ ਦੇ ਯਤਨ ਹਨ। ਬੁਲਾਰਿਆਂ ਕਿਹਾ ਕਿ ਦੇਸ਼ ਅਤੇ ਖਾਸਕਰ ਪੰਜਾਬ ਦੇ ਸੰਘੀ ਢਾਂਚੇ ਨੂੰ ਵੱਡਾ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।

ਤਾਮਿਲਨਾਡੂ, ਕੇਰਲਾ, ਪੱਛਮੀ ਬੰਗਾਲ, ਤਿਲਗਾਨਾ ਅਤੇ ਪੰਜਾਬ ਵਿੱਚ ਭਾਜਪਾ ਗਵਰਨਰ ਰਾਹੀਂ ਵਿਰੋਧੀ ਸਰਕਾਰ ਨੂੰ ਸੰਵਿਧਾਨ ਮੁਤਾਬਕ ਚੱਲਣ ਤੋਂ ਰੋਕਾਂ ਖੜ੍ਹੀਆਂ ਕਰ ਰਹੀ ਹੈ। ਆਗੂਆਂ ਕਿਹਾ ਕਿ ਪੰਜਾਬ ਅਤੇ ਦੇਸ਼ ਦੇ ਲੋਕ ਕਦਾਚਿਤ ਭਾਰਤ ਵਿੱਚ ਅਫਗਾਨਿਸਤਾਨ ਵਰਗੇ ਹਿੰਦੂ ਤਾਲਿਬਿਆਨਾ ਦਾ ਰਾਜ ਥੋਪਣ ਦੀ ਇਜ਼ਾਜਤ ਨਹੀਂ ਦੇਣਗੇ ਅਤੇ ਫਾਸ਼ੀਵਾਦ ਦੇ ਘੋੜੇ ਦੀ ਪੰਜਾਬ ਦੇ ਬਹਾਦਰ ਲਗਾਮ ਹਰ ਹਾਲਤ ਵਿੱਚ ਫੜਨ ਵਿੱਚ ਕਾਮਯਾਬ ਹੋਣਗੇ।

****

# ਅਧਿਆਪਕਾਂ ਦੀਆਂ ਉਮੀਦਾਂ 'ਤੇ ਨਹੀਂ ਖਰਾ ਉੱਤਰਿਆ ਪੰਜਾਬ ਸਰਕਾਰ ਦਾ 2023-24 ਬਜਟ

**ਚੰਡੀਗੜ੍ਹ, (ਦਲਜੀਤ ਕੌਰ)-** ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐਫ.) ਪੰਜਾਬ ਨੇ ਆਪ ਸਰਕਾਰ ਵੱਲੋਂ ਵਿੱਤੀ ਸਾਲ 2023-24 ਲਈ ਪੇਸ਼ ਕੀਤੇ ਬਜ਼ਟ ਨੂੰ ਸਿੱਖਿਆ ਅਤੇ ਮੁਲਾਜ਼ਮ ਹਿੱਤਾਂ ਅਨੁਸਾਰ ਨਿਰਾਸ਼ਾਜਨਕ ਬਜ਼ਟ ਕਰਾਰ ਦਿੱਤਾ ਹੈ। ਡੀ.ਟੀ.ਐਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਦੱਸਿਆ ਕਿ ਪੰਜਾਬ ਦੇ ਬਜਟ 2023-24 ਵਿੱਚ ਸਿੱਖਿਆ ਦੇ ਖੇਤਰ ਲਈ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ ਮਹਿਜ਼ 2.44 ਫ਼ੀਸਦੀ ਹੀ ਰੱਖਿਆ ਗਿਆ ਹੈ। ਜੋ ਕਿ ਸਿੱਖਿਆ ਕਮਿਸ਼ਨਾਂ ਵੱਲੋਂ ਜੀ.ਡੀ.ਪੀ. ਦਾ ਘੱਟੋ ਘੱਟ 6 ਫ਼ੀਸਦੀ ਬਜ਼ਟ ਖਰਚ ਕਰਨ ਦੀਆਂ ਸ਼ਿਫਾਰਸ਼ਾਂ ਤੋਂ ਬਹੁਤ ਘੱਟ ਹੈ। ਇਸੇ ਤਰ੍ਹਾਂ ਪੰਜਾਬ ਦੇ ਸਮੂਹ ਅਧਿਆਪਕਾਂ ਅਤੇ ਸਕੂਲ ਮੁੱਖੀਆਂ ਲਈ ਸਿਖਲਾਈ ਤੇ ਖੋਜ ਦਾ ਕਾਰਜ ਸੁਚਾਰੂ ਰੂਪ ਵਿੱਚ ਚਲਾਉਣ ਲਈ ਸਾਰੀਆਂ ਜ਼ਿਲ੍ਹਾ ਸਿੱਖਿਆ ਖੋਜ ਤੇ ਸਿਖਲਾਈ ਸੰਸਥਾਵਾਂ (ਡਾਇਟਾਂ) ਵਿੱਚ ਸਟਾਫ ਅਤੇ ਹੋਰ ਸਹੂਲਤਾਂ ਪੂਰੀਆਂ ਕਰਨ ਦੀ ਥਾਂ ਇਸ ਕੰਮ ਲਈ ਕੁੱਝ ਚੋਣਵੇਂ ਅਧਿਕਾਰੀਆਂ ਨੂੰ ਸਿੰਗਾਪੁਰ ਭੇਜ ਕੇ ਬੁੱਤਾ ਸਾਰਿਆ ਗਿਆ ਹੈ। ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਨ ਅਤੇ ਸਾਰੇ ਦੇ ਸਾਰੇ 19,200



ਸਰਕਾਰੀ ਸਕੂਲਾਂ ਨੂੰ ਉੱਤਮ ਬਣਾਉਣ ਦੀ ਥਾਂ ਮੋਦੀ ਸਰਕਾਰ ਦੀ ਨਿੱਜੀਕਰਨ, ਕੇਂਦਰੀਕਰਨ ਅਤੇ ਭਗਵਾਕਰਨ ਪੱਖੀ ਨਵੀਂ ਸਿੱਖਿਆ ਨੀਤੀ-2020 ਨੂੰ ਹੀ ਲਾਗੂ ਕਰਨ ਅਤੇ ਸਕੂਲ ਆਫ ਐਮੀਨੈਂਸ ਦੇ ਨਾਂ ਹੇਠ ਵਿਦਿਆਰਥੀਆਂ ਤੋਂ ਗੁਆਂਢ ਸਕੂਲਾਂ ਵਿੱਚ ਸਿੱਖਿਆ ਪ੍ਰਾਪਤੀ ਦਾ ਅਧਿਕਾਰ ਖੋਹਣ ਦੀ ਤਿਆਰੀ ਕੀਤੀ ਗਈ ਹੈ। ਇਸ ਤੋਂ ਇਲਾਵਾ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਐਲਾਨ ਵੀ 'ਆਪ' ਸਰਕਾਰ ਦਾ ਸਿਆਸੀ ਜੁਮਲਾ ਹੀ ਸਾਬਤ ਹੋਇਆ ਹੈ, ਕਿਉਂਕਿ 1 ਜਨਵਰੀ 2004 ਤੋਂ ਲਾਗੂ ਸ਼ੇਅਰ ਬਜ਼ਾਰ ਦੇ ਜੋਖਮਾਂ ਨਾਲ ਜੁੜੀ ਨੈਸ਼ਨਲ ਪੈਨਸ਼ਨ ਸਕੀਮ ਰੱਦ ਕਰਕੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਫੈਸਲਾ ਵੀ ਬਜ਼ਟ ਵਿੱਚ ਨਜ਼ਰ ਨਹੀਂ ਆਇਆ ਹੈ। ਪ੍ਰੀ ਪ੍ਰਾਇਮਰੀ ਤੋਂ ਬਾਰਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਸਾਲ ਵਿੱਚ ਵਰਦੀਆਂ ਦੇ ਦੋ ਸੈਟ ਦੇਣ, ਮੁਲਾਜ਼ਮਾਂ ਦੇ ਰੋਕੇ ਪੇਂਡੂ ਤੇ ਬਾਰਡਰ ਏਰੀਆ ਭੱਤੇ ਬਹਾਲ ਕਰਨ ਅਤੇ 17 ਜੁਲਾਈ 2020 ਤੋਂ ਬਾਅਦ ਲਾਗੂ ਨਵੇਂ ਸਕੇਲਾਂ ਦੀ ਬਜਾਏ ਪੰਜਾਬ ਤਨਖਾਹ ਸਕੇਲ ਬਹਾਲ ਕਰਨ ਲਈ ਬਜਟ ਵਿੱਚ ਬਣਦੀ ਰਾਸ਼ੀ ਵੀ ਨਹੀਂ ਰੱਖੀ ਗਈ। ਬਜਟ ਵਿੱਚ 26000 ਪੋਸਟਾਂ ਭਰਨ ਦੇ ਜ਼ਿਕਰ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ 4161 ਮਾਸਟਰ ਕਾਡਰ ਅਧਿਆਪਕਾਂ ਨੂੰ 5 ਜਨਵਰੀ 2023 ਨੂੰ ਕੇਵਲ ਪੇਸ਼ਕਸ਼ ਪੱਤਰ ਦੇ ਕੇ ਢਾਈ ਮਹੀਨੇ ਬੀਤਣ ਦੇ ਬਾਵਜੂਦ ਹਾਲੇ ਤੱਕ ਸਟੇਸ਼ਨ ਚੋਣ ਵੀ ਨਹੀਂ ਕਾਰਵਾਈ ਗਈ ਅਤੇ ਨਾ ਹੀ ਪ੍ਰਾਇਮਰੀ ਦੀਆਂ 5994 ਤੇ 2364 ਪੋਸਟਾਂ ਦੀ ਭਰਤੀ ਪ੍ਰਕ੍ਰਿਆ ਮੁਕੰਮਲ ਕੀਤੀ ਗਈ ਹੈ।

# ਇਟਲੀ 'ਚ ਮੌਸਮੀ ਕੰਮਾਂ 'ਤੇ ਅਧਾਰਿਤ ਇੰਮੀਗ੍ਰੇਸ਼ਨ ਸਬੰਧੀ ਪ੍ਰਕਿਰਿਆ 22 ਮਾਰਚ ਤੱਕ ਹੋਵੇਗੀ-ਗੋਬਿੰਦਪੁਰੀ



**ਰੋਮ (ਇਟਲੀ), (ਟੇਕ ਚੰਦ ਜਗਤਪੁਰ)-** ਇਟਲੀ ਚ ਇਸ ਸਾਲ ਖੁਲੀ ਇੰਮੀਗ੍ਰੇਸ਼ਨ ਚ 82705 ਦਾ ਕੁੱਲ ਕੋਟਾ ਹੈ, ਜਿਸ ਵਿਚ 44000 ਮੌਸਮੀ ਕੰਮਾਂ ਨਾਲ ਸਬੰਧਿਤ, 30105,ਟਰੱਕ ਡਰਾਇਵਰ (ਇਹ ਕੋਟਾ ਭਾਰਤ ਲਈ ਨਹੀਂ ਹੈ),ਰਾਜ ਮਿਸਤਰੀ, ਹੋਟਲ (ਜੋ ਸਮੁੰਦਰੀ ਤੱਟ ਤੇ ਸਥਿਤ ਹਨ), ਸੈਰ ਸਪਾਟਾ, 38705 ਜਿਹੜੇ ਹੋਰ ਦੇਸ਼ਾਂ ਤੋਂ ਮੰਗਵਾਉਣ ਲਈ ਭਰੇ ਜਾਣਗੇ, ਬਾਕੀ ਜਿਹੜੇ ਵਿਅਕਤੀ ਇਟਲੀ ਚ ਪਹਿਲਾ ਖੇਤੀਬਾੜੀ ਦੇ ਪੇਪਰਾਂ ਤੇ ਕੰਮ ਕਰ ਰਹੇ ਉਨ੍ਹਾਂ ਨੂੰ ਰੈਗੂਲਰ ਕਰਨ ਲਈ ਭਰੇ ਜਾਣਗੇ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਇੰਮੀਗ੍ਰੇਸ਼ਨ ਸਲਾਹਕਾਰ ਸ ਸੁਖਵਿੰਦਰ ਸਿੰਘ ਗੋਬਿੰਦਪੁਰੀ ਨੇ ਵਿਸ਼ੇਸ਼ ਗਲਬਾਤ ਦੋਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਬੀਤੇ ਸਾਲ ਇਹ ਪੇਪਰ ਦੋ ਦਿਨ ਚ ਭਰੇ ਗਏ ਸਨ, ਪਰ ਇਸ ਸਾਲ ਇਹ ਪ੍ਰਕਿਰਿਆ ਇਕ ਦਿਨ ਦੀ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਪੇਪਰ ਭਰਨ ਦੀ ਪ੍ਰਕਿਰਿਆ ਦੀ ਸਾਇਟ ਜੋ 30 ਜਨਵਰੀ ਨੂੰ ਖੋਲ ਦਿੱਤੀ ਗਈ ਸੀ ਉਹ 22 ਮਾਰਚ ਨੂੰ ਬੰਦ ਕਰ ਦਿੱਤੀ ਜਾਵੇਗੀ। 23 ਮਾਰਚ ਤੋਂ ਲੈ ਕੇ 26 ਮਾਰਚ ਤੱਕ ਕੋਈ ਵੀ ਫਾਇਲ ਭਰੀ ਨਹੀਂ ਜਾਵੇਗੀ। 27 ਮਾਰਚ ਨੂੰ ਭਰੀਆਂ ਹੋਈਆਂ ਫਾਇਲਾਂ ਹੀ ਕਲਿੱਕ ਹੋਣਗੀਆਂ।

# ਕੇਂਦਰ ਵੱਲੋਂ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਦਾ ਵਿਰੋਧ

**ਨਵੀਂ ਦਿੱਲੀ-** ਕੇਂਦਰ ਸਰਕਾਰ ਨੇ ਸਮਲਿੰਗੀ ਵਿਆਹ ਦੀ ਮਨਜ਼ੂਰੀ ਮੰਗਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ 'ਚ ਆਪਣਾ ਜਵਾਬ ਦਾਇਰ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਅਜਿਹੀਆਂ ਸਾਰੀਆਂ 15 ਪਟੀਸ਼ਨਾਂ ਦਾ ਵਿਰੋਧ ਕੀਤਾ, ਜਿਸ ਵਿੱਚ ਸਮਲਿੰਗੀ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਦੀ ਮੰਗ ਕੀਤੀ ਗਈ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਪੇਸ਼ ਕੀਤੇ ਆਪਣੇ ਹਲਫ਼ਨਾਮੇ ਵਿੱਚ ਕਿਹਾ ਕਿ ਸਮਲਿੰਗੀ ਵਿਆਹ ਨੂੰ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ। ਇਹ



ਪਰਿਵਾਰ ਦੀ ਭਾਰਤੀ ਧਾਰਨਾ ਦੇ ਵਿਰੁੱਧ ਹੈ। ਭਾਰਤ ਵਿੱਚ ਪਰਿਵਾਰ ਦੀ ਧਾਰਨਾ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਤੋਂ ਪੈਦਾ ਹੋਏ ਬੱਚੇ ਸ਼ਾਮਲ ਹਨ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਤੋਂ ਇਨ੍ਹਾਂ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰਨ ਦੀ ਮੰਗ ਕੀਤੀ। ਸੁਪਰੀਮ ਕੋਰਟ ਸੋਮਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਕਰੇਗਾ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਮਲਿੰਗੀ ਰਿਸ਼ਤੇ ਅਤੇ ਵਿਪਰੀਤ ਸੰਬੰਧ ਸਪੱਸ਼ਟ ਤੌਰ 'ਤੇ ਵੱਖੋ-ਵੱਖਰੀਆਂ ਸ਼੍ਰੇਣੀਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਇੱਕੋ ਜਿਹਾ ਨਹੀਂ ਮੰਨਿਆ ਜਾ ਸਕਦਾ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਹੋ ਸਕਦਾ ਹੈ ਕਿ ਸਮਲਿੰਗੀ ਸਹਿਵਾਸ ਨੂੰ ਅਪਰਾਧ ਦਾ ਦਰਜਾ ਦਿੱਤਾ ਗਿਆ ਹੋਵੇ। ਫਿਰ ਵੀ ਇਸਦੀ ਤੁਲਨਾ ਪਤੀ, ਪਤਨੀ ਅਤੇ ਬੱਚਿਆਂ ਦੀ ਭਾਰਤੀ ਪਰਿਵਾਰਕ ਇਕਾਈ ਦੇ ਸੰਕਲਪ ਨਾਲ ਨਹੀਂ ਕੀਤੀ ਜਾ ਸਕਦੀ।

ਕੇਂਦਰ ਸਰਕਾਰ ਨੇ ਕਿਹਾ ਕਿ ਆਈਪੀਸੀ ਦੀ ਧਾਰਾ 377 ਦਾ ਅਪਰਾਧੀਕਰਨ ਸਮਲਿੰਗੀ ਵਿਆਹਾਂ ਨੂੰ ਮਾਨਤਾ ਦੇਣ ਦੇ ਦਾਅਵੇ ਨੂੰ ਜਨਮ ਨਹੀਂ ਦੇ ਸਕਦਾ। ਕੇਂਦਰ ਨੇ ਕਿਹਾ ਕਿ ਕੁਦਰਤ ਵਿੱਚ ਵਿਪਰੀਤ ਲਿੰਗ ਤੱਕ ਸੀਮਿਤ ਵਿਆਹ ਦੀ ਕਾਨੂੰਨੀ ਮਾਨਤਾ ਪੂਰੇ ਇਤਿਹਾਸ ਵਿੱਚ ਇੱਕ ਆਦਰਸ਼ ਹੈ ਅਤੇ ਰਾਜ ਦੀ ਹੋਂਦ ਅਤੇ ਨਿਰੰਤਰਤਾ ਦੋਵਾਂ ਲਈ ਇੱਕ ਬੁਨਿਆਦੀ ਪਹਿਲੂ ਹੈ। ਕੇਂਦਰ ਸਰਕਾਰ ਦੇ ਜਵਾਬੀ ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਇਸ ਲਈ ਇਸ ਦੇ ਸਮਾਜਿਕ ਮੁੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਰਾਜ ਦੇ ਇੱਕ ਜ਼ਰੂਰੀ ਹਿੱਤ ਹੈ ਕਿ ਵਿਆਹ ਦੇ ਹੋਰ ਰੂਪਾਂ ਦਾ ਬਾਈਕਾਟ ਕੀਤਾ ਜਾਵੇ ਅਤੇ ਕੇਵਲ ਵਿਪਰੀਤ ਵਿਆਹ ਨੂੰ ਮਾਨਤਾ ਦਿੱਤੀ ਜਾਵੇ।

# ਦੁਨੀਆ ਦਾ ਅਜਿਹਾ ਦੇਸ਼ ਜਿੱਥੇ ਮੁਸਲਮਾਨ ਤਾਂ ਹਨ, ਪਰ ਮਸਜਿਦ ਨਹੀਂ

**ਸਲੋਵਾਕੀਆ-** ਦੁਨੀਆ ਵਿੱਚ ਇੱਕ ਅਜਿਹਾ ਦੇਸ਼ ਹੈ ਜਿੱਥੇ ਮੁਸਲਮਾਨ ਜ਼ਰੂਰ ਰਹਿੰਦੇ ਹਨ ਪਰ ਇੱਥੇ ਇੱਕ ਵੀ ਮਸਜਿਦ ਨਹੀਂ ਹੈ। ਇੰਨਾ ਹੀ ਨਹੀਂ ਇਸ ਦੇਸ਼ ਵਿੱਚ ਮਸਜਿਦ ਬਣਾਉਣ ਦੀ ਇਜਾਜ਼ਤ ਨਹੀਂ ਹੈ। ਇਸ ਦੇਸ਼ ਦਾ ਨਾਮ ਸਲੋਵਾਕੀਆ ਹੈ। ਸਲੋਵਾਕੀਆ ਵਿੱਚ ਮੁਸਲਮਾਨ ਤੁਰਕ ਅਤੇ ਉਗਰ ਹਨ ਅਤੇ 17ਵੀਂ ਸਦੀ ਤੋਂ ਇੱਥੇ ਰਹਿ ਰਹੇ ਹਨ। 2010 ਵਿੱਚ ਸਲੋਵਾਕੀਆ ਵਿੱਚ ਮੁਸਲਮਾਨਾਂ ਦੀ ਆਬਾਦੀ ਲਗਭਗ 5,000 ਸੀ।



ਸਲੋਵਾਕੀਆ ਵੀ ਯੂਰਪੀ ਸੰਘ ਦਾ ਮੈਂਬਰ ਹੈ। ਪਰ ਇਹ ਇੱਕ ਅਜਿਹਾ ਦੇਸ਼ ਹੈ ਜੋ ਆਖਰੀ ਵਾਰ ਇਸਦਾ ਮੈਂਬਰ ਬਣਿਆ ਸੀ। ਇਸ ਦੇਸ਼ ਵਿੱਚ ਮਸਜਿਦ ਦੇ ਨਿਰਮਾਣ ਨੂੰ ਲੈ ਕੇ ਵੀ ਵਿਵਾਦ ਹੋਇਆ ਹੈ। ਸਾਲ 2000 ਵਿੱਚ ਸਲੋਵਾਕੀਆ ਦੀ ਰਾਜਧਾਨੀ ਵਿੱਚ ਇਸਲਾਮਿਕ ਕੇਂਦਰ ਦੀ ਸਥਾਪਨਾ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਸੀ। ਬ੍ਰਾਟੀਸਲਾਵਾ ਦੇ ਮੇਅਰ ਨੇ ਸਲੋਵਾਕ ਇਸਲਾਮਿਕ ਵਕਫ ਫਾਊਂਡੇਸ਼ਨ ਦੇ ਸਾਰੇ ਪ੍ਰਸਤਾਵਾਂ ਨੂੰ ਰੱਦ ਕਰ ਦਿੱਤਾ।

2015 ਵਿੱਚ, ਸ਼ਰਨਾਰਥੀਆਂ ਦਾ ਪਰਵਾਸ ਯੂਰਪ ਦੇ ਸਾਹਮਣੇ ਇੱਕ ਵੱਡਾ ਮੁੱਦਾ ਰਿਹਾ। ਉਸ ਸਮੇਂ ਸਲੋਵਾਕੀਆ ਨੇ 200 ਈਸਾਈਆਂ ਨੂੰ ਸ਼ਰਣ ਦਿੱਤੀ, ਪਰ ਮੁਸਲਿਮ ਸ਼ਰਨਾਰਥੀਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਸਪੱਸ਼ਟੀਕਰਨ ਦਿੰਦਿਆਂ ਸਲੋਵਾਕੀਆ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਕੋਲ ਮੁਸਲਮਾਨਾਂ ਲਈ ਕੋਈ ਪੂਜਾ ਸਥਾਨ ਨਹੀਂ ਹੈ, ਜਿਸ ਕਾਰਨ ਮੁਸਲਮਾਨਾਂ ਨੂੰ ਪਨਾਹ ਦੇਣ ਨਾਲ ਦੇਸ਼ 'ਚ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਹਾਲਾਂਕਿ ਇਸ ਫੈਸਲੇ ਦੀ ਯੂਰਪੀ ਸੰਘ ਨੇ ਵੀ ਆਲੋਚਨਾ ਕੀਤੀ ਸੀ।

30 ਨਵੰਬਰ 2016 ਨੂੰ, ਸਲੋਵਾਕੀਆ ਨੇ ਇੱਕ ਕਾਨੂੰਨ ਪਾਸ ਕੀਤਾ ਜੋ ਇਸਲਾਮ ਨੂੰ ਅਧਿਕਾਰਤ ਧਰਮ ਵਜੋਂ ਮਾਨਤਾ ਦੇਣ ਤੋਂ ਮਨ੍ਹਾ ਕਰਦਾ ਹੈ। ਇਹ ਦੇਸ਼ ਇਸਲਾਮ ਨੂੰ ਧਰਮ ਨਹੀਂ ਮੰਨਦਾ। ਸਲੋਵਾਕੀਆ ਯੂਰਪੀਅਨ ਯੂਨੀਅਨ ਦਾ ਇਕਲੌਤਾ ਦੇਸ਼ ਹੈ ਜਿਸ ਵਿੱਚ ਇੱਕ ਵੀ ਮਸਜਿਦ ਨਹੀਂ ਹੈ। ਸਲੋਵਾਕੀਆ ਵਿੱਚ ਵੀ ਆਵਾਜ਼ ਪ੍ਰਦੂਸ਼ਣ ਨਾਲ ਨਜਿੱਠਣ ਲਈ ਸਖ਼ਤ ਕਾਨੂੰਨ ਹੈ। ਇਸ ਦੇਸ਼ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ, ਤੁਸੀਂ ਕਿਸੇ ਨਾਲ ਮਾੜੇ ਸਲੀਕੇ ਨਾਲ ਗੱਲ ਨਹੀਂ ਕਰ ਸਕਦੇ ਜਾਂ ਹੰਗਾਮਾ ਨਹੀਂ ਕਰ ਸਕਦੇ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ ਪੁਲਿਸ ਫੜ ਸਕਦੀ ਹੈ, ਅਤੇ ਜੁਰਮਾਨਾ ਵੀ ਭਰਨਾ ਪੈ ਸਕਦਾ ਹੈ।

# ਦੁਨੀਆ ਭਰ 'ਚ ਭਾਰਤ ਇੰਟਰਨੈਟ ਪਾਬੰਦੀ ਲਗਾਉਣ 'ਚ ਮੋਹਰੀ

**ਨਵੀਂ ਦਿੱਲੀ** ਇੰਟਰਨੈਟ ਪਾਬੰਦੀਆਂ ਦੇ ਮਾਮਲੇ ਵਿੱਚ ਭਾਰਤ ਲਗਾਤਾਰ ਸਿਖਰ 'ਤੇ ਕਿਉਂ ਹੈ? ਕੀ ਇਹ ਵਧਦੀ ਸਿਆਸੀ ਰਾਜਨੀਤਕ ਅਸਥਿਰਤਾ ਅਤੇ ਹਿੰਸਾ ਦੇ ਵਧਣ ਸੰਕੇਤ ਨਹੀਂ ਹੈ? ਇੰਟਰਨੈਟ ਐਡਵੋਕੇਸੀ ਵਾਚਡੌਗ ਐਕਸੈਸ ਨਾਓ ਨੇ ਕਿਹਾ ਹੈ ਕਿ ਭਾਰਤ ਵਿੱਚ 2022 ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਇੰਟਰਨੈਟ ਪਾਬੰਦੀ ਲਗਾਈ ਹੈ। ਇਹ ਲਗਾਤਾਰ ਪੰਜਵਾਂ ਸਾਲ ਹੈ ਜਦੋਂ ਭਾਰਤ ਇਸ ਸੂਚੀ ਵਿਚ ਸਿਖਰ 'ਤੇ ਰਿਹਾ ਹੈ। ਇਹ ਇਕ ਅਜਿਹਾ ਰਿਕਾਰਡ ਹੈ ਜਿਸ 'ਤੇ ਕੋਈ ਵੀ ਦੇਸ਼ ਮਾਣ ਨਹੀਂ ਕਰ ਸਕਦਾ। ਇੰਟਰਨੈਟ ਬੰਦ ਦਾ ਮਤਲਬ ਹੈ ਕਿ ਕਿਸੇ ਵੀ ਕਾਰਨ ਕਰਕੇ ਕਿਸੇ ਵੀ ਹਿੱਸੇ ਵਿੱਚ ਇੰਟਰਨੈਟ ਬੰਦ ਕਰ ਦਿੱਤਾ ਜਾਵੇ। ਇਸ ਨੂੰ ਆਮ ਤੌਰ 'ਤੇ ਸਰਕਾਰਾਂ ਦੁਆਰਾ ਹਿੰਸਾ ਦੇ ਫੈਲਣ ਨੂੰ ਰੋਕਣ ਲਈ, ਵਿਰੋਧ ਪ੍ਰਦਰਸ਼ਨਾਂ ਨੂੰ ਵਧਣ ਤੋਂ ਰੋਕਣ ਲਈ ਇੱਕ ਉਪਾਅ ਵਜੋਂ ਅਪਣਾਇਆ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਇੰਟਰਨੈਟ 'ਤੇ ਵੱਧ ਤੋਂ ਵੱਧ ਪਾਬੰਦੀ ਦਾ ਮਤਲਬ ਇਹ ਹੈ ਕਿ ਸਰਕਾਰ ਨੂੰ ਇੱਥੋਂ ਦੇ ਲੋਕਾਂ ਨੂੰ ਕਾਬੂ ਕਰਨ ਲਈ ਅਜਿਹੇ ਸਖ਼ਤ ਕਦਮ ਚੁੱਕਣੇ ਪੈ ਰਹੇ ਹਨ?

ਇਸ ਦੇ ਬਾਵਜੂਦ, ਨਿਊਯਾਰਕ ਸਥਿਤ ਡਿਜੀਟਲ ਰਾਈਟਸ ਐਡਵੋਕੇਸੀ ਗਰੁੱਪ ਨੇ ਬੀਤੇ ਦਿਨੀਂ ਪ੍ਰਕਾਸ਼ਿਤ ਇੱਕ ਰਿਪੋਰਟ ਐਕਸੈਸ ਨਾਓ ਵਿੱਚ ਕਿਹਾ ਸੀ ਕਿ ਵਿਸ਼ਵ ਪੱਧਰ 'ਤੇ ਦਰਜ ਕੀਤੇ ਗਏ ਇੰਟਰਨੈਟ ਬੰਦ ਕਰਨ ਦੀਆਂ 187 ਘਟਨਾਵਾਂ ਵਿੱਚੋਂ, 84 ਵਾਰ ਭਾਰਤ ਵਿੱਚ ਸਰਕਾਰ ਵਲੋਂ ਇੰਟਰਨੈਟ ਉਪਰ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਵਿੱਚੋਂ 49 ਵਾਰ ਜੰਮੂ-ਕਸ਼ਮੀਰ ਵਿੱਚ ਵੀ ਇੰਟਰਨੈਟ ਬੰਦ ਕੀਤਾ ਗਿਆ ਸੀ।

ਰਾਇਟਰਜ਼ ਨੇ ਵਾਚਡਾਗ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਅਧਿਕਾਰੀਆਂ ਨੇ ਸਿਆਸੀ ਅਸਥਿਰਤਾ ਅਤੇ ਹਿੰਸਾ ਦੇ ਕਾਰਨ ਕਸ਼ਮੀਰ ਵਿੱਚ ਘੱਟੋ-ਘੱਟ 49 ਵਾਰ ਇੰਟਰਨੈਟ ਬੰਦ ਕੀਤਾ ਗਿਆ ਸੀ। ਇਨ੍ਹਾਂ ਵਿੱਚ ਜਨਵਰੀ ਅਤੇ ਫਰਵਰੀ 2022



ਵਿੱਚ ਤਿੰਨ ਦਿਨਾਂ ਦੌਰਾਨ 16 ਵਾਰ ਇੰਟਰਨੈਟ ਬੰਦ ਕਰਨ ਦੇ ਸਰਕਾਰੀ ਹੁਕਮ ਦਿੱਤੇ ਗਏ।

ਜੰਮੂ-ਕਸ਼ਮੀਰ ਵਿਚ ਪਿਛਲੇ ਚਾਰ ਸਾਲਾਂ ਦੇ ਮੁਕਾਬਲੇ ਇੰਟਰਨੈਟ ਪਾਬੰਦੀ ਲਗਾਉਣ ਦੇ ਮਾਮਲੇ ਵੱਧ ਗਏ ਹਨ। ਅਗਸਤ 2019 ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਜੰਮੂ ਅਤੇ ਕਸ਼ਮੀਰ ਦੀ ਖੁਦਮੁਖਤਿਆਰੀ ਨੂੰ ਖਤਮ ਕਰ ਦਿੱਤਾ, ਇਸਨੂੰ ਦੋ ਕੇਂਦਰੀ ਸ਼ਾਸਿਤ ਖੇਤਰਾਂ ਵਿੱਚ ਵੰਡ ਦਿੱਤਾ ਸੀ।

ਧਾਰਾ 370 ਹਟਾਏ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਸਭ ਤੋਂ ਲੰਬੇ ਸਮੇਂ ਲਈ ਇੰਟਰਨੈਟ 'ਤੇ ਪਾਬੰਦੀ ਰਹੀ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਸਰਕਾਰ ਨੇ ਸੁਰੱਖਿਆ ਦੇ ਆਧਾਰ 'ਤੇ ਇਸ ਖੇਤਰ ਵਿਚ ਅਜਿਹੀਆਂ ਪਾਬੰਦੀਆਂ ਲਗਾਈਆਂ ਸਨ।

ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ, ਇੰਟਰਨੈਟ 'ਤੇ ਪਾਬੰਦੀ ਲੱਗਣ ਦੇ ਅਕਸਰ ਮਾਮਲੇ ਸਾਹਮਣੇ ਆਉਂਦੇ ਰਹੇ ਹਨ। ਉਦਾਹਰਣ ਵਜੋਂ, ਹਾਲ ਹੀ ਵਿੱਚ ਮੇਵਾਤ ਵਿੱਚ ਇੰਟਰਨੈਟ ਬੰਦ ਸੀ। ਕੁਝ ਦਿਨ ਪਹਿਲਾਂ, ਹਰਿਆਣਾ ਦੇ ਮੇਵਾਤ ਵਿੱਚ ਦੋ ਮੁਸਲਿਮ ਨੌਜਵਾਨਾਂ ਦੀ ਹੱਤਿਆ ਦੇ ਵਿਰੋਧ ਵਿੱਚ ਹਰਿਆਣਾ ਸਰਕਾਰ ਨੇ ਤਿੰਨ ਦਿਨਾਂ ਲਈ ਇੰਟਰਨੈਟ ਸੇਵਾਵਾਂ ਨੂੰ ਬੰਦ ਕਰ ਦਿੱਤਾ ਸੀ। ਪਿਛਲੇ ਸਾਲ ਅਗਸਤ ਵਿੱਚ ਮਣੀਪੁਰ ਵਿੱਚ ਹੋਈ ਹਿੰਸਾ ਤੋਂ ਬਾਅਦ ਪੰਜ ਦਿਨਾਂ ਲਈ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਸਨ।

ਪਿਛਲੇ ਸਾਲ ਮਈ ਦੌਰਾਨ ਜੋਧਪੁਰ ਵਿੱਚ ਫਿਰਕੂ ਤਣਾਅ ਤੋਂ ਬਾਅਦ ਇੰਟਰਨੈਟ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ। ਇਸ ਕਾਰਣ ਭਾਰਤ ਇੱਕ ਵਾਰ ਫਿਰ ਇੰਟਰਨੈਟ ਬੰਦ ਕਰਨ ਵਿੱਚ ਦੁਨੀਆ ਪੱਧਰ ਉਪਰ ਸਭ ਤੋਂ ਉੱਪਰ ਹੈ, ਪਰ 2017 ਤੋਂ ਬਾਅਦ ਪਹਿਲੀ ਵਾਰ, ਭਾਰਤ ਵਿੱਚ 2022 ਦੌਰਾਨ 100 ਤੋਂ ਘੱਟ ਵਾਰ ਇੰਟਰਨੈਟ ਬੰਦ ਹੋਇਆ।

ਰਿਪੋਰਟ ਦੇ ਅਨੁਸਾਰ, ਯੂਕਰੇਨ ਸੂਚੀ ਵਿੱਚ ਦੂਜੇ ਸਥਾਨ 'ਤੇ ਹੈ, ਪਿਛਲੇ ਸਾਲ 24 ਫਰਵਰੀ ਨੂੰ ਰੂਸ ਦੁਆਰਾ ਯੂਕਰੇਨ 'ਤੇ ਹਮਲਾ ਕਰਨ ਤੋਂ ਬਾਅਦ ਰੂਸੀ ਫੌਜ ਨੇ ਘੱਟੋ-ਘੱਟ 22 ਵਾਰ ਇੰਟਰਨੈਟ ਦੀ ਪਹੁੰਚ ਨੂੰ ਬੰਦ ਕਰ ਦਿੱਤਾ ਸੀ। ਯੂਕਰੇਨ ਸੂਚੀ ਵਿੱਚ ਈਰਾਨ ਦੇ ਬਾਅਦ ਆਉਂਦਾ ਹੈ ਜਿੱਥੇ ਅਧਿਕਾਰੀਆਂ ਨੇ ਸਰਕਾਰ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਦੇ ਕਾਰਣ 2022 ਵਿੱਚ 18 ਵਾਰ ਇੰਟਰਨੈਟ ਬੰਦ ਕੀਤਾ ਸੀ।

# ਦਿੱਲੀ ਵਾਸੀਆਂ ਨੇ ਹੋਲੀ 'ਤੇ ਡਕਾਰੀ 82 ਕਰੋੜ ਦੀ ਸ਼ਰਾਬ

**ਨਵੀਂ ਦਿੱਲੀ-** ਹੋਲੀ ਮੌਕੇ ਲੋਕਾਂ ਨੇ ਸ਼ਰਾਬ ਦੀ ਜੰਮ ਕੇ ਖਰੀਦਦਾਰੀ ਕੀਤੀ, ਜਿਸ ਕਾਰਨ 7 ਮਾਰਚ ਨੂੰ 36 ਲੱਖ ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਦੀ ਵਿਕਰੀ ਹੋਈ।



ਹੋਲੀ ਦੇ ਜਸ਼ਨ ਵਿਚ ਦਿੱਲੀ ਵਾਲੇ 82 ਕਰੋੜ ਰੁਪਏ ਦੀ ਸ਼ਰਾਬ ਪੀ ਗਏ। ਸਭ ਤੋਂ ਜ਼ਿਆਦਾ ਵਿਕਰੀ ਵ੍ਹਿਸਕੀ, ਵੋਦਕਾ ਅਤੇ ਸਕਾਚ ਦੀ ਹੋਈ। ਜ਼ਿਆਦਾਤਰ ਲੋਕਾਂ ਨੇ 400 ਤੋਂ 1000 ਰੁਪਏ ਪ੍ਰਤੀ ਬੋਤਲ ਵਾਲੀ ਸ਼ਰਾਬ ਖਰੀਦੀ। ਹੋਲੀ ਵਾਲੇ ਦਿਨ ਡਰਾਈ ਡੇ ਕਾਰਨ ਲੋਕਾਂ ਨੇ ਪਹਿਲਾਂ ਤੋਂ ਸ਼ਰਾਬ ਦਾ ਸਟਾਕ ਆਪਣੇ ਕੋਲ ਜਮ੍ਹਾ ਕਰ ਲਿਆ ਸੀ। ਚਾਲੂ ਮਾਲੀ ਸਾਲ ਵਿਚ 22 ਅਪ੍ਰੈਲ ਤੋਂ 22 ਫਰਵਰੀ ਦਰਮਿਆਨ ਸ਼ਰਾਬ ਦੀ ਵਿਕਰੀ ਤੋਂ 6000 ਕਰੋੜ ਰੁਪਏ ਤੋਂ ਵੱਧ ਸਰਕਾਰੀ ਖਜ਼ਾਨੇ ਵਿਚ ਆਏ ਹਨ।

# ਭਾਜਪਾ ਯੂਥ ਵਿੰਗ ਵੱਲੋਂ ਪੰਜਾਬ ਸਰਕਾਰ ਦੇ ਬਜਟ ਦੀ ਨਿਖੇਧੀ

## ਇਸ ਨੂੰ 'ਪ੍ਰਤੀਕਿਰਿਆਸ਼ੀਲ', 'ਫਰਾਡ' ਅਤੇ 'ਝੂਠ ਦਾ ਪੁਲੰਦਾ' ਕਿਹਾ

**ਚੰਡੀਗੜ੍ਹ 11 ਮਾਰਚ:** ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਸਾਲਾਨਾ ਬਜਟ ਨੂੰ ਪਿਛਾਖੜੀ, 'ਧੋਖੇਬਾਜ਼' ਅਤੇ 'ਝੂਠ ਦਾ ਪੁਲੰਦਾ' ਕਰਾਰ ਦਿੰਦਿਆਂ ਇੰਜ. ਕੰਵਰਵੀਰ ਸਿੰਘ ਟੌਹੜਾ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਯੂਥ ਵਿੰਗ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਆਮ ਆਦਮੀ ਪਾਰਟੀ ਵੱਲੋਂ ਕੀਤੇ ਚੋਣ ਵਾਅਦਿਆਂ ਕਾਰਨ ਬਜਟ ਤੋਂ ਵੱਡੀਆਂ ਉਮੀਦਾਂ ਰੱਖਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ।

ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਭਾਜਪਾ ਯੂਥ ਵਿੰਗ ਦੇ ਪ੍ਰਧਾਨ ਇੰਜ. ਕੰਵਰਵੀਰ ਸਿੰਘ ਟੌਹੜਾ ਨੇ ਕਿਹਾ ਕਿ ਸੂਬੇ ਦੀ 'ਆਪ' ਸਰਕਾਰ ਦੇ ਇਕ ਸਾਲ ਪੂਰਾ ਹੋਣ 'ਤੇ ਲੋਕਾਂ ਨੂੰ ਉਮੀਦ ਸੀ ਕਿ ਉਹ ਅੱਜ ਪੇਸ਼ ਕੀਤੇ ਗਏ ਬਜਟ 'ਚ ਆਪਣੇ ਚੋਣ ਵਾਅਦਿਆਂ ਸਬੰਧੀ ਕੋਈ ਨਾ ਕੋਈ ਐਲਾਨ ਕਰਨਗੇ, ਪਰ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲਿਆ।

"ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅੱਜ ਪੇਸ਼ ਕੀਤਾ ਗਿਆ ਬਜਟ ਕੁਝ ਵੀ ਨਹੀਂ ਸਗੋਂ ਪੰਜਾਬੀਆਂ ਨਾਲ ਕੀਤੇ ਗਏ ਧੋਖੇ ਦਾ ਦਸਤਾਵੇਜ਼ ਹੈ। ਪੰਜਾਬ ਦੀਆਂ ਮਾਵਾਂ-ਭੈਣਾਂ ਇਸ ਗੱਲ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀਆਂ ਸਨ ਕਿ ਸਰਕਾਰ ਦਾ



ਇੱਕ ਸਾਲ ਪੂਰਾ ਹੋ ਜਾਵੇਗਾ ਅਤੇ ਅਗਲੇ ਮਹੀਨੇ ਤੋਂ 12,000 ਰੁਪਏ (ਪਿਛਲੇ ਇੱਕ ਸਾਲ ਤੋਂ 1000 ਰੁਪਏ ਪ੍ਰਤੀ ਮਹੀਨਾ) ਅਤੇ ਇਸ ਸਾਲ ਤੋਂ 1000 ਰੁਪਏ ਪ੍ਰਤੀ ਮਹੀਨਾ ਮਿਲਣਗੇ ਜਿਵੇਂ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਸਮੇਂ ਵਾਅਦਾ ਕੀਤਾ ਸੀ ਪਰ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ। ਪੰਜਾਬ ਦੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਕਰਜ਼ਾ ਮੁਆਫੀ ਦੀ ਗਰੰਟੀ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਕੁਝ ਉਮੀਦਾਂ ਸਨ, ਪਰ ਇਸ ਸਬੰਧੀ ਕੁਝ ਵੀ ਨਹੀਂ ਕਿਹਾ ਗਿਆ।

ਟੌਹੜਾ ਨੇ ਕਿਹਾ ਕਿ ਇਸ ਪਾਰਟੀ ਨੇ ਚੋਣਾਂ ਦੌਰਾਨ ਹੋਰ ਵੀ ਕਈ ਝੂਠੇ ਵਾਅਦੇ ਕੀਤੇ ਸਨ, ਜਿਨ੍ਹਾਂ ਦਾ ਬਜਟ ਵਿੱਚ ਜ਼ਿਕਰ ਤੱਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 'ਆਪ' ਨੇ ਪੰਜਾਬ ਅੰਦਰ ਪੰਜਾਬੀ ਨੌਜਵਾਨਾਂ ਨੂੰ ਕਈ ਮੌਕੇ ਪ੍ਰਦਾਨ ਕਰਨ ਦਾ ਵਾਅਦਾ ਕੀਤਾ ਸੀ ਪਰ ਇਹ ਪਾਰਟੀ ਉਨ੍ਹਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰ ਸਕੀ। "ਨੌਜਵਾਨਾਂ ਦੀ ਤਰੱਕੀ ਲਈ ਵੀ ਇਸ ਬਜਟ ਵਿੱਚ ਕੁਝ ਵੀ ਨਹੀਂ ਹੈ, ਇਸ ਲਈ ਇਹ ਬਜਟ ਝੂਠ ਅਤੇ ਫਰੇਬ ਦਾ ਦਸਤਾਵੇਜ਼ ਹੈ, ਜਿਸ ਨਾਲ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਪ੍ਰਤੀਕਿਰਿਆਸ਼ੀਲ ਬਜਟ ਹੈ। ਪੰਜਾਬ ਅਤੇ ਪੰਜਾਬੀਆਂ ਲਈ ਇਸ ਬਜਟ ਵਿੱਚ ਜਾਅਲੀ ਅੰਕੜਿਆਂ ਦੇ ਜਾਦੂ ਅਤੇ ਆਪਣੀ ਪਿੱਠ ਥਪਥਪਾਉਣ ਤੋਂ ਇਲਾਵਾ ਕੁਝ ਨਹੀਂ ਹੈ। ਇਸੇ ਲਈ ਭਾਜਪਾ ਨੇ ਇਸ ਬਜਟ ਨੂੰ ਸਿਰੇ ਤੋਂ ਖਾਰਿਜ ਕਰਦੇ ਹੋਏ ਇਸ ਜਾਅਲਸਾਜ਼ੀ ਲਈ ਭਗਵੰਤ ਮਾਨ ਅਤੇ ਹਰਪਾਲ ਚੀਮਾ ਦੀ ਨਿੰਦਾ ਕੀਤੀ ਹੈ। ਪਾਰਟੀ ਸਰਕਾਰ ਦੇ ਇਸ ਬਜਟ ਨੂੰ 100 ਵਿੱਚੋਂ ਸਿਫ਼ਰ ਅੰਕ ਦਿੰਦੀ ਹੈ। ਜੇ ਸਿਫ਼ਰ ਤੋਂ ਘੱਟ ਕੁਝ ਹੁੰਦਾ ਤਾਂ ਪਾਰਟੀ ਨੇ ਉਸ ਨੂੰ ਹੋਰ ਵੀ ਘੱਟ ਅੰਕ ਦਿੱਤੇ ਹੁੰਦੇ। ਇਹ ਇਕ ਫਜ਼ੂਲ ਸਰਕਾਰ ਦਾ ਫਾਲਤੂ ਬਜਟ ਹੈ,"

# ਤਾਮਿਲਨਾਡੂ ਵਾਂਗ ਸ਼ਰਾਬ ਦਾ ਕਾਰੋਬਾਰ ਦਾ ਸਰਕਾਰੀ ਕਰਨ ਦੀ ਮੰਗ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਨੇ ਤਾਮਿਲਨਾਡੂ ਵਾਂਗੂ ਸ਼ਰਾਬ ਦਾ ਕਾਰੋਬਾਰ ਸਰਕਾਰੀ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ, ਸ. ਕੁਲਦੀਪ ਸਿੰਘ ਧਾਲੀਵਾਲ ਤੇ ਹੋਰਨਾਂ ਨੂੰ ਲਿਖੇ ਪੱਤਰ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਧਾਨ ਹਰਦੀਪ ਸਿੰਘ ਚਾਹਲ ਤੇ ਜਨਰਲ ਸਕੱਤਰ ਰਾਜਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਤਾਮਿਲਨਾਡੂ ਨੇ 1983 ਤੋਂ ਸਰਕਾਰ ਨੇ ਸ਼ਰਾਬ ਦੇ ਕਾਰੋਬਾਰ ਨੂੰ ਆਪਣੇ ਹੱਥ ਵਿਚ ਲਿਆ ਹੈ ਤੇ ਉਸ ਨੂੰ 2021-22 ਵਰ੍ਹੇ, ਵਿੱਚ 36 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਹੋਈ ਹੈ। ਸ. ਨਵਜੋਤ ਸਿੰਘ ਸਿੱਧੂ 11 ਜਨਵਰੀ 2022 ਨੂੰ ਜਾਰੀ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਜੇ ਅਸੀਂ ਸ਼ਰਾਬ ਮਾਫੀਆ 'ਤੇ ਕਾਬੂ ਪਾਉਣ ਲਈ ਤਾਮਿਲਨਾਡੂ ਵਾਂਗੂ ਸ਼ਰਾਬ ਦੇ ਕਾਰੋਬਾਰ ਨੂੰ ਪੰਜਾਬ ਸਰਕਾਰ ਆਪਣੇ ਹੱਥ ਵਿੱਚ ਲੈ ਲਵੇ ਤਾਂ ਸਰਕਾਰ ਨੂੰ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਾਲਾਨਾ ਆਮਦਨ ਹੋ ਸਕਦੀ ਹੈ। ਏਸੇ ਤਰ੍ਹਾਂ ਉਨ੍ਹਾਂ ਕਿਹਾ ਸੀ ਕਿ ਜੇ ਰੇਤ ਮਾਫੀਆ, ਕੇਬਲ ਮਾਫੀਆ, ਇਸ਼ਤਿਹਾਰਬਾਜ਼ੀ 'ਤੇ ਸਰਕਾਰ ਨੱਥ ਪਾ ਲਵੇ ਤਾਂ ਪੰਜਾਬ ਸਰਕਾਰ ਨੂੰ ਮੋਟੀ ਕਮਾਈ ਹੋ ਸਕਦੀ ਹੈ।ਇਸ ਲਈ ਮਾਫ਼ੀਆ ਰਾਜ ਖ਼ਤਮ ਕਰਨ ਸਰਕਾਰ ਫ਼ੌਰੀ ਲੋੜੀਂਦੇ ਕਦਮ ਚੁੱਕੇ।

# ਯੂਨੀਸੇਫ ਰਿਪੋਰਟ : ਤੁਰਕੀ ਭੁਚਾਲ 'ਚ 8 ਲੱਖ ਤੋਂ ਜ਼ਿਆਦਾ ਬੱਚੇ ਹੋਏ ਬੇਘਰ

**ਨਵੀਂ ਦਿੱਲੀ-** ਯੂਨੀਸੇਫ ਨੇ ਜਾਰੀ ਇਕ ਬਿਆਨ 'ਚ ਕਿਹਾ ਕਿ ਤੁਰਕੀ ਅਤੇ ਸੀਰੀਆ 'ਚ ਹਾਲ ਹੀ 'ਚ ਆਏ ਭਿਆਨਕ ਭੁਚਾਲ ਕਾਰਨ 8 ਲੱਖ 50 ਹਜ਼ਾਰ ਤੋਂ ਜ਼ਿਆਦਾ ਬੱਚੇ ਬੇਘਰ ਹੋ ਰਹੇ ਹਨ। ਜਾਣਕਾਰੀ ਅਨੁਸਾਰ ਦੱਸਿਆ ਗਿਆ ਕਿ



ਦੱਖਣੀ ਤੁਰਕੀ ਅਤੇ ਸੀਰੀਆ ਵਿੱਚ ਆਏ ਦੋ ਵਿਨਾਸ਼ਕਾਰੀ ਭੂਚਾਲਾਂ ਦੇ ਇੱਕ ਮਹੀਨੇ ਬਾਅਦ 8,50,000 ਤੋਂ ਵੱਧ ਬੱਚੇ ਆਪਣੇ ਨੁਕਸਾਨੇ ਗਏ ਜਾਂ ਤਬਾਹ ਹੋਏ ਘਰ ਛੱਡਣ ਲਈ ਮਜਬੂਰ ਹੋਏ ਹਨ। ਯੂਨੀਸੈਫ ਨੇ ਕਿਹਾ ਕਿ ਇਸ ਖੇਤਰ ਵਿੱਚ ਬੱਚਿਆਂ ਅਤੇ ਪਰਿਵਾਰਾਂ ਉੱਤੇ ਭੂਚਾਲ ਦਾ ਪ੍ਰਭਾਵ ਵਿਨਾਸ਼ਕਾਰੀ ਰਿਹਾ ਹੈ। ਯੂਨੀਸੇਫ ਨੇ ਰਿਪੋਰਟ ਦਿੱਤੀ ਕਿ ਸੈਂਕੜੇ ਹਜ਼ਾਰਾਂ ਲੋਕਾਂ ਵੱਲੋਂ ਨਿਰਾਸ਼ਾਜਨਕ ਹਾਲਤਾਂ ਵਿੱਚ ਛੱਡ ਦਿੱਤੇ ਗਏ ਹਨ, ਜਦੋਂ ਕਿ ਬਹੁਤ ਸਾਰੇ ਪਰਿਵਾਰ ਆਪਣੇ ਘਰ ਗੁਆ ਚੁੱਕੇ ਹਨ ਅਤੇ ਹੁਣ ਅਸਥਾਈ ਪਨਾਹਗਾਹਾਂ ਵਿੱਚ ਰਹਿ ਰਹੇ ਹਨ। ਭੁਚਾਲ ਦੌਰਾਨ ਮਾਰੇ ਗਏ ਜਾਂ ਜ਼ਖ਼ਮੀ ਹੋਏ ਬੱਚਿਆਂ ਦੀ ਗਿਣਤੀ ਦੀ ਅਜੇ ਪੁਸ਼ਟੀ ਨਹੀਂ ਕੀਤੀ ਗਈ ਹੈ, ਪਰ ਸੰਭਾਵਨਾ ਹੈ ਕਿ ਇਹ ਹਜ਼ਾਰਾਂ ਵਿੱਚ ਹੈ।

## ਰੈਜ਼ੀਡੈਂਟ ਵੀਜ਼ੇ-ਲੇਖਾ-ਜੋਖਾ

# 160,336 ਲੋਕ ਹੋ ਗਏ ਪੱਕੇ, 79% ਅਰਜ਼ੀਆਂ ਨਿਬੜੀਆਂ ਬਾਕੀ ਰਹਿ ਗਈਆਂ 22,013

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ '2021 ਰੈਜ਼ੀਡੈਂਟ ਵੀਜ਼ਾ ਸ਼੍ਰੇਣੀ' ਅਧੀਨ ਦੋ ਗੇੜਾਂ ਵਿਚ ਅਰਜ਼ੀਆਂ ਮੰਗੀਆਂ ਗਈਆਂ ਸਨ ਅਤੇ ਇਹ 31 ਜੁਲਾਈ 2022 ਤੱਕ ਦਾਖਿਲ ਕਰਨ ਵਾਸਤੇ ਸਨ। ਇਸ ਸ਼੍ਰੇਣੀ ਅਧੀਨ ਹੁਣ ਤੱਕ (11 ਮਾਰਚ 2023 ਤੱਕ) ਅੱਪਡੇਟ ਹੋਏ ਅੰਕੜੇ ਅਤੇ ਮੇਰੇ ਵੱਲੋਂ ਦਫਤਰ ਤੋਂ ਲਈ ਵਿਸ਼ੇਸ਼ ਜਾਣਕਾਰੀ ਅਨੁਸਾਰ ਹੁਣ ਤੱਕ ਕੁੱਲ 160,336 ਲੋਕ ਪੱਕੇ ਹੋ ਗਏ ਹਨ। ਇਸ ਸ਼੍ਰੇਣੀ ਅਧੀਨ ਕੁੱਲ 106,096 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚ ਕੁੱਲ 214,325 ਲੋਕ ਸ਼ਾਮਿਲ ਸਨ। ਇਨ੍ਹਾਂ ਅਰਜ਼ੀਆਂ ਵਿਚੋਂ 83,814 ਅਰਜ਼ੀਆਂ ਨਿਬੜ ਚੁੱਕੀਆਂ ਹਨ। 269 ਅਰਜ਼ੀਆਂ ਅਯੋਗ ਕਰਾਰ ਦਿੱਤੀਆਂ ਗਈਆਂ ਹਨ ਜਾਂ ਫਿਰ ਵਾਪਿਸ ਲੈ ਲਈਆਂ ਗਈਆਂ ਹਨ। ਇਨ੍ਹਾਂ ਮੰਜ਼ੂਰ ਹੋਈਆਂ ਅਰਜ਼ੀਆਂ ਦੇ ਵਿਚ 45,000 ਅਰਜ਼ੀਆਂ ਭਾਰਤੀ ਮੂਲ ਦੇ ਲੋਕਾਂ ਦੀਆਂ ਸਨ ਜਿਨ੍ਹਾਂ ਦਾ ਨਿਬੇੜਾ ਹੋ ਚੁੱਕਾ ਹੈ ਅਤੇ ਵੀਜ਼ੇ ਲੱਗ ਗਏ ਹਨ। ਭਾਰਤੀ ਲੋਕਾਂ ਦੀਆਂ ਬਾਕੀ ਰਹਿ-ਦੀਆਂ ਲਗਪਗ 10,500 ਅਰਜ਼ੀਆਂ ਉਤੇ ਆਉਣ ਵਾਲੇ 2-3 ਮਹੀਨਿਆਂ ਦੇ ਵਿਚ ਫੈਸਲਾ ਹੋਣ ਦੀ





ਸੰਭਾਵਨਾ ਹੈ।

ਅੰਤ੍ਰਿਮ ਵੀਜ਼ਾ ਖਤਮ ਹੋ ਰਿਹਾ? ਜਿਨ੍ਹਾਂ ਲੋਕਾਂ ਦੇ ਆਰ-2021 ਸ਼੍ਰੇਣੀ ਅਧੀਨ ਅੰਤ੍ਰਿਮ ਵੀਜ਼ੇ (Interim Visas) ਅਗਲੇ ਮਹੀਨਿਆਂ ਵਿਚ ਖਤਮ ਹੋ ਰਹੇ ਹਨ ਉਹ ਮੁਫ਼ਤ ਦੇ ਵਿਚ ਦੁਬਾਰਾ ਅਪਲਾਈ ਕਰ ਸਕਦੇ ਹਨ। ਅੰਤ੍ਰਿਮ ਵੀਜ਼ੇ ਵਿਚ ਉਹ ਦੇਸ਼ ਤੋਂ ਬਾਹਰ ਯਾਤਰਾ ਕਰਨ ਵਾਸਤੇ ਵੀ ਜਾ ਸਕਦੇ ਹਨ। ਨਿਊਜ਼ੀਲੈਂਡ ਵਿਚ ਕਾਨੂੰਨੀ ਤੌਰ ਉਤੇ ਰਹਿਣ ਲਈ ਇਹ ਜ਼ਰੂਰੀ ਹੋਵੇਗਾ ਕਿ ਤੁਹਾਡੇ ਕੋਲ ਅੰਤ੍ਰਿਮ ਵੀਜ਼ਾ ਹੋਵੇ। ਜੇਕਰ ਇਹ ਜਲਦ ਖਤਮ ਹੋ ਰਿਹਾ ਹੈ ਤਾਂ ਮੌਜੂਦਾ ਅੰਤਿਰਮ ਵੀਜ਼ਾ ਖਤਮ ਹੋਣ ਤੋਂ ਪਹਿਲਾਂ ਇਹ ਕਰਨਾ ਜਰੂਰੀ ਹੈ, ਉਂਝ ਇਮੀਗ੍ਰੇਸ਼ਨ ਵੱਲੋਂ ਇਹ ਕੰਮ ਆਪਣੇ ਆਪ ਵੀ ਕੀਤਾ ਜਾ ਰਿਹਾ ਹੈ, ਪਰ ਕੋਈ ਰਹਿ ਨਾ ਜਾਵੇ ਇਸ ਕਰਕੇ ਲੋਕ ਵੀ ਅਗਾਊਂ ਅਪਲਾਈ ਕਰ ਸਕਦੇ ਹਨ ਤਾਂ ਕਿ ਕਿਸੀ ਵੀ ਤਰ੍ਹਾਂ ਗੈਰ ਕਾਨੂੰਨੀ ਨਾ ਹੋ ਜਾਣ। ਜਿਨ੍ਹਾਂ ਦੇ ਅੰਤ੍ਰਿਮ ਵੀਜ਼ੇ ਉਤੇ ਦੇਸ਼ ਤੋਂ ਬਾਹਰ ਜਾਣ ਦੀ ਇਜ਼ਾਜਤ ਨਹੀਂ ਹੈ, ਉਹ ਵੀ ਵੀਜ਼ਾ ਨਿਯਮ ਦੇ ਵਿਚ ਅਜਿਹਾ ਬਦਲਾਓ ਕਰਨ ਲਈ ਕਹਿ ਸਕਦੇ ਹਨ, ਅਤੇ ਬਾਹਰ ਜਾਣ ਦੇ ਯੋਗ ਹੋ ਸਕਦੇ ਹਨ। ਇਸ ਵਾਸਤੇ ਖਰਚਾ ਕੋਈ ਨਹੀਂ ਹੋਵੇਗਾ। ਈਮੇਲ ਪਤਾ ਨੋਟ ਕਰ ਲਓ 21RVinterims@mbie.govt.nz

# ਅਮਰੀਕਾ ਵਿੱਚ 12 ਫੀਸਦੀ ਵਧੇ ਨਫਰਤੀ ਅਪਰਾਧ: ਐਫਬੀਆਈ

**ਵਾਸ਼ਿੰਗਟਨ-** ਅਮਰੀਕਾ ਵਿੱਚ ਸੰਨ 2021 ਦੌਰਾਨ ਨਫਰਤੀ ਅਪਰਾਧਾਂ ਵਿੱਚ 12 ਫੀਸਦੀ ਵਾਧਾ ਹੋਇਆ ਹੈ। ਸੰਘੀ ਜਾਂਚ ਬਿਊਰੋ (ਐਫ.ਬੀ.ਆਈ) ਨੇ ਖੁਲਾਸਾ




ਕੀਤਾ ਕਿ ਨਸਲ ਜਾਂ ਵੰਸ਼ਵਾਦ ਕਰਕੇ 64.5 ਫੀਸਦੀ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਐਫਬੀਆਈ ਵੱਲੋਂ ਜਾਰੀ ਕੀਤੀ ਗਈ ਆਪਣੀ ਸਾਲਾਨਾ ਰਿਪੋਰਟ ਮੁਤਾਬਿਕ 43.2 ਫੀਸਦ ਅਪਰਾਧ ਧਮਕਾਉਣ ਨਾਲ ਸਬੰਧਿਤ ਹਨ। ਐਫਬੀਆਈ ਨੇ ਦੱਸਿਆ,'ਕੌਮੀ ਪੱਧਰ 'ਤੇ ਨਸਲੀ ਅਪਰਾਧ ਦੇ ਸੰਨ 2020 ਵਿੱਚ 8,120 ਅਤੇ 2021 ਵਿੱਚ 9,065 ਮਾਮਲੇ ਦਰਜ ਕੀਤੇ ਗਏ। ਇਸ ਤਰ੍ਹਾਂ 11.6 ਫੀਸਦੀ ਅਪਰਾਧ ਵਧੇ ਹਨ। ਰਿਪੋਰਟ 'ਚ 10,840 ਘਟਨਾਵਾਂ ਤੇ 12,411 ਅਪਰਾਧ ਦੇ ਮਾਮਲੇ ਸ਼ਾਮਲ ਹਨ। ਨਸਲੀ ਅਪਰਾਧਾਂ ਵਜੋਂ 19 ਜਬਰ-ਜਨਾਹ ਤੇ 18 ਕਤਲਾਂ ਦੇ ਮਾਮਲੇ ਰਿਪੋਰਟ ਚ ਦਰਜ ਹਨ।

# ਆਸਕਰ ਐਵਾਰਡ: ਦਿੱਲੀ ਦੀ ਸਿੱਖ ਕੁੜੀ ਛਾਈ

## ਭਾਰਤੀ ਫਿਲਮ 'ਦ ਐਲੀਫੈਂਟ ਵਿਸਪਰਜ਼' ਦੀ ਨਿਰਮਾਤਾ ਗੁਨੀਤ ਮੋਂਗਾ ਨੇ ਜਿਤਿਆ ਲਘੂ ਫਿਲਮ ਐਵਾਰਡ, ਦਸੰਬਰ ਮਹੀਨੇ ਹੀ ਸਿੱਖ ਰਹੁ ਰੀਤਾਂ ਨਾਲ ਹੋਇਆ ਸੀ ਵਿਆਹ




ਨਵੀਂ ਦਿੱਲੀ ਦੀ ਇਹ ਕੁੜੀ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਤ ਯੂਨੀਵਰਸਿਟੀ ਦੇ ਇਕ ਕਾਲਜ ਤੋਂ ਪੜ੍ਹੀ ਲਿਖੀ ਹੈ। ਇਸ ਸਾਲ ਦਾ ਆਸਕਰ ਐਵਾਰਡ ਭਾਰਤ ਲਈ ਖਾਸ ਹੋਣ ਹੀ ਵਾਲਾ ਸੀ। ਪਹਿਲੀ ਵਾਰ, ਭਾਰਤ ਨੂੰ ਅਕੈਡਮੀ ਪੁਰਸਕਾਰਾਂ ਵਿੱਚ ਤਿੰਨ ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ। ਜਿੱਥੇ ਐਸ ਐਸ ਰਾਜਾਮੌਲੀ ਦੀ ਸੁਪਰਹਿੱਟ ਫਿਲਮ ਆਰ ਆਰ ਆਰ ਦੇ ਗੀਤ 'ਨਾਟੂ-ਨਾਟੂ' ਨੂੰ ਸਰਵੋਤਮ ਮੂਲ ਗੀਤ ਵਿੱਚ ਨਾਮਜ਼ਦਗੀ ਮਿਲੀ ਸੀ। ਇਸ ਦੇ ਨਾਲ ਹੀ 'ਆਲ ਦੈਟ ਬਰੇਦਜ਼' ਅਤੇ 'ਦ ਐਲੀਫੈਂਟ ਵਿਸਪਰਜ਼' ਨੂੰ ਕ੍ਰਮਵਾਰ ਸਰਵੋਤਮ ਦਸਤਾਵੇਜ਼ੀ ਵਿਸ਼ੇਸ਼ਤਾ ਅਤੇ ਸਰਬੋਤਮ ਛੋਟੀ ਦਸਤਾਵੇਜ਼ੀ ਲਈ ਨਾਮਜ਼ਦਗੀਆਂ ਪ੍ਰਾਪਤ ਹੋਈਆਂ ਸਨ। ਨਾਮਜ਼ਦਗੀ ਤੋਂ ਇਲਾਵਾ ਬਾਲੀਵੁੱਡ ਕਲਾਕਾਰ ਦੀਪਿਕਾ ਪਾਦੁਕੋਣ ਨੇ ਆਸਕਰ ਦੇ ਵਿਚ ਸਟੇਜ ਉਤੇ ਹਾਜ਼ਰੀ ਵੀ ਲਗਵਾਈ। ਭਾਰਤੀਆਂ ਨੂੰ ਖੁਸ਼ੀ ਹੋਵੇਗੀ ਕਿ 'ਸਰਵੋਤਮ ਮੂਲ ਗੀਤ' ਦੇ ਲਈ ਫਿਲਮ ਆਰ. ਆਰ. ਆਰ. ਦੇ ਗੀਤ 'ਨਾਟੂ-ਨਾਟੂ' ਨੂੰ ਚੁਣਿਆ ਗਿਆ। ਇਸ ਦੇ ਨਾਲ ਹੀ 'ਦਾ ਐਲੀਫੈਂਟ ਵਿਸਪਰਸ' ਨੂੰ ਸਰਵੋਤਮ ਲਘੂ ਫਿਲਮ ਐਲਾਨਿਆ ਗਿਆ। ਗੀਤ 'ਨਾਟੂ-ਨਾਟੂ' ਇਸ ਤੋਂ ਪਹਿਲਾਂ ਗੋਲਡਨ ਗਲੋਬ ਐਵਾਰਡ ਵੀ ਮਿਲਿਆ ਸੀ। "he 5lephant Whispers ਜਿਸ ਨੇ ਸਰਬੋਤਮ ਡਾਕੂਮੈਂਟਰੀ ਲਘੂ ਫਿਲਮ ਦਾ ਪੁਰਸਕਾਰ ਜਿੱਤਿਆ ਹੈ। ਇਸ ਦਾ ਨਿਰਦੇਸ਼ਨ ਕਾਰਤਿਕੀ ਗੋਂਸਾਲਵੇਸ ਦੁਆਰਾ ਕੀਤਾ ਗਿਆ ਹੈ ਅਤੇ ਗੁਨੀਤ ਮੋਂਗਾ ਦੁਆਰਾ ਨਿਰਮਿਤ ਇਹ ਫਿਲਮ ਸੀ। ਗੁਨੀਤ ਮੋਂਗਾ ਨੇ ਕਿਹਾ ਕਿ ਭਾਰਤ ਲਈ 2 ਔਰਤਾਂ ਨੇ ਇਹ ਕਮਾਲ ਕਰ ਦਿੱਤਾ ਹੈ। ਗੁਨੀਤ ਦੀ ਇਹ ਦੂਜੀ ਫਿਲਮ ਹੈ, ਜਿਸ ਨੂੰ ਆਸਕਰ ਐਵਾਰਡ ਮਿਲਿਆ ਹੈ। ਇਸ ਤੋਂ ਪਹਿਲਾਂ ਉਸਦੀ ਫਿਲਮ ਪੀਰੀਅਡ ਐਂਡ ਆਫ ਸੇਂਟੈਂਸ ਨੂੰ 2019 ਵਿੱਚ ਸਰਵੋਤਮ ਡਾਕੂਮੈਂਟਰੀ ਲਘੂ ਫਿਲਮ ਦੀ ਸ਼੍ਰੇਣੀ ਵਿੱਚ ਆਸਕਰ ਅਵਾਰਡ ਮਿਲਿਆ ਸੀ। ਫਿਲਮ ਇੱਕ ਦੱਖਣ ਭਾਰਤੀ ਜੋੜੇ, ਬੋਮਨ ਅਤੇ ਬੇਲੀ ਦੀ ਕਹਾਣੀ ਹੈ, ਜੋ ਰਘੂ ਨਾਮ ਦੇ ਇੱਕ ਅਨਾਥ ਹਾਥੀ ਦੀ ਦੇਖਭਾਲ ਕਰਦੇ ਹਨ। ਇਸ ਫਿਲਮ ਰਾਹੀਂ ਇਨਸਾਨਾਂ ਅਤੇ ਜਾਨਵਰਾਂ ਦੀ ਸਾਂਝ ਨੂੰ ਦਿਖਾਇਆ ਗਿਆ ਹੈ। ਭਾਰਤੀ ਦਸਤਾਵੇਜ਼ੀ ਫਿਲਮ ਆਲ ਦੈਟ ਬਰਿਦਸ ਦੌੜ ਤੋਂ ਬਾਹਰ ਹੋ ਗਈ ਸੀ। ਇਸ ਤੋਂ ਪਹਿਲਾਂ ਕਾਲ-ਰਾਹੁਲ ਨੇ ਦੇ ਗੀਤ 'ਨਾਟੂ-ਨਾਟੂ' 'ਤੇ ਲਾਈਵ ਪਰਫਾਰਮੈਂਸ ਦਿੱਤੀ। ਜਿਵੇਂ ਹੀ ਪ੍ਰਦਰਸ਼ਨ ਸ਼ੁਰੂ ਹੋਇਆ ਦਰਸ਼ਕਾਂ ਨੇ ਖੜ੍ਹੇ ਹੋ ਕੇ ਤਾੜੀਆਂ ਮਾਰੀਆਂ। ਲਾਸ ਏਂਜਲਸ 'ਚ ਹੋ ਰਹੇ ਇਸ ਐਵਾਰਡ ਸ਼ੋਅ 'ਚ ਹਾਲੀਵੁੱਡ ਤੋਂ ਲੈ ਕੇ ਬਾਲੀਵੁੱਡ ਤੱਕ ਦੇ ਕਈ ਸਿਤਾਰੇ ਪਹੁੰਚੇ ਸਨ।

# ਪੰਜਾਬ ਸਰਕਾਰ ਨੇ 813 ਲੋਕਾਂ ਦੇ ਹਥਿਆਰਾਂ ਦੇ ਲਾਈਸੈਂਸ ਕੀਤੇ ਰੱਦ

## ਸਰਕਾਰ ਅਨੁਸਾਰ ਇਨ੍ਹਾਂ ਵਿੱਚੋਂ 89 ਲੋਕਾਂ ਦਾ ਅਪਰਾਧਿਕ ਪਿਛੋਕੜ

**ਮੋਹਾਲੀ–**ਆਮ ਆਦਮੀ ਪਾਰਟੀ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਸਵਾਲ ਦਾ ਜਵਾਬ ਦਿੰਦਿਆ ਦੱਸਿਆ ਗਿਆ ਕਿ ਸੂਬੇ ਵਿੱਚ 3.73 ਲੱਖ ਲਾਈਸੈਂਸਧਾਰਕ ਹਨ।ਹਥਿਆਰਾਂ ਦੇ ਲਾਈਸੈਂਸ ਰੱਖਣ ਵਿੱਚ ਸਰਹੱਦੀ ਸੂਬਾ ਗੁਰਦਾਸਪੁਰ ਪਹਿਲੇ ਨੰਬਰ ਉਪਰ ਹੈ ਜਦਕਿ ਬਠਿੰਡਾ ਅਤੇ ਪਟਿਆਲਾ ਦੂਜੇ ਅਤੇ ਤੀਜੇ ਨੰਬਰ 'ਤੇ ਆਉਂਦੇ ਹਨ। ਜਾਣਕਾਰੀ ਮੁਤਾਬਕ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਹਥਿਆਰ ਹਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ।

ਗੁਰਦਾਸਪੁਰ – 40,789
ਬਠਿੰਡਾ – 29,353
ਪਟਿਆਲਾ – 28,340
ਮੋਗਾ – 26,656
ਅੰਮ੍ਰਿਤਸਰ ਰੂਰਲ 23,201
ਫ਼ਿਰੋਜ਼ਪੁਰ –21,432



ਸਰਕਾਰ ਮੁਤਾਬਕ ਜਿਆਦਾਤਰ ਲਾਈਸੈਂਸ ਮੁਹਾਲੀ ਅਤੇ ਪਠਾਨਕੋਟ ਵਿੱਚ ਰੱਦ ਕੀਤੇ ਗਏ ਹਨ। ਅੰਕੜਿਆਂ ਅਨੁਸਾਰ ਮੁਹਾਲੀ ਵਿੱਚ 235 ਅਤੇ ਪਠਾਨਕੋਟ ਵਿੱਚ 199 ਲਾਈਸੈਂਸ ਰੱਦ ਹੋਏ ਹਨ। ਇਸ ਦੇ ਨਾਲ ਹੀ ਲੁਧਿਆਣਾ ਰੂਰਲ ਵਿੱਚ 87 ਅਤੇ ਫ਼ਰੀਦਕੋਟ ਵਿੱਚ 84 ਲਾਈਸੈਂਸ ਰੱਦ ਕੀਤੇ ਗਏ ਹਨ। ਜਾਣਕਾਰੀ ਮੁਤਾਬਕ ਲੁਧਿਆਣਾ ਵਿੱਚ ਜਿਨ੍ਹਾਂ 27 ਲੋਕਾਂ ਦੇ ਲਾਈਸੈਂਸ ਰੱਦ ਕੀਤਾ ਹਨ, ਉਹਨਾਂ ਦੀ ਪਿਛੋਕੜ ਅਪਰਾਧਿਕ ਹੈ। ਪਠਾਨਕੋਟ ਵਿੱਚ ਵੀ ਜਿਨ੍ਹਾਂ 17 ਲੋਕਾਂ ਦੇ ਲਾਈਸੈਂਸ ਰੱਦ ਹੋਏ ਹਨ, ਉਹਨਾਂ ਦਾ ਰਿਕਾਰਡ ਅਪਰਾਧਿਕ ਸੀ।

ਹੁਣ ਸਵਾਲ ਇਹੋ ਪੈਦਾ ਹੁੰਦਾ ਹੈ ਕਿ ਆਖ਼ਰ ਅਪਰਾਧੀਆਂ ਨੇ ਇੰਨੇ ਜ਼ਿਆਦਾ ਲਾਇਸੈਂਸ ਹਾਸਲ ਕਿਵੇਂ ਕਰ ਲਏ। ਇਹ ਅਣ–ਐਲਾਨੀ ਹਕੀਕਤ ਜੱਗ ਜ਼ਾਹਿਰ ਹੈ ਕਿ ਕਿਵੇਂ ਸਿਆਸੀ ਆਗੂਆਂ ਦੇ ਦਬਾਅ ਪੁਆ ਕੇ ਪ੍ਰਸ਼ਾਸਨ ਤੋਂ ਅਸਲਾ ਲਾਇਸੈਂਸ ਜਾਰੀ ਕਰਵਾ ਲਏ ਜਾਂਦੇ ਹਨ ਤੇ ਫਿਰ ਪਿੰਡਾਂ ਤੇ ਸ਼ਹਿਰਾਂ 'ਚ ਆਪਣੇ ਫੋਕੇ ਦਿਖਾਵਿਆਂ ਤੇ ਅਖੌਤੀ ਅਸਰ–ਰਸੂਖ਼ ਦੀ ਬੇਲੋੜੀ ਧੌਂਸ ਜਮਾਈ ਜਾਂਦੀ ਹੈ। ਹਾਲੇ ਸ਼ਨਿਚਰਵਾਰ ਦੀ ਰਾਤ ਨੂੰ ਗੁਰਦਾਸਪੁਰ ਜ਼ਿਲ੍ਹੇ 'ਵਿਚ ਬਟਾਲਾ ਲਾਗੇ ਇਕ ਸਿਆਸੀ ਆਗੂ ਦੇ ਪੁੱਤਰ ਨੇ ਲਾਇਸੈਂਸੀ ਰਿਵਾਲਵਰ ਨਾਲ ਇਕ ਨੌਜਵਾਨ ਦੇ ਸਿਰ ਤੇ ਢਿੱਡ ਵਿਚ ਗੋਲੀਆਂ ਮਾਰ ਦਿੱਤੀਆਂ।

# ਦੇਸ਼ ਭਰ ਵਿਚ ਪੱਛੜੀ ਪੰਜਾਬ ਪੁਲਸ, ਤੀਜੇ ਤੋਂ ਪਹੁੰਚੀ 12ਵੇਂ ਨੰਬਰ 'ਤੇ

**ਜਲੰਧਰ–** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਜਟ ਵਿਚ ਪੰਜਾਬ ਪੁਲਸ ਲਈ 10523 ਕਰੋੜ ਰੁਪਏ ਰਾਖਵੇਂ ਰੱਖੇ ਹਨ। ਇਹ ਪੈਸਾ ਪੁਲਸ ਆਧੁਨਿਕੀਕਰਨ ਅਤੇ ਹੋਰ ਵਿਕਾਸ ਕੰਮਾਂ 'ਤੇ ਖ਼ਰਚ ਕੀਤਾ ਜਾਵੇਗਾ। ਪੰਜਾਬ ਦੀ ਪੁਲਸ ਦੇਸ਼ ਭਰ ਵਿਚ ਤੀਜੇ ਸਥਾਨ 'ਤੇ ਗਿਣੀ ਜਾਂਦੀ ਸੀ ਪਰ ਪੰਜਾਬ ਸੰਤਾਪ ਤੋਂ ਬਾਅਦ ਪੰਜਾਬ ਪੁਲਸ 'ਤੇ ਵੱਧ ਪੈਸਾ ਖ਼ਰਚ ਨਹੀਂ ਕੀਤਾ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਪੁਲਸ 12ਵੇਂ ਸਥਾਨ 'ਤੇ ਆ ਗਈ ਹੈ। ਪੰਜਾਬ ਵਿਚ ਡਰੱਗ ਅਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਪੰਜਾਬ ਪੁਲਸ ਨੂੰ ਜ਼ਿਆਦਾ ਤੋਂ ਜ਼ਿਆਦਾ ਮਜ਼ਬੂਤ ਬਣਾਉਣ ਲਈ ਫੰਡ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਸਿਆਸੀ ਮਾਹਿਰ ਦਸਦੇ ਹਨ ਕਿ ਪੁਲੀਸ ਪ੍ਰਬੰਧਾਂ ਵਿਚ ਘਾਟ ਦਾ ਕਾਰਣ ਸਿਆਸੀ ਦਖਲਅੰਦਾਜ਼ੀ ਤੇ ਭ੍ਰਿਸ਼ਟਾਚਾਰ ਹੈ। ਸਿਆਸਤਦਾਨਾਂ ਤੇ ਵੀਆਈਪੀ ਲੋਕਾਂ ਉਪਰ ਸੁਰਖਿਆ ਲਗਾਉਣ ਕਾਰਣ ਪੰਜਾਬ ਦੀ ਸੁਰਖਿਆ ਵਿਚ ਘਾਟ ਦਿਖ ਰਹੀ ਹੈ।



ਪੰਜਾਬ ਵਿਚ ਹਰ ਸਾਲ ਔਸਤਨ 700 ਕਤਲ, 1650 ਅਗਵਾ ਦੇ ਕੇਸ ਅਤੇ 8 ਹਜ਼ਾਰ ਦੇ ਕਰੀਬ ਚੋਰੀਆਂ ਹੁੰਦੀਆਂ ਹਨ। ਇਸ ਦੇ ਨਾਲ ਹੀ ਪੰਜਾਬ ਵਿਚ 70 ਹਜ਼ਾਰ ਤੋਂ ਵੱਧ ਹਰ ਸਾਲ ਮਾਮਲੇ ਦਰਜ ਹੁੰਦੇ ਹਨ। ਪੰਜਾਬ ਵਿਚ ਸਮਰੱਥਾ ਦੇ ਮੁਕਾਬਲੇ ਫ਼ੋਰਸ 60 ਫ਼ੀਸਦੀ ਵੀ ਪੂਰੀ ਨਹੀਂ ਹੈ। ਇਕ ਥਾਣੇ ਵਿਚ ਜਿੱਥੇ 75 ਮੁਲਾਜ਼ਮਾਂ ਦੀ ਲੋੜ ਹੈ, ਉਥੇ ਮਹਿਜ਼ 30 ਹੀ ਹਨ। ਹੁਣ ਸੱਤਾਧਾਰੀ ਸਰਕਾਰ ਵੱਲੋਂ ਹਰ ਸਾਲ 1800 ਕਾਂਸਟੇਬਲ ਅਤੇ 300 ਸਬ ਇੰਸਪੈਕਟਰਾਂ ਨੂੰ ਭਰਤੀ ਕਰਨ ਦਾ ਫ਼ੈਸਲਾ ਲਿਆ ਗਿਆ ਹੈ।

ਜ਼ਮੀਨੀ ਪੱਧਰ 'ਤੇ ਹਾਲਾਤ ਇਹ ਹਨ ਕਿ ਥਾਣੇਦਾਰ ਨੂੰ ਮਹਿਜ਼ 33 ਰੁਪਏ ਦਾ ਪੈਟਰੋਲ ਜਾਂ ਡੀਜ਼ਲ ਰੋਜ਼ਾਨਾ ਮਿਲਦਾ ਹੈ। ਇਸ ਵਿਚ ਅੱਧਾ ਲੀਟਰ ਪੈਟਰੋਲ ਅਤੇ ਡੀਜ਼ਲ ਨਹੀਂ ਆ ਸਕਦਾ। ਉਥੇ ਹੀ ਸਿਪਾਹੀ, ਹੈੱਡ ਕਾਂਸਟੇਬਲ ਅਤੇ ਹੌਲਦਾਰ ਨੂੰ ਔਸਤਨ 23 ਰੁਪਏ ਮਿਲਦੇ ਹਨ। ਇਕ ਥਾਣੇ ਵਿਚ ਇਕ ਗੱਡੀ ਹੈ ਅਤੇ ਇਸ ਨੂੰ ਐੱਸ. ਐੱਚ. ਓ ਇਸਤੇਮਾਲ ਕਰਦੇ ਹਨ। 5 ਲੀਟਰ ਡੀਜ਼ਲ ਥਾਣੇਦਾਰ ਦੇ ਇਸ ਵਾਹਨ ਨੂੰ ਰੋਜ਼ਾਨਾ ਮਿਲਦਾ ਹੈ।

# ਫਗਵਾੜਾ ਦੇ ਝਿਰਮਲ ਸਿੰਘ ਭਿੰਡਰ ਨੇ 65 ਸਾਲਾ ਸੂਬਾ ਪੱਧਰੀ ਜੈਵਲਿਨ ਥਰੋ ਮੁਕਾਬਲੇ 'ਚ ਜਿੱਤਿਆ ਗੋਲਡ ਮੈਡਲ

**ਫਗਵਾੜਾ 13 ਮਾਰਚ (ਬੀ.ਕੇ.ਰੱਤੂ)–** ਫਗਵਾੜਾ ਦੇ ਵਸਨੀਕ ਝਿਰਮਲ ਸਿੰਘ ਭਿੰਡਰ ਨੇ ਪੰਜਾਬ ਮਾਸਟਰਜ ਅਥਲੈਟਿਕ ਐਸੋਸੀਏਸ਼ਨ ਵਲੋਂ ਕਰਵਾਈ 5ਵੀਂ 65 ਸਾਲਾ ਸੂਬਾ ਪੱਧਰੀ ਪੰਜਾਬ ਮਾਸਟਰਜ ਅਥਲੈਟਿਕਸ ਚੈਂਪੀਅਨਸ਼ਿਪ 'ਚ ਜਿਲ੍ਹਾ ਕਪੂਰਥਲਾ ਦੀ ਅਗਵਾਈ ਕਰਦੇ ਹੋਏ ਇਕ ਗੋਲਡ ਸਮੇਤ ਤਿੰਨ ਮੈਡਲ ਹਾਸਲ ਕੀਤੇ ਹਨ। ਆਪਣੀ ਉਕਤ ਪ੍ਰਾਪਤੀ ਬਾਰੇ ਜਾਣਕਾਰੀ ਦਿੰਦਿਆਂ ਝਿਰਮਲ ਸਿੰਘ ਭਿੰਡਰ ਨੇ ਦੱਸਿਆ ਕਿ ਇਹ ਮੁਕਾਬਲੇ 11 ਤੇ 12 ਮਾਰਚ ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਵਿਖੇ ਕਰਵਾਏ ਗਏ ਸੀ। ਉਹਨਾਂ ਦੱਸਿਆ ਕਿ 65 ਸਾਲ ਉਮਰ ਦੇ ਜੈਵਲਿਨ ਥਰੋ ਵਿਚ ਉਹਨਾਂ ਨੇ ਗੋਲਡ ਮੈਡਲ ਹਾਸਿਲ ਕੀਤਾ ਹੈ ਜਦਕਿ ਪੰਜ ਹਜਾਰ ਮੀਟਰ ਰਿਲੇ ਦੌੜ 'ਚ ਸਿਲਵਰ ਜਦਕਿ ਸੌ ਮੀਟਰ ਦੌੜ 'ਚ ਕਾਂਸੇ ਦਾ ਮੈਡਲ ਜਿੱਤਿਆ ਹੈ। ਝਿਰਮਲ ਸਿੰਘ ਭਿੰਡਰ ਦੀ ਇਸ ਪ੍ਰਾਪਤੀ ਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਖੇਡ ਪ੍ਰੇਮੀਆਂ ਨੇ ਜਿੱਥੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ, ਉੱਥੇ ਹੀ ਬਸਰਾ ਜਿਮ ਬੰਗਾ ਰੋਡ ਫਗਵਾੜਾ ਅਤੇ ਮਾਰਨਿੰਗ ਵਾਕਰ ਕਲੱਬ ਅਕਾਲ ਸਟੇਡੀਅਮ ਰਾਮਗੜ੍ਹੀਆ ਕਾਲਜ ਫਗਵਾੜਾ ਸਮੇਤ ਵੱਖ–ਵੱਖ ਅਦਾਰਿਆਂ ਵਲੋਂ ਵੀ ਉਹਨਾਂ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ। ਝਿਰਮਲ ਸਿੰਘ ਭਿੰਡਰ ਨੇ ਕਿਹਾ ਕਿ ਮਿਹਨਤ ਨਾਲ ਹਰ ਮੰਜਿਲ ਨੂੰ ਫਤਿਹ ਕੀਤਾ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਰੋਜਾਨਾ 10 ਕਿਲੋਮੀਟਰ ਦੀ ਸੈਰ ਤੋਂ ਇਲਾਵਾ ਉਹ ਜਿਮ ਵਿਚ ਕਈ ਘੰਟੇ ਪ੍ਰੈਕਟਿਸ ਕਰਦੇ ਹਨ। ਭਿੰਡਰ ਨੇ ਸਮੂਹ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਨੂੰ ਤਿਆਗ ਕੇ ਖੇਡਾਂ ਨਾਲ ਜੁੜਨ ਅਤੇ ਆਪਣੇ ਮਾਪਿਆਂ ਤੇ ਸ਼ਹਿਰ ਦਾ ਨਾਮ ਰੌਸ਼ਨ ਕਰਨ।




# ਭਾਕਿਯੂ ਏਕਤਾ ਡਕੌਂਦਾ ਨੇ ਡੀਸੀ ਦਫ਼ਤਰ ਬਰਨਾਲਾ ਵੱਲ ਮਾਰਚ ਕਰਕੇ ਮੋਦੀ ਸਰਕਾਰ ਦੀ ਅਰਥੀ ਫੂਕੀ

**ਬਰਨਾਲਾ, (ਦਲਜੀਤ ਕੌਰ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਮੋਦੀ ਸਰਕਾਰ ਵੱਲੋਂ ਕਿਸਾਨ ਸੰਘਰਸ਼ ਨੂੰ ਡੰਡੇ ਦੇ ਜ਼ੋਰ ਦਬਾਉਣ ਦੀ ਮਨਸ਼ਾ ਪਾਲ–ਦਿਆਂ ਕਿਸਾਨ ਆਗੂਆਂ ਹਰਿੰਦਰ ਸਿੰਘ ਲੱਖੋਵਾਲ ਅਤੇ ਸਤਨਾਮ ਸਿੰਘ ਬਹਿਰੂ ਦੇ ਘਰਾਂ ਅੱਗੇ ਛਾਪੇਮਾਰੀ ਕਰਨ ਦਾ ਗੰਭੀਰ ਨੋਟਿਸ ਲਿਆ ਹੈ। ਅੱਜ ਸੰਘਰਸ਼ ਦਾ ਪਿੜ ਮੱਲ ਕੇ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ਸੜਕਾਂ ਤੇ ਨਿੱਕਲ ਤੁਰੇ।



ਇੱਥੇ ਕਚਿਹਰੀ ਚੌਂਕ ਵਿੱਚ ਕੀਤੀ ਗਈ ਰੈਲੀ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਖਜ਼ਾਨਚੀ ਬਲਵੰਤ ਸਿੰਘ ਉੱਪਲੀ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਭਦੌੜ, ਜਨਰਲ ਸਕੱਤਰ ਸਾਹਿਬ ਸਿੰਘ ਬਡਬਰ, ਭੋਲਾ ਸਿੰਘ ਛੰਨਾਂ, ਨਾਨਕ ਸਿੰਘ ਅਮਲਾ ਸਿੰਘ ਵਾਲਾ ਅਤੇ ਹਰਮੰਡਲ ਸਿੰਘ ਜੋਧਪੁਰ ਨੇ ਕਿਹਾ ਕਿ ਅੱਜ ਕਿਸਾਨ ਕਾਫ਼ਲਿਆਂ ਨੇ ਕਚਹਿਰੀ ਚੌਂਕ ਬਰਨਾਲਾ ਵਿੱਚ ਇਕੱਠੇ ਹੋਕੇ ਵਿਸ਼ਾਲ ਰੈਲੀ ਕਰਨ ਉਪਰੰਤ ਡੀਸੀ ਦਫ਼ਤਰ ਬਰਨਾਲਾ ਵੱਲ ਵਿਸ਼ਾਲ ਰੋਹ ਭਰਪੂਰ ਅਰਥੀ ਫੂਕ ਮੁਜ਼ਾਹਰਾ ਕੀਤਾ। ਇਸ ਸਮੇਂ ਆਗੂਆਂ ਨੇ ਕਿਹਾ ਕਿ ਕਿਸਾਨ ਆਗੂਆਂ ਦੇ ਘਰਾਂ ਵਿੱਚ ਛਾਪੇਮਾਰੀ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ। ਮੋਦੀ ਸਰਕਾਰ ਦੀ ਇਹ ਕੋਈ ਪਹਿਲੀ ਸਾਜ਼ਿਸ਼ ਨਹੀਂ ਹੈ। ਦਿੱਲੀ ਕਿਸਾਨ ਮੋਰਚੇ ਦੌਰਾਨ ਵੀ ਅਜਿਹੀਆਂ ਅਨੇਕਾਂ ਸਾਜ਼ਿਸ਼ਾਂ ਰਚੀਆਂ ਹਨ। ਐਸਕੇਐਮ ਦੀ ਸੁਚੱਜੀ ਅਗਵਾਈ ਅਤੇ ਚੇਤੰਨ ਜਥੇਬੰਦਕ ਤਾਕਤ ਨਾਲ ਹਰ ਸਾਜ਼ਿਸ਼ ਨੂੰ ਪਛਾੜਿਆ ਸੀ ਅਤੇ ਸੰਘਰਸ਼ ਨੂੰ ਅੱਗੇ ਵਧਾਇਆ ਸੀ। ਐਸਕੇਐਮ ਦੀ ਅਗਵਾਈ ਵਿੱਚ ਸੰਘਰਸ਼ ਦੇ ਦੂਜੇ ਪੜਾਅ ਵਜੋਂ 20 ਮਾਰਚ ਦਿੱਲੀ ਪਾਰਲੀਮੈਂਟ ਵੱਲ ਕੀਤੇ ਜਾਣ ਵਾਲੇ ਮਾਰਚ ਦੀਆਂ ਤਿਆਰੀਆਂ ਲਈ ਦਿਨ ਰਾਤ ਇੱਕ ਕਰਨ ਦਾ ਸੱਦਾ ਦਿੱਤਾ । ਹਜ਼ਾਰਾਂ ਦੀ ਗਿਣਤੀ ਵਿੱਚ ਜੁਝਾਰੂ ਕਿਸਾਨ ਕਾਫ਼ਲੇ 19 ਮਾਰਚ ਨੂੰ ਮਰਹੂਮ ਬਲਕਾਰ ਸਿੰਘ ਡਕੌਂਦਾ ਵੱਲੋਂ ਦਰੁਸਤ ਬੁਨਿਆਦ ਉੱਪਰ ਉਸਾਰੀ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਵਿੱਚ ਦਿੱਲੀ ਵੱਲ ਰਵਾਨਾ ਹੋਣਗੇ।

# ਹਰਭਜਨ ਸਿੰਘ ਚੇੜਾ ਦੀ ਪੁਸਤਕ 'ਕਰਮਾ ਸੰਦੜਾ ਖੇਤੁ' ਰੌੜੀ ਵੱਲੋਂ ਜਾਰੀ







**ਮਾਹਿਲਪੁਰ–** ਮਾਹਿਲਪੁਰ ਦੇ ਐਨ ਆਰ ਆਈ ਸ਼ਾਇਰ ਹਰਭਜਨ ਸਿੰਘ ਚੇੜਾ ਨੇ ਆਪਣੇ ਜੀਵਨ ਦੇ 87 ਵੇਂ ਸਾਲ ਵਿੱਚ ਆਪਣੀ ਸਵੈ–ਜੀਵਨੀ 'ਕਰਮਾ ਸੰਦੜਾ ਖੇਤ' ਲਿਖੀ ਹੈ। ਜਿਸ ਨੂੰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈਂ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਜਾਰੀ ਕੀਤਾ ਗਿਆ । ਡਾਕਟਰ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਇਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਾਹਿਤ ਦੀ ਸਿਰਜਣਾ ਕਰਨੀ ਸਭ ਤੋਂ ਉੱਤਮ ਕਾਰਜ ਹੈ। ਕਿਸੇ ਮਹਾਨ ਵਿਅਕਤੀ ਦੀ ਸਵੈਜੀਵਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਰੋਈਆਂ ਲੀਹਾ ਪ੍ਰਦਾਨ ਕਰਦੀ ਹੈ । ਨੌਜਵਾਨ ਵਰਗ ਅਤੇ ਪਾਠਕ ਇਸ ਪੁਸਤਕ ਤੋਂ ਪ੍ਰੇਰਨਾ ਲੈਣਗੇ। ਉਨ੍ਹਾਂ ਅੱਗੇ ਕਿਹਾ ਕਿ ਜੀਵਨ ਨੂੰ ਸੁਚੱਜਾ ਬਣਾਉਣ ਲਈ ਪੁਸਤਕਾਂ ਦਾ ਅਧਿਐਨ ਕਰਨਾ ਹਰ ਵਿਅਕਤੀ ਲਈ ਜ਼ਰੂਰੀ ਹੈ। ਇਸ ਮੌਕੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਅਤੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਇਸ ਸਵੈ–ਜੀਵਨੀ ਵਿਚ ਸੱਚੋ ਸੱਚ ਬਿਆਨਿਆਂ ਗਿਆ ਹੈ।

ਹਰਭਜਨ ਸਿੰਘ ਚੇੜਾ ਨੇ ਆਪਣੀ ਕਲਾਤਮਕ ਸ਼ੈਲੀ ਨਾਲ ਪਾਠਕਾਂ ਨੂੰ ਤਲਖ ਹਕੀਕਤਾਂ ਦੇ ਰੂਬਰੂ ਕੀਤਾ ਹੈ। ਇਸ ਸਮਾਰੋਹ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ ਧਰਮਜੀਤ ਸਿੰਘ ਪਰਮਾਰ ਅਤੇ ਕੁੰਦਨ ਸਿੰਘ ਸੱਜਣ ਨੇ ਕਿਹਾ ਕੇ ਇੱਕ ਸਫਲ ਇਨਸਾਨ ਦੀ ਸਵੈ ਜੀਵਨੀ ਅਨੇਕਾਂ ਦੇ ਜੀਵਨ ਸੰਵਾਰ ਸਕਦੀ ਹੈ। ਇਸ ਮੌਕੇ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਹਰਭਜਨ ਸਿੰਘ ਚੇੜਾ ਦਾ ਪ੍ਰਬੰਧਕਾਂ ਵੱਲੋਂ ਮਾਣ ਸਨਮਾਨ ਵੀ ਕੀਤਾ ਗਿਆ।

ਪੁਸਤਕ ਰਿਲੀਜ਼ ਸਮਾਰੋਹ ਵਿਚ ਅਰਵਿੰਦਰ ਸਿੰਘ ਹਵੇਲੀ, ਗ਼ਜ਼ਲਗੋ ਡਾਕਟਰ ਵਿਜੇ ਕੁਮਾਰ ਭੱਟੀ, ਚਰਨਜੀਤ ਸਿੰਘ ਚੰਨੀ ਓ ਐਸ ਡੀ, ਹਰਭਜਨ ਸਿੰਘ,ਇਰਜੀਤ ਸਿੰਘ ਮਾਨ, ਜਰਨੈਲ ਸਿੰਘ ਤੱਗੜ, ਕੰਵਲਜੀਤ ਸਿੰਘ ਕੰਵਰ, ਅਵਤਾਰ ਲੰਗੇਰੀ,ਦਲਜੀਤ ਸਿੰਘ, ਬਲਦੇਵ ਸਿੰਘ, ਕੁਲਵਿੰਦਰ ਸਿੰਘ ਜੰਡਾ, ਜਗਜੀਵਨ ਸਿੰਘ, ਅਜੀਤ ਸਿੰਘ ਸਮੇਤ ਬਹੁ ਗਿਣਤੀ ਵਿਚ ਸਾਹਿਤ ਪ੍ਰੇਮੀ ਅਤੇ ਪਰਿਵਾਰਕ ਮੈਂਬਰ ਸ਼ਾਮਲ ਸਨ। ਸਮਾਰੋਹ ਦੇ ਦੂਜੇ ਭਾਗ ਵਿਚ ਸੰਗੀਤਕ ਮਹਿਫ਼ਲ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਉੱਘੇ ਗਾਇਕ ਅਤੇ ਕਲਾਕਾਰਿ ਵਜੇ ਭੱਟੀ ਨੇ ਆਪਣੇ ਚਰਚਿਤ ਗੀਤਾਂ ਨਾਲ ਖੂਬ ਰੌਣਕਾਂ ਲਾਈਆ।

ਅੰਤ ਵਿੱਚ ਸਭ ਦਾ ਧੰਨਵਾਦ ਕਰਦਿਆਂ ਡਾਕਟਰ ਪਰਵਿੰਦਰ ਸਿੰਘ ਨੇ ਚੰਗੀਆਂ ਪੁਸਤਕਾਂ ਨੂੰ ਆਪਣੇ ਜੀਵਨ ਦਾ ਅੰਗ ਬਣਾਉਣਾ ਦੀ ਅਪੀਲ ਕੀਤੀ। ਉਹਨਾਂ ਸਵੈ ਜੀਵਨੀ ਦੇ ਪ੍ਰਮੁੱਖ ਤੱਥਾਂ ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਸਾਹਿਤਕਾਰਾਂ ਦਾ ਮਾਣ ਸਨਮਾਨ ਕਰਨ ਲਈ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਇਹ ਸਾਡੇ ਰਾਹ ਦਸੇਰੇ ਹਨ।

# ਡਾਕਟਰ ਪੰਪੋਸ਼ ਦੀ ਖੁਦਕਸ਼ੀ ਕਤਲ ਨਾਲੋਂ ਘੱਟ ਨਹੀਂ, ਦੋਸ਼ੀਆਂ ਨੂੰ ਮਿਲਣ ਸਖ਼ਤ ਸਜਾਵਾਂ

**ਜਲੰਧਰ (ਡੀਡੀਬੀ)–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਅਤੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਸਾਂਝੇ ਬਿਆਨ ਵਿਚ ਕਿਹਾ ਕਿ ਮੈਡੀਕਲ ਵਿੱਦਿਆ ਵਿਚ 95% ਤੇ ਐਮ.ਬੀ.ਬੀ.ਐਸ. ਵਿਚ 90% ਨੰਬਰ ਲੈਕੇ ਡਾਕਟਰ ਬਣੀ ਅਨੁਸੂਚਿਤ ਜਾਤੀ ਨਾਲ ਸੰਬੰਧਿਤ 26 ਸਾਲਾ ਡਾਕਟਰ ਪੰਪੋਸ਼ ਨੂੰ ਸਾਥੀ ਅਖੌਤੀ ਉੱਚ ਜਾਤੀ ਮਨੂੰਵਾਦੀ ਡਾਕਟਰਾਂ ਨੇ ਜਾਤੀ ਸੂਚਕ ਸ਼ਬਦਾਂ ਨਾ.ਲ ਚਿੜਾ ਚਿੜਾ ਕੇ ਖੁਦਕਸ਼ੀ ਕਰਨ ਲਈ ਮਜ਼ਬੂਰ ਕਰ ਦਿੱਤਾ।

ਉਸਦੀ ਲਾਸ਼ ਹੋਸਟਲ ਦੇ ਕਮਰੇ 'ਚ ਪੱਖੇ ਨਾ.ਲ ਲਮਕਦੀ ਹੋਈ ਮਿਲੀ ਹੈ। ਇਹ ਘਟਨਾ ਗੁਰੂ ਕੀ ਨਗਰੀ ਅੰਮਿ-ਤਸਰ ਵਿਖੇ ਸ੍ਰੀ ਗੁਰੂ ਰਾਮ ਦਾਸ ਹਸਪਤਾਲ ਅਤੇ ਕਾਲਜ ਵਿਖੇ ਵਾਪਰੀ ਹੈ। ਅਨੁਸੂਚਿਤ ਜਾਤੀ ਵਰਗ ਵਿੱਚੋਂ ਪਹਿਲੀ ਗੱਲ ਤਾਂ ਕੋਈ ਵਿਦਿਆਰਥੀ ਬਹੁਤ ਮੁਸ਼ਕਿਲ ਨਾਲ ਕਿਸੇ ਚੰਗੀ ਪੁਜੀਸ਼ਨ ਤੇ ਪਹੁੰਚ ਪਾਉਂਦਾ ਹੈ, ਕਿਉਂਕਿ ਸਾਧਨਾਂ ਅਤੇ ਰਹਿਨੁਮਾਈ ਦੀ ਬਹੁਤ ਕਮੀ ਹੈ।

ਭਾਂਵੇ ਲੱਖ ਕਿਸੇ ਵਿੱਚ ਯੋਗਤਾ ਹੋਵੇ ਫਿਰ ਵੀ ਬਹੁਤੇ ਅਨੁਸੂਚਿਤ ਜਾਤੀ ਗਰੀਬ ਵਿਦਿਆਰਥੀ ਹਾਸ਼ੀਏ 'ਤੇ ਹੀ ਜਿਊਂਦੇ ਨੇ। ਉਹਨਾਂ ਵਿੱਚੋਂ ਜੇ ਕੋਈ ਹਿੰਮਤੀ ਵਿਦਿਆਰਥੀ ਇਸ ਜਾਤੀ ਅਤੇ ਜਮਾਤੀ ਵਿਵਸਥਾ ਨੂੰ ਚੀਰਦਾ ਕਿਸੇ ਚੰਗੇ ਮੁਕਾਮ ਤੇ ਪਹੁੰਚ ਵੀ ਜਾਂਦਾ ਹੈ ਤਾਂ ਮਨੂੰਵਾਦੀ ਕੂੜਾ ਕਚਰਾ ਉਸ ਨੂੰ ਦੱਬਣ ਦੀ ਕੋਸ਼ਿਸ ਵਿਚ ਲੱਗਾ ਰਹਿੰਦਾ ਹੈ।



ਸਿੱਖਿਆ ਸੰਸਥਾਵਾਂ ਅਤੇ ਕੰਮ-ਕਾਜੀ ਅਦਾਰਿਆਂ ਵਿੱਚ ਇਸ ਮਾਨਸਿਕ ਤਸ਼ੱਦਦ ਦੇ ਖਿਲਾਫ਼ ਸਮੂਹਿਕ ਲਾਮਬੰਦੀ ਬਹੁਤ ਜ਼ਰੂਰੀ ਹੈ। ਜਦਕਿ ਵਿਸ਼ਵ ਭਰ ਵਿੱਚ ਜਾਤੀ ਵਖਰੇਵੇਂ ਟੁੱਟ ਰਹੇ ਹਨ, ਪੈਦਾਇਸ਼ੀ ਪਹਿਚਾਣ ਅਤੇ ਨਸਲੀ ਪਿਛੋਕੜ ਤੋਂ ਉਪਰ ਉੱਠ ਕੇ ਹੁਨਰ ਦੀ ਮਾਨਤਾ ਅਤੇ ਕਲਾ ਦੇ ਸਤਿਕਾਰ ਨੂੰ ਪ੍ਰਵਾਨਗੀ ਮਿਲ ਰਹੀ ਹੈ, ਪਰ ਸਾਡਾ ਭਾਰਤੀ ਸਮਾਜ ਸਦੀਆਂ ਪੁਰਾਣੀਆਂ ਦਕਿਆਨੂਸੀ ਧਾਰਨਾਵਾਂ ਚੋਂ ਅਜੇ ਤੀਕਰ ਵੀ ਬਾਹਰ ਨਹੀਂ ਨਿਕਲ ਸਕਿਆ। ਇਸ ਰਹਿੰਦ ਖੂੰਹਦ ਨੂੰ ਅਖੌਤੀ ਸਵਰਨਾਂ ਅਤੇ ਸੰਘੀ ਦਬੰਗਾਂ ਵੱਲੋਂ ਇਕਵੀਂ ਸਦੀ ਵਿਚ ਮੁੜ ਤੋਂ ਪੁਨਰ ਸਥਾਪਿਤ ਕੀਤਾ ਜਾ ਰਿਹਾ ਹੈ। ਜਾਤੀਵਾਦਕ ਨਜ਼ਰੀਆ ਭਾਈਚਾਰਿਕ ਸਾਂਝ ਲਈ ਹੀ ਘਾਤਕ ਨਹੀਂ ਹੁੰਦਾ, ਬਲਕਿ ਸਮਾਜਿਕ ਮੁੱਲਾਂ ਅਤੇ ਮਾਨਵੀ ਸਰੋਕਾਰਾਂ ਦਾ ਵੀ ਬੁਰੀ ਤਰ੍ਹਾਂ ਘਾਣ ਕਰਦਾ ਹੈ।

ਵਰਿਆਣਾ ਅਤੇ ਭਾਰਦਵਾਜ ਨੇ ਕਿਹਾ ਕਿ ਅਜਿਹੀਆਂ ਖੁਦਕੁਸ਼ੀਆਂ ਲਈ ਮਜਬੂਰ ਕਰਨ ਵਾਲੇ ਲੋਕਾਂ ਖਿਲਾਫ਼ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ ਅਤੇ ਸਖ਼ਤ ਸਜਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਉਨ੍ਹਾਂ ਕਿਹਾ ਕਿ ਆਪਣੇ ਬੱਚਿਆਂ ਨੂੰ ਅਕਾਦਮਿਕ ਵਿਦਿਆ ਦੇ ਨਾਲ-ਨਾਲ ਮਾਨਸਿਕ ਤੌਰ ਤੇ ਵੀ ਸਿੱਖਿਅਤ ਕਰੋ।

ਕਿਤਾਬੀ ਬੌਧਿਕਤਾ ਦੀ ਬਜਾਏ ਵਿਵਹਾਰਿਕ ਤੌਰ ਤੇ ਵੀ ਐਨੇ ਦਮਦਾਰ ਬਣਾਓ, ਤਾਂ ਕਿ ਉਹ ਅਜਿਹੀਆਂ ਮਾਨਸਿਕ ਹਾਲਤਾਂ ਵਿੱਚ ਵੀ ਲੜ ਸਕਣ। ਆਪਣੇ ਬੱਚਿਆਂ ਨੂੰ ਚੰਗੇ ਸਾਹਿਤ ਨਾਲ ਜੋੜੋ ਤਾਂ ਕਿ ਉਨ੍ਹਾਂ ਦਾ ਮਨੋਬਲ ਸਦਾ ਉੱਚਾ ਰਹੇ ਤੇ ਉਹ ਮੰਨੂਵਾਦੀ ਮਾਹੌਲ ਵਿਚ ਜਾਤ ਅਭਿਮਾਨੀਆਂ ਦੇ ਮੂਹਰੇ ਸ਼ਾਨ ਨਾਲ ਵਿੱਦਿਅਕ ਅਦਾਰਿਆਂ ਅਤੇ ਕੰਮ-ਕਾਜੀ ਸੰਸਥਾਵਾਂ ਵਿਚ ਵਿਚਰ ਸਕਣ।

## ਡਾ. ਪੰਪੋਸ਼ ਨੂੰ ਇਨਸਾਫ਼ ਦਵਾਉਣ ਲਈ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਅਤੇ ਅੰਬੇਡਕਰ ਸਭਾਵਾਂ ਵਲੋਂ ਕੱਢਿਆ ਕੈਂਡਲ ਮਾਰਚ

**ਫ਼ਗਵਾੜਾ 13 ਮਾਰਚ (ਬੀ.ਕੇ.ਰੱਤੂ)** ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਤੇ ਡਾ. ਅੰਬੇਡਕਰ ਸਭਾਵਾਂ ਵਲੋਂ ਗੁਰੂ ਰਾਮਦਾਸ ਮੈਡੀਕਲ ਕਾਲਜ ਅਮ੍ਰਿਤਸਰ ਦੀ ਵਿਦਿਆਰਥਣ ਡਾ. ਪੰਪੋਸ਼ ਜਿਸ ਦਾ ਬੀਤੇ ਦਿਨੀ ਇਕ ਸਾਜਿਸ਼ ਅਧੀਨ ਕਤਲ ਕਰ ਦਿੱਤਾ ਗਿਆ ਸੀ, ਨੂੰ ਇਨਸਾਫ਼ ਦਿਵਾਉਣ ਲਈ ਕੈਂਡਲ ਮਾਰਚ ਕੀਤਾ ਗਿਆ। ਇਸ ਮਾਰਚ ਵਿੱਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ, ਔਰਤ ਮੁਕਤੀ ਮੋਰਚਾ ਪੰਜਾਬ, ਦਿਹਾਤੀ ਮਜ਼ਦੂਰ ਸਭਾ ਤੇ ਡਾ. ਅੰਬੇਡਕਰ ਸਭਾਵਾਂ ਦੇ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਵੱਖ ਵੱਖ ਸਭਾਵਾਂ ਦੇ ਆਗੂਆਂ ਨੇ ਆਪਣੇ ਸੰਬੋਧਨ ਵਿਚ ਡਾ. ਪੰਪੋਸ਼ ਦੇ ਕਾਤਲਾਂ ਨੂੰ ਫਾਹੇ ਲਗਾਉਣ ਦੀ ਮੰਗ ਕੀਤੀ। ਕੈਂਡਲ ਮਾਰਚ ਮੌਕੇ ਕਰਨੈਲ ਫਿਲੌਰ, ਡਾ. ਸਰਬਜੀਤ ਮੁਠੱਡਾ, ਗੁਰਦੀਪ ਗੋਗੀ, ਮੇਜਰ ਫਿਲੌਰ, ਮੱਖਣ ਸੰਗਰਾਮੀ, ਪਰਸ਼ੋਤਮ ਫਿਲੌਰ, ਕਮਲਜੀਤ ਕੌਰ ਬੰਗੜ, ਐਡਵੋਕੇਟ ਚਰਨਜੀਤ ਪੁਆਰੀ ਤੇ ਜਸਵੰਤ ਬੋਧ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਆਗੂਆਂ ਨੇ ਕਿਹਾ ਕਿ ਜਾਤਪਾਤ ਅਧਾਰਿਤ ਵਿਤਕਰਾ ਹਾਲੇ ਵੀ ਜਾਰੀ ਹੈ ਅਤੇ ਦੇਸ਼ ਦੇ ਹਾਕਮ ਮੁੜ ਤੋਂ ਮਨੂਵਾਦੀ ਵਿਵਸਥਾ ਲਾਗੂ ਕਰਨ ਲਈ ਤਤਪਰ ਹਨ, ਜਿਸ ਦੇ ਸਿੱਟੇ ਬਹੁਤ ਭਿਆਨਕ ਨਿਕਲਣਗੇ। ਆਗੂਆਂ ਨੇ ਕਿਹਾ ਕਿ ਦੇਸ਼ ਭਰ 'ਚ ਧਰਮ ਅਤੇ ਜਾਤ ਅਧਾਰਿਤ ਵਿਤਕਰੇਬਾਜ਼ੀ ਨੂੰ ਹਰ ਹਾਲਤ ਰੋਕਿਆ ਜਾਣਾ ਚਾਹੀਦਾ ਹੈ।




ਇਸ ਸਮੇਂ ਸੰਦੀਪ ਸੰਨੀ, ਮਾਸਟਰ ਹੰਸ ਰਾਜ, ਦਿਨੇਸ਼ ਅਜਾਦ, ਹਰਜਿੰਦਰ ਕਲੇਰ, ਸੁਨੀਲ ਭੈਣੀ, ਦਲਵੀਰ ਚੰਦ, ਮੁਨੀਸ਼ ਚੌਕੜੀਆ, ਸ਼ਮੀਂ ਕੁਮਾਰ, ਦਵਿੰਦਰ ਕੁਮਾਰ, ਸਰਬਜੀਤ ਰਸੂਲਪੁਰ, ਜੁਗਿੰਦਰ ਪਾਲ ਕਾ.ਲਾ, ਅਰਸ਼ਪਰੀਤ ਆਸ਼ੂ, ਦਿਨੇਸ਼ ਪਾਲ, ਪ੍ਰਭਾਤ ਕਵੀ, ਅਨਮੋਲ ਦੀਪ, ਨਵਦੀਪ ਗੁਰੂ, ਸੁਨੀਲ ਗੰਨਾਪਿੰਡ, ਸ਼ਾਲੂ ਰਵਿਦਾਸ ਪੁਰਾ, ਰਹਿਮਤਉੱਲਾ, ਲਖਵਿੰਦਰ ਓਆਣ, ਰਿਸ਼ੀ ਓਆਣ, ਹੰਸ ਕੌਰ, ਸੁਰਜੀਤ ਕੌਰ, ਅੰਜੂ ਵਿਰਦੀ, ਸਰੋਜ ਰਾਣੀ, ਵਿਦਿਆ ਦੇਵੀ, ਕਮਲੇਸ਼ ਆਦਿ ਹਾਜਰ ਸਨ।

## ਗੁਰੂ ਰਾਮਦਾਸ ਕਾਲਜ ਦੇ ਹੋਸਟਲ ਵਿਚ ਆਤਮ ਹੱਤਿਆ ਲਈ ਮਜਬੂਰ ਕਰਨ ਵਾਲੇ ਡਾਕਟਰ ਕਾਬੂ ਨਹੀਂ



**ਅੰਮ੍ਰਿਤਸਰ–** ਐਸ. ਜੀ. ਪੀ. ਸੀ. ਦੁਆਰਾ ਚਲਾਏ ਜਾ ਰਹੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵਿਚ ਐਮ. ਬੀ. ਬੀ. ਐਸ. ਵਿਦਿਆਰਥਣ ਨੇ ਬੁੱਧਵਾਰ ਰਾਤ ਹੋਸਟਲ ਦੇ ਕਮਰੇ ਵਿਚ ਫਾਂਸੀ ਲਗਾ ਕੇ ਖੁਦਕੁਸ਼ੀ ਕਰ ਲਈ ਸੀ। ਵੱਲਾ ਪੁਲਿਸ ਨੇ ਮ੍ਰਿਤਕਾ ਦੀ ਮਾਂ ਦੀ ਸ਼ਿਕਾਇਤ 'ਤੇ ਦੋ ਪ੍ਰੋਫੈਸਰਾਂ ਅਤੇ 4 ਵਿਦਿਆਰਥਣਾਂ ਸਮੇਤ 10 ਦੇ ਖ਼ਿਲਾਫ਼ ਆਤਮ ਹੱਤਿਆ ਲਈ ਉਕਸਾਉਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਹੈ। ਪਰ ਹੁਣ ਤੱਕ ਇਕ ਵੀ ਦੋਸ਼ੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਮ੍ਰਿਤਕਾ ਦੀ ਪਛਾਣ 26 ਸਾਲਾ ਪੰਪੋਸ਼ਾ ਨਿਵਾਸੀ ਰਾਮਾਮੰਡੀ ਜਲੰਧਰ ਦੇ ਤੌਰ ਤੇ ਹੋਈ ਹੈ। ਮ੍ਰਿਤਕਾ ਦੀ ਮਾਂ ਕਮਲੇਸ਼ ਰਾਣੀ ਨੇ ਕਿਹਾ ਕਿ ਉਸਦੀ ਲੜਕੀ ਤੇ ਉਕਤ ਦੋਸ਼ੀਆਂ ਨੇ ਜਾਤੀਸੂਚਕ ਸ਼ਬਦਾਂ ਦਾ ਇਸਤੇਮਾਲ ਕੀਤਾ ਸੀ। ਉਸਨੂੰ ਬਹੁਤ ਟਾਰਚਰ ਕੀਤਾ ਜਾਂਦਾ ਸੀ। ਬੇਟੀ ਸਾਰੀ ਗੱਲ ਫੋਨ 'ਤੇ ਦੱਸਦੀ ਸੀ। ਲੜਕੀ ਨੇ ਐਮ. ਬੀ. ਬੀ. ਐਸ. ਕੀਤੀ ਸੀ ਅਤੇ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਵੱਲਾ ਵਿਚ ਇੰਟਰਨਸ਼ਿਪ ਕੀਤੀ ਸੀ। ਉਕਤ ਦੋਸ਼ੀਆਂ ਤੋ ਪ੍ਰੇਸ਼ਾਨ ਹੋ ਕੇ ਲੜਕੀ ਨੇ 7 ਮਾਰਚ ਦੀ ਰਾਤ ਨੂੰ ਕਮਰੇ ਵਿਚ ਫਾਂਸੀ ਲਗਾ ਕੇ ਆਤਮ ਹੱਤਿਆ ਕਰ ਲਈ ਸੀ। 4 ਦਿਨ ਬੀਤਣ ਤੋਂ ਬਾਅਦ ਵੀ ਪੁਲਿਸ ਨੇ ਹੁਣ ਤੱਕ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਹੈ। ਉਥੇ ਹੀ ਮਾਮਲੇ ਨੂੰ ਲੈ ਕੇ ਵਾਲਮੀਕ ਸਮਾਜ ਨੇ ਭੰਡਾਰੀ ਪੁਲ 'ਤੇ ਪ੍ਰਦਰਸ਼ਨ ਕੀਤਾ।

## ਡਾਕਟਰ ਪੰਪੋਸ਼ ਨੂੰ ਇਨਸਾਫ਼ ਦਿਵਾਉਣ ਲਈ ਭੀਮ ਐਕਸ਼ਨ ਕਮੇਟੀ, ਵਾਲਮੀਕਨ ਅੰਬੇਡਕਰ ਸੰਘਰਸ਼ ਕਮੇਟੀ ਵੱਲੋਂ ਰੋਸ ਮਾਰਚ ਕੱਢਿਆ ਗਿਆ









**ਅੰਮ੍ਰਿਤਸਰ 13 ਮਾਰਚ (ਸਤਨਾਮ ਸਿੰਘ)** ਡਾਕਟਰ ਪੰਪੋਸ਼ ਨੂੰ ਇਨਸਾਫ਼ ਦਿਵਾਉਣ ਲਈ 11 ਮਾਰਚ ਨੂੰ ਪੈਦਲ ਮਾਰਚ ਭੰਡਾਰੀ ਪੁਲ ਤੋਂ ਹਾਲ ਗੇਟ ਤੱਕ ਪੈਦਲ ਮਾਰਚ ਕੱਢਿਆ ਗਿਆ! ਭੀਮ ਐਕਸ਼ਨ ਕਮੇਟੀ ਅਤੇ ਵਾਲਮੀਕਨ ਅੰਬੇਡਕਰ ਸੰਘਰਸ਼ ਕਮੇਟੀ ਵੱਲੋਂ! ਪੂਰੇ ਪੰਜਾਬ ਦੇ ਵਿੱਚ ਰੋਸ ਪ੍ਰਦਰਸ਼ਨ ਕੀਤੇ ਕੱਢੇ ਜਾ ਰਹੇ ਹਨ! ਅਤੇ ਸਮੂਹ ਧਾਰਮਿਕ, ਸਮਾਜਿਕ ਜੱਥੇਬੰਦੀਆਂ।

## ਜਾਤੀ ਭੇਦਭਾਵ ਕਾਰਨ ਬੇਇੱਜਤ ਡਾਕਟਰ ਲੜਕੀ ਨੇ ਆਤਮਹੱਤਿਆ ਨਹੀਂ, ਉਸਦਾ ਕਤਲ ਹੋਇਆ: ਰਵਿਦਾਸ ਭਾਈਚਾਰਾ

**ਅੰਮ੍ਰਿਤਸਰ–** ਜਾਤੀ ਭੇਦਭਾਵ ਕਾਰਨ ਬੇਇੱਜਤ ਹੋਈ ਡਾਕਟਰ ਲੜਕੀ ਦੇ ਆਤਮ ਹੱਤਿਆ ਕਰਨ ਦੇ ਮਾਮਲੇ 'ਚ ਰਵਿਦਾਸ ਭਾਈਚਾਰੇ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਤੋਂ ਜਿੱਥੇ ਦੋਸ਼ੀਆਂ ਦੀ ਜਲਦੀ ਗ੍ਰਿਫਤਾਰੀ ਕਰਨ ਲਈ ਕਿਹਾ, ਉਥੇ ਮਾਮਲੇ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ। ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਮੰਦਰ ਹੈਡ ਆਫਿਸ ਭੂਸ਼ਨਪੁਰਾ ਵਿਚ ਰਵਿਦਾਸ ਭਾਈਚਾਰੇ ਦੀ ਮੀਟਿੰਗ ਮੰਦਰ ਦੇ ਪ੍ਰਧਾਨ ਹਕੂਮਤ ਰਾਏ ਦੀ ਪ੍ਰਧਾਨਗੀ ਵਿਚਹੋਈ। ਇਸ ਵਿਚ ਮੰਦਰ ਕਮੇਟੀ ਦੇ ਜਨਰਲ ਸਕੱਤਰ ਅਸ਼ਵਨੀ ਜੁਗਾਨੀਆ, ਉਪ ਪ੍ਰਧਾਨ ਰਾਮਪਾਲ, ਸਤਿਗੁਰੂ ਰਵਿਦਾਸ ਸ਼ਕਤੀ ਦਲ ਦੇ ਚੇਅਰਮੈਨ ਲਵ ਬਬੋਰੀਆ, ਸਾਬਕਾ ਪ੍ਰਧਾਨ ਅਮਰਜੀਤ ਸਾਹੀ, ਰਾਜਨ ਕੁਮਾਰ, ਸੁਰਜੀਤ ਕੁਮਾਰ, ਪ੍ਰੀਤਮ, ਸੰਸਾਰੀ ਲਾਲ, ਯੋਗ ਰਾਜ, ਬਾਬਾ ਅਵਤਾਰ ਸਿੰਘ ਆਦਿ ਹਾਜ਼ਰ ਸਨ। ਹਕੂਮਤ ਰਾਏ, ਅਸ਼ਵਨੀ ਜੁਗਾਨੀਆ ਅਤੇ ਲਵ ਬਬੋਨੀਆ ਨੇ ਸਾਂਝੇ ਤੌਰ 'ਤੇ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਮਾਮਲੇ ਦੇ ਦੋਸ਼ੀ ਡਾਕਟਰ ਅਤੇ ਪ੍ਰੋਫੈਸਰ ਅਤੇ ਜਿਹਨਾਂ ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ਦੀ ਗ੍ਰਿਫਤਾਰੀ ਜਲਦੀ ਕੀਤੀ ਜਾਵੇ।

ਉਪਰੋਕਤ ਨੇਤਾਵਾਂ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਅੰਮ੍ਰਿਤਸਰ (ਵੱਲਾਂ) ਵਿਚ ਮੈਡੀਕਲ ਦੀ ਪੜ੍ਹਾਈ ਕਰ ਰਹੀ ਜਲੰਧਰ ਦੀ ਪੰਪੋਸ਼ ਦਲਿਤ ਵਿਦਿਆਰਥਣ ਨੂੰ ਡਾਕਟਰਾਂ ਅਤੇ ਪ੍ਰੋਫੈਸਰਾਂ ਦੁਆਰਾ ਤੰਗ ਪ੍ਰੇਸ਼ਾਨ ਕੀਤੇ ਜਾਣ ਕਾਰਨ ਉਸਨੇ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ, ਜੋ ਉਹਨਾਂ ਦੀ ਸਮਝ ਤੋਂ ਬਾਹਰ ਹੈ।

ਉਹਨਾਂ ਕਿਹਾ ਕਿ ਜਿਸ ਹੋਸਟਲ ਦੇ ਕਮਰੇ ਵਿਚ ਪੰਪੋਸ਼ ਰਹਿੰਦੀ ਸੀ, ਉਸ ਵਿਚ ਕੋਈ ਟੇਬਲ ਨਹੀਂ ਸੀ ਅਤੇ ਕਮਰੇ ਦੀ ਛੱਤ 12-13 ਫੁੱਟ ਉਚ ਸੀ। ਉਹਨਾਂ ਪੰਪੋਸ਼ ਦੀ ਆਤਮ ਹੱਤਿਆ 'ਤੇ ਸ਼ੱਕ ਜਾਹਿਰ ਕਰਦਿਆਂ ਕਿਹਾ ਕਿ ਦੋਸ਼ੀਆਂ ਨੇ ਪੰਪੋਸ਼ ਦਾ ਕਤਲ ਕੀਤਾ ਹੈ, ਜਿਸਦੀ ਉਚ ਪੱਧਰੀ ਜਾਂਚ ਕੀਤੀ ਜਾਵੇ।

ਉਹਨਾਂ ਦੱਸਿਆ ਕਿ ਮ੍ਰਿਤਕਾ ਦੀ ਮਾਤਾ ਦਾ ਕਹਿਣਾ ਹੈ ਕਿ ਕਥਿਤ ਦੋਸ਼ੀ ਉਚ ਜਾਤੀ ਡਾਕਟਰਾਂ ਦੇ ਜਾਤੀਸੂਚਕ ਸ਼ਬਦਾਂ ਦਾ ਵਾਰ-ਵਾਰ ਸਾਹਮਣਾ ਕੀਤੇ ਜਾਣ 'ਤੇ ਮ੍ਰਿਤਕਾ ਨੂੰ ਮਾਨਸਿਕ ਪ੍ਰੇਸ਼ਾਨੀਆਂ ਤੋਂ ਲੰਘਦਿਆਂ ਉਸਨੂੰ ਮੌਤ ਦਾ ਸਾਹਮਣਾ ਕਰਨਾ ਪਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸੂਬੇ ’ਚ ਜਲਦ ਹੀ 142 ਹੋਰ ਨਵੇਂ ਆਮ ਆਦਮੀ ਕਲੀਨਿਕ ਜਨਤਾ ਨੂੰ ਕੀਤੇ ਜਾਣਗੇ ਸਮਰਪਿਤ : ਡਾ. ਬਲਬੀਰ ਸਿੰਘ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਤੇ ਚੋਣਾਂ ਮਾਮਲੇ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਰਾਹੀਂ ਸੂਬੇ ਵਿਚ ਸਿਹਤ ਸੇਵਾਵਾਂ ਵਿਚ ਕ੍ਰਾਂਤੀਕਾਰੀ ਬਦਲਾਅ ਲਿਆਂਦਾ ਗਿਆ ਹੈ ਅਤੇ ਹੁਣ ਸਬ-ਡਵੀਜ਼ਨ ਤੇ ਜ਼ਿਲ੍ਹਾ ਹਸਪਤਾਲਾਂ ਵਿਚ ਵੱਧ ਤੋਂ ਵੱਧ ਸੁਵਿਧਾਵਾਂ ਦੇ ਕੇ ਇਥੇ ਵੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾਵੇਗਾ। ਉਹ ਅੱਜ ਗੜ੍ਹਸ਼ੰਕਰ ਦੇ ਨੇੜੇ ਪਿੰਡ ਰੁੜਕੀ ਖਾਸ ਦੇ ਦੌਰੇ ਦੌਰਾਨ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦੇ ਰਹੇ ਸਨ। ਜ਼ਿਲ੍ਹੇ ਵਿਚ ਪਹਿਲੀ ਵਾਰ ਆਉਣ ’ਤੇ ਸਿਹਤ ਮੰਤਰੀ ਨੂੰ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਮੌਕੇ ਐਸ.ਡੀ.ਐਮ. ਪ੍ਰੀਤਇੰਦਰ ਸਿੰਘ ਬੈਂਸ, ਡੀ.ਐਸ.ਪੀ. ਦਲਜੀਤ ਸਿੰਘ ਖੱਖ ਵੀ ਮੌਜੂਦ ਸਨ।

ਸਿਹਤ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਲੋਕ ਹਿਤੈਸ਼ੀ ਬਜਟ ਪੇਸ਼ ਕੀਤਾ ਹੈ, ਜਿਸ ਦਾ ਹਰੇਕ ਵਰਗ ਨੂੰ ਲਾਭ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਪੰਜਾਬ ਵਿਚ ਹੁਣ ਤੱਕ 504 ਆਮ ਆਦਮੀ ਕਲੀਨਿਕ ਸਥਾਪਿਤ ਕਰ ਦਿੱਤੇ ਗਏ ਹਨ ਅਤੇ ਮਾਰਚ ਦੇ ਅਖੀਰ ਤੱਕ 142 ਹੋਰ ਆਮ ਆਦਮੀ ਕਲੀਨਿਕ ਜਨਤਾ ਨੂੰ ਸਮਰਪਿਤ ਕਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਖੁੱਲ੍ਹਣ ਨਾਲ ਲੋਕਾਂ ਨੂੰ ਕਾਫ਼ੀ ਲਾਭ ਪਹੁੰਚਿਆ ਹੈ, ਕਿਉਂਕਿ ਇਥੇ ਮੁਢਲੀ ਜਾਂਚ ਤੋਂ ਇਲਾਵਾ ਲੈਬ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ



ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਫਰਿਸ਼ਤਾ ਸਕੀਮ ਪੰਜਾਬ ਵਿਚ ਲਾਗੂ ਹੋਣ ਜਾ ਰਹੀ ਹੈ, ਜਿਸ ਤਹਿਤ ਪੰਜਾਬ ਦਾ ਜਾਂ ਪੰਜਾਬ ਤੋਂ ਬਾਹਰ ਦਾ ਕੋਈ ਵੀ ਵਿਅਕਤੀ ਜੇਕਰ ਸੜਕ ਦੁਰਘਟਨਾ ਵਿਚ ਜ਼ਖ਼ਮੀ ਹੁੰਦਾ ਹੈ, ਤਾਂ ਜ਼ਖ਼ਮੀ ਵਿਅਕਤੀ ਨੂੰ ਨੇੜੇ ਦੇ ਹਸਪਤਾਲ ਵਿਚ ਪਹੁੰਚਾਉਣ ਵਾਲੇ ਨੂੰ ਪੰਜਾਬ ਸਰਕਾਰ ਫਰਿਸ਼ਤਾ ਮੰਨਦੇ ਹੋਏ ਉਸ ਨੂੰ 2000 ਰੁਪਏ ਸਨਮਾਨ ਰਾਸ਼ੀ ਦੇਵੇਗੀ ਅਤੇ ਉਸ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਪੁੱਛ ਪੜਤਾਲ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜ਼ਖ਼ਮੀ ਦਾ ਇਲਾਜ਼ ਮੁਫ਼ਤ ਕੀਤਾ ਜਾਵੇਗਾ, ਚਾਹੇ ਉਸ ਨੂੰ ਪ੍ਰਾਈਵੇਟ ਹਸਪਤਾਲ ਵਿਚ ਹੀ ਕਿਉਂ ਨਾ ਦਾਖਲ ਕਰਵਾਇਆ ਗਿਆ ਹੋਵੇ, ਸਾਰਾ ਇਲਾਜ ਦਾ ਖਰਚਾ ਪੰਜਾਬ ਸਰਕਾਰ ਸਹਿਣ ਕਰੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਸੀ.ਐਮ. ਦੀ ਯੋਗਸ਼ਾਲਾ ਸ਼ੁਰੂ ਕੀਤੀ ਜਾਵੇਗੀ। ਹਸਪਤਾਲਾਂ ਵਿਚ ਬੁਨਿਆਦੀ ਸੁਵਿਧਾਵਾਂ ਦੇ ਸਵਾਲ ’ਤੇ ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿਚ ਸਟਾਫ਼ ਦੀ ਕਮੀ ਨੂੰ ਦੂਰ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਿਚ ਵੱਧ ਤੋਂ ਵੱਧ ਭਰਤੀ ਕੀਤੀ ਜਾ ਰਹੀ ਹੈ ਅਤੇ ਲੋਕਾਂ ਤੱਕ ਸਿਹਤ ਸੇਵਾਵਾਂ ਪਹੁੰਚਾਉਣ ਲਈ ਆਈ.ਐਮ.ਏ ਦਾ ਸਹਿਯੋਗ ਵੀ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਲਈ ਰੈਸ਼ਨੇਲਾਈਜ਼ ਤੇ ਗੈਪ ਆਨਲਾਈਨ ਕਰਕੇ ਪੂਰੀ ਵਿਵਸਥਾ ਠੀਕ ਕੀਤੀ ਜਾਵੇਗੀ।

ਇਸ ਦੌਰਾਨ ਉਨ੍ਹਾਂ ਐਸ.ਡੀ.ਐਮ ਗੜ੍ਹਸ਼ੰਕਰ ਨੂੰ ਪਿੰਡ ਦੇ ਸਕੂਲ ਦੀ ਮੁਰੰਮਤ, ਪਿੰਡ ਦੇ ਸਿਹਤ ਸਬ-ਸੈਂਟਰ ਨੂੰ ਆਮ ਆਦਮੀ ਕਲੀਨਿਕ ਬਣਾਉਣ ਲਈ ਪ੍ਰਸਤਾਵ ਭੇਜਣ ਲਈ ਕਿਹਾ। ਉਨ੍ਹਾਂ ਪਿੰਡ ਦੀਆਂ ਹੋਰ ਮੰਗਾਂ ਨੂੰ ਵੀ ਜਲਦ ਪੂਰਾ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਦੌਰਾਨ ਪਿੰਡ ਵਾਸੀਆਂ ਨੇ ਸਿਹਤ ਮੰਤਰੀ ਨੂੰ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਸੁੰਦਰ ਸਿੰਘ, ਪ੍ਰਿਤਪਾਲ ਸਿੰਘ ਸੋਢੀ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਮੌਜੂਦ ਸਨ।

# ਇਸਤਰੀ ਜਾਗ੍ਰਿਤੀ ਮੰਚ ਨੇ ਕੌਮਾਂਤਰੀ ਮਹਿਲਾ ਦਿਵਸ ਮਨਾਇਆ ਔਰਤਾਂ ਦੇ ਹੱਕਾਂ ਬਾਰੇ ਚਰਚਾ ਉਪਰੰਤ ਸ਼ਹਿਰ ਵਿਚ ਕੀਤਾ ਮੁਜਾਹਰਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇਸਤਰੀ ਜਾਗ੍ਰਿਤੀ ਮੰਚ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਨਵਾਂਸ਼ਹਿਰ ਵਿਖੇ ਕੌਮਾਂਤਰੀ ਮਹਿਲਾ ਦਿਵਸ ਮਨਾਇਆ ਗਿਆ। ਸਥਾਨਕ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤੇ ਗਏ ਇਸ ਜਿਲਾ ਪੱਧਰੀ ਸਮਾਗਮ ਦੀ ਪ੍ਰਧਾਨਗੀ ਹਰਬੰਸ ਕੌਰ, ਰਾਜ ਕਲਾ ਅਤੇ ਹਰਬੰਸ ਕੌਰ ਨਵੀਂ ਅਬਾਦੀ ਨੇ ਕੀਤੀ। ਇਸ ਮੌਕੇ ਵਿਚਾਰ ਪੇਸ਼ ਕਰਦਿਆਂ ਮੰਚ ਦੇ ਸੂਬਾਈ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਜਿਲਾ ਸਕੱਤਰ ਰੁਪਿੰਦਰ ਕੌਰ ਦੁਰਗਾ ਪੁਰ, ਨਰੰਜਣ ਕੌਰ ਨਵਾਂਸ਼ਹਿਰ, ਬਲਵਿੰਦਰ ਕੌਰ ਨਵਾਂਸ਼ਹਿਰ, ਰਣਜੀਤ ਕੌਰ ਮਹਿਮੂਦ ਪੁਰ, ਸਿਮਰਨਜੀਤ ਕੌਰ ਸਿੰਮੀ, ਸੰਤੋਸ਼ ਕੁਮਾਰੀ ਮਾਹਿਲ ਗਹਿਲਾਂ ਲਖਵਿੰਦਰਜੀਤ ਕੌਰ ਨੇ ਕਿਹਾ ਕਿ ਔਰਤਾਂ ਨੂੰ ਆਪਣੀ ਹੋਂਦ ਪਛਾਨਣ, ਨਵੇਂ ਰਾਹਾਂ ਦੇ ਰਾਹੀਂ ਬਣਨ ਲਈ, ਔਰਤਾਂ ਉੱਤੇ ਹੋ ਰਹੇ ਚੌਤਰਫਾ ਹਮਲਿਆਂ ਦਾ ਟਾਕਰਾ ਕਰਨ ਲਈ ਜਥੇਬੰਦ ਹੋਣਾ ਤੇ ਸੰਘਰਸ਼ ਕਰਨਾ ਜਰੂਰੀ ਹੈ। ਉਹਨਾਂ ਕਿਹਾ ਕਿ ਅੱਜ ਦਾ ਦਿਨ ਔਰਤ ਵਰਗ ਲਈ ਬੜਾ ਮਹੱਤਵਪੂਰਨ ਹੈ। ਔਰਤ ਵਰਗ ਨਾਲ ਅੱਜ ਵੀ ਸਮਾਜਿਕ, ਆਰਥਿਕ ਤੌਰ ਉੱਤੇ ਵਿਤਕਰੇ ਜਾਰੀ ਹਨ। ਲੜਕੀਆਂ ਦੀ ਪਾਲਣਾ, ਪੜ੍ਹਾਈ ਅਤੇ ਮਿਹਨਤ ਸ਼ਕਤੀ ਦੇ ਮੁੱਲ ਵਿਚ ਮਰਦਾਂ ਦੇ ਮੁਕਾਬਲੇ ਢੇਰ ਸਾਰੇ ਵਿਤਕਰੇ ਹਨ। ਹਿੰਸਾ, ਘਰੇਲੂ ਹਿੰਸਾ, ਬਲਾਤਕਾਰ, ਛੇੜਛਾੜ ਅਤੇ ਮਾਨਸਿਕ ਪੀੜਾ ਦੇ ਰੂਪ ਵਿਚ ਔਰਤ ਹਰ ਰੋਜ਼ ਜਬਰ ਸਹਿ ਰਹੀ ਹੈ।ਮਾਦਾ ਭਰੂਣ ਹੱਤਿਆ ਅਤੇ ਦਹੇਜ ਦਾ ਕੋਹੜ ਸਮਾਜ ਅੰਦਰ ਅਜੇ ਵੀ ਪਸਰਿਆ ਹੋਇਆ ਹੈ। ਔਰਤਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦ ਹੋਣ ਅਤੇ ਸੰਘਰਸ਼ ਕਰਨ ਦੀ ਲੋੜ ਹੈ। ਉਹਨਾਂ ਉਹਨਾਂ ਮੋਦੀ ਸਰਕਾਰ ਉੱਤੇ ਵਰ੍ਹਦੇ ਹੋਏ ਕਿਹਾ ਕਿ ਇਹ ਸਰਕਾਰ ਔਰਤ ਵਿਰੋਧੀ, ਧਾਰਮਿਕ ਘੱਟ ਗਿਣਤੀਆਂ ਵਿਰੋਧੀ, ਜਮਹੂਰੀ ਹੱਕਾਂ ਵਿਰੋਧੀ ਅਤੇ ਸੰਵਿਧਾਨ ਵਿਰੋਧੀ ਸਰਕਾਰ ਹੈ। ਸਰਕਾਰ ਦਾ ਅਲੋਚਕ ਹਰ ਵਿਅਕਤੀ ਅਤੇ ਜਥੇਬੰਦੀ ਇਸ ਸਰਕਾਰ ਲਈ ਦੇਸ਼ ਧ੍ਰੋਹੀ ਹੈ। ਧਰਮ ਦੇ ਨਾਂਅ ਉੱਤੇ ਲੋਕਾਂ ਨੂੰ ਵੰਡਣਾ ਅਤੇ ਮਨੁੱਖੀ ਅਧਿਕਾਰਾਂ




ਦਾ ਘਾਣ ਕਰਨਾ ਇਸਦਾ ਨਿਤ ਨੇਮ ਬਣ ਗਿਆ ਹੈ। ਇਸ ਸਰਕਾਰ ਦੇ ਰਾਜ ਵਿਚ ਔਰਤਾਂ ਦੀ ਅਸੁਰੱਖਿਆ ਵਧੀ ਹੈ ਅਤੇ ਇਸ ਸਰਕਾਰ ਨੇ ਬਲਾਤਕਾਰੀਆਂ, ਦੰਗੇ ਕਰਾਉਣ ਵਾਲਿਆਂ, ਭ੍ਰਿਸ਼ਟਾਚਾਰੀਆਂ ਦੀ ਹਮੇਸ਼ਾ ਪਿੱਠ ਥਾਪੜੀ ਹੈ।ਉਹਨਾਂ ਔਰਤਾਂ ਦੀ ਇਤਿਹਾਸਕ ਭੂਮਿਕਾ ਦਾ ਜਿਕਰ ਕਰਦਿਆਂ ਕਿਹਾ ਕਿ ਸਮਾਜਿਕ, ਆਰਥਿਕ ਅਤੇ ਰਾਜਸੀ ਤਬਦੀਲੀਆਂ ਔਰਤਾਂ ਦੀ ਸ਼ਮੂਲੀਅਤ ਬਗੈਰ ਸੰਭਵ ਹੀ ਨਹੀਂ। ਕਿਰਨਜੀਤ ਕੌਰ ਨੇ ਇਸ ਮੌਕੇ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ, ਲੜਕੀਆਂ ਲਈ ਮੁਫਤ ਵਿਦਿਆ ਦਾ ਪ੍ਰਬੰਧ ਕਰਨ, ਨਵੀਂ ਵਿਦਿਅਕ ਨੀਤੀ ਰੱਦ ਕਰਨ,ਔਰਤਾਂ ਨੂੰ ਮੁਫਤ ਸਿਹਤ ਸਹੂਲਤਾਂ ਦੇਣ, ਡਾਕਟਰ ਪੰਪੋਸ਼ ਅਮ੍ਰਿਤਸਰ ਦੀ ਮੌਤ ਲਈ ਜਿੰਮੇਵਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ, ਔਰਤਾਂ ਦੀ ਇਸ਼ਤਿਹਾਰਬਾਜੀ ਬੰਦ ਕਰਨ ਦੇ ਮਤੇ ਪੇਸ਼ ਕੀਤੇ ਜਿਹਨਾਂ ਨੂੰ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ। ਅਸ਼ਮੀਤ, ਪਰਮਰਾਜ ਕੌਰ, ਗੁਰਿੰਦਰ ਕੌਰ ਦੁਰਗਾ ਪੁਰ, ਪੂਜਾ ਰਾਣੀ, ਰਾਜਵਿੰਦਰ ਕੌਰ, ਹਰਬੰਸ ਕੌਰ ਅਤੇ ਰਾਜਵਿੰਦਰ ਕੌਰ ਮਾਈਦਿੱਤਾ ਨੇ ਗੀਤ ਅਤੇ ਕਵਿਤਾਵਾਂ ਵੀ ਪੇਸ਼ ਕੀਤੀਆਂ। ਬਾਅਦ ਵਿਚ ਸ਼ਹਿਰ ਅੰਦਰ ਮੁਜਾਹਰਾ ਵੀ ਕੀਤਾ ਗਿਆ।

# ਪੁਰਾਣੀ ਪੈਂਨਸ਼ਨ ਬਹਾਲੀ ਲਈ ਰਾਖਵੇਂ ਫੰਡ ਦਾ ਬਜਟ ਵਿੱਚ ਜਿਕਰ ਤੱਕ ਨਹੀਂ

**ਨਵਾਂ ਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਐਨ ਪੀ ਐਸ ਮੁਲਾਜਮਾਂ ਵਿੱਚ ਵਿੱਤ ਮੰਤਰੀ ਵੱਲੋਂ ਵਿਧਾਨ ਸਭਾ ਸੈਸ਼ਨ ਵਿੱਚ ਪੇਸ਼ ਕੀਤੇ ਬੱਜਟ ਵਿੱਚ ਪੁਰਾਣੀ ਪੈਂਨਸ਼ਨ ਬਹਾਲੀ ਨੂੰ ਲੈ ਕੇ ਰਾਖਵੇਂ ਫੰਡ ਸਬੰਧੀ ਜ਼ਿਕਰ ਨਾ ਹੋਣ ਕਾਰਨ ਨਿਰਾਸ਼ਾ ਫੈਲ ਗਈ ਅਜਿਹੇ ਵਿੱਚ 16 ਮਾਰਚ ਨੂੰ ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਸਰਕਾਰ ਦੀ ਉੱਚ ਪੱਧਰੀ ਦੀ ਮੀਟਿੰਗ ਤੋਂ ਉਮੀਦਾਂ ਹਨ ਜੇ ਉਸ ਦਿਨ ਵੀ ਐਨ ਪੀ ਐਸ ਤਹਿਤ ਕਟੌਤੀ ਬੰਦ ਕਰਕੇ ਜੀ ਪੀ ਐਫ ਕਟੌਤੀ ਸਬੰਧੀ ਕੋਈ



ਹੈ। ਮੁੱਖ ਮੰਤਰੀ ਜੀ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਨੂੰ ਲੈ ਕੇ ਵੱਖ ਵੱਖ ਰਾਜਾਂ 'ਚ ਜਾ ਕੇ ਕਹਿ ਤਾਂ ਰਹੇ ਹਨ ਕਿ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਗਈ ਹੈ। ਪਰ ਇਸ ਦੀ ਜ਼ਮੀਨੀ ਹਕੀਕਤ ਕੁੱਝ ਹੋਰ ਹੈ। ਇਸ ਵਾਰੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਮਾਸਟਰ ਗੁਰਦਿਆਲ ਮਾਨ ਜ਼ਿਲ੍ਹਾ ਕਨਵੀਨਰ ਪੁਰਾਣੀ ਪੈਨਸ਼ਨ ਬਹਾਲੀ ਸ਼ੰਘਰਸ਼ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਨੇ ਕਿਹਾ ਕਿ ਜੇ ਸਰਕਾਰ ਸੱਚ ਵਿੱਚ ਹੀ ਪੁਰਾਣੀ ਪੈਂਨਸ਼ਨ ਬਹਾਲ ਕਰਨ ਲਈ ਸੰਜੀਦਾ ਹੁੰਦੀ ਤਾਂ ਬੱਜਟ ਵਿੱਚ ਆਉਂਦੇ ਵਿੱਤੀ ਸਾਲ ਵਿੱਚ ਫੰਡ ਜ਼ਰੂਰ ਰਾਖਵਾਂ ਰੱਖਿਆ ਗਿਆ ਹੁੰਦਾ। ਐਨ ਪੀ ਐਸ ਮੁਲਾਜ਼ਮ ਇਸ ਗੱਲ ਨੂੰ ਲੈ ਕੇ ਨਰਾਜ਼ ਹਨ ਤਿੱਖੇ ਸੰਘਰਸ਼ ਦੀ ਤਿਆਰੀ ਵਿੱਚ ਜੁਟ ਗਏ ਹਨ। ਸਾਰਥਕ ਨਤੀਜੇ ਨਹੀਂ ਆਉਂਦੇ ਤਾਂ ਸਰਕਾਰ ਨੂੰ ਜਬਰਦਸਤ ਸੰਘਰਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਐਨ ਪੀ ਐਸ ਮੁਲਾਜਮ ਇਸਨੂੰ ਸਿਆਸੀ ਲਾਹਾ ਲੈਣ ਲਈ ਸਿਰਫ ਐਲਾਨ ਮਾਤਰ ਮੰਨ ਰਹੇ ਹਨ। ਐਲਾਨ ਦੇ ਕਈ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਜਮੀਨੀਂ ਤੌਰ ਤੇ ਕੋਈ ਕੰਮ ਨਹੀਂ ਹੋਇਆ ਪਰ ਸਿਆਸੀ ਲਾਹੇ ਲੈਣ ਦਾ ਦੌਰ ਜਾਰੀ ਹੈ। 16 ਮਾਰਚ ਦੀ ਮੀਟਿੰਗ ਤੋਂ ਬਾਅਦ ਮੁਲਾਜਮਾਂ ਦੀ ਅਗਲੀ ਰਣਨੀਤੀ ਦਾ ਐਲਾਨ ਹੋ ਸਕਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਬੱਲਾ ਸਿੰਘ ਸੰਹੂਗੜਾ,ਸ਼ਤੀਸ ਕੁਮਾਰ ਨਵਾਂ ਗਰਾਂ, ਸੁਰਿੰਦਰ ਕੁਮਾਰ ਛੂਛੇਵਾਲ, ਭੁਪਿੰਦਰ ਸਿੰਘ, ਸ਼ੁਦੇਸ ਦੀਵਾਨ, ਜੁਗਰਾਜ ਸਿੰਘ, ਪਵਨ ਕੁਮਾਰ ਅਤੇ ਨਵੀਨ ਕਰੀਹਾ ਵੀ ਮੌਜੂਦ ਸਨ।

# ਪੀਐੱਸਯੂ (ਰੰਧਾਵਾ) ਤੇ ਐੱਨ ਬੀਐੱਸ ਵੱਲੋਂ ਜੀ-20 ਸੰਮੇਲਨ ਖ਼ਿਲਾਫ ਬੀਕੇਯੂ ਉਗਰਾਹਾਂ ਦੇ ਰੋਸ ਮੁਜ਼ਾਹਰੇ 'ਚ ਸ਼ਾਮਲ ਹੋਣ ਦਾ ਫੈਸਲਾ

**ਚੰਡੀਗੜ੍ਹ, (ਦਲਜੀਤ ਕੌਰ)**- ਅੱਜ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਤੇ ਨੌਜਵਾਨ ਭਾਰਤ ਸਭਾ ਦੇ ਵੱਲੋਂ ਸੰਗਰੂਰ ਵਿਖੇ ਮੀਟਿੰਗ ਕਰਕੇ ਬੀ ਕੇ ਯੂ ਉਗਰਾਹਾਂ ਵੱਲੋਂ 15 ਮਾਰਚ ਨੂੰ ਅੰਮ੍ਰਿਤਸਰ 'ਚ ਹੋ ਰਹੇ ਜੀ-20 ਸੰਮੇਲਨ ਦੇ ਖਿਲਾਫ ਕੀਤੇ ਜਾ ਰਹੇ ਰੋਸ ਮੁਜ਼ਾਹਰੇ 'ਚ ਸ਼ਾਮਲ ਹੋਣ ਦਾ ਫੈਂਸਲਾ ਕੀਤਾ ਹੈ ਅਤੇ ਪ੍ਰਦਰਸ਼ਨ 'ਚ ਸ਼ਾਮਲ ਹੁੰਦਿਆਂ ਮੰਗ ਕੀਤੀ ਜਾਵੇਗੀ ਕਿ ਦੇਸ਼ ਤੇ ਪੰਜਾਬ ਦੇ ਸਿੱਖਿਆ ਖੇਤਰ ਨੂੰ ਇਹਨਾਂ ਸਾਮਰਾਜੀ ਲੁਟੇਰੇ ਮੰਤਵਾਂ ਦੇ ਪ੍ਰਛਾਵੇਂ ਤੋਂ ਦੂਰ ਰੱਖਿਆ ਜਾਵੇ ਤੇ ਸੰਸਾਰ ਵਪਾਰ ਸੰਸਥਾ ਵਰਗੇ ਸਾਮਰਾਜੀ ਅਦਾਰਿਆਂ ਦੇ ਇਸ਼ਾਰਿਆਂ 'ਤੇ ਮੁਲਕ 'ਚ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨਵੀਂ ਸਿੱਖਿਆ ਨੀਤੀ ਨੂੰ ਰੱਦ ਕੀਤਾ ਜਾਵੇ।

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਦੋਵਾਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਅਸ਼ਵਨੀ ਘੁੱਦਾ ਤੇ ਹੁਸ਼ਿਆਰ ਸਿੰਘ ਨੇ ਕਿਹਾ ਕਿ ਦੇਸ਼ ਅੰਦਰ ਜੀ-20 ਦੀਆਂ ਮੀਟਿੰਗਾਂ ਹੋ ਰਹੀਆਂ ਹਨ ਤੇ ਇਹਨਾਂ ਦੇ ਏਜੰਡਿਆਂ 'ਚੋਂ ਸਿੱਖਿਆ ਅਤੇ ਲੇਬਰ ਮੁੱਦਿਆਂ 'ਤੇ ਹੋਣ ਵਾਲੀਆਂ ਮੀਟਿੰਗਾਂ ਪੰਜਾਬ ਅੰਦਰ ਅੰਮ੍ਰਿਤਸਰ ਵਿੱਚ ਕਰਵਾਈਆਂ ਜਾਣੀਆਂ ਹਨ। ਉਹਨਾਂ ਕਿਹਾ



ਕਿ ਦੁਨੀਆਂ ਦੇ ਵੱਡੇ ਸਾਮਰਾਜੀ ਮੁਲਕਾਂ ਦੀ ਸ਼ਮੂਲੀਅਤ ਤੇ ਮੋਹਰੀ ਭੂਮਿਕਾ ਵਾਲਾ ਇਹ 20 ਦੇਸ਼ਾਂ ਦਾ ਗਰੁੱਪ ਸਾਮਰਾਜੀ ਮੁਲਕਾਂ ਦੇ ਲੁਟੇਰੇ ਮੰਤਵਾਂ ਨੂੰ ਅੱਗੇ ਵਧਾਉਣ ਲਈ ਬਣਾਇਆ ਗਿਆ ਹੈ। ਇਸ ਮੰਚ ਰਾਹੀਂ ਸੰਸਾਰ ਸਾਮਰਾਜੀ ਸੰਸਥਾਵਾਂ ਜਿਵੇਂ ਸੰਸਾਰ ਵਪਾਰ ਸੰਸਥਾ, ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਬੈਂਕ ਆਦਿ ਦੇ ਲੁਟੇਰੇ ਏਜੰਡਿਆਂ ਨੂੰ ਪਛੜੇ ਮੁਲਕਾਂ 'ਤੇ ਮੜ੍ਹਿਆ ਜਾਂਦਾ ਹੈ। ਭਾਰਤ ਵਰਗੇ ਮੁਲਕਾਂ ਦੀ ਸਿੱਖਿਆ ਖੇਤਰ ‘ਚ ਸਾਮਰਾਜੀ ਕੰਪਨੀਆਂ ਤੇ ਮੁਲਕਾਂ ਦੀ ਪੁੱਗਤ ਹੋਰ ਵਧੇਰੇ ਮਜ਼ਬੂਤ ਕਰਨ ਦੀਆਂ ਵਿਉਂਤਾਂ ਬਣਾਈਆਂ ਜਾਂਦੀਆਂ ਹਨ।


ਦੇਸ਼ ਦੇ ਕੁਦਰਤੀ ਸੋਮਿਆਂ ਤੇ ਕਿਰਤ ਸ਼ਕਤੀ ਨੂੰ ਸਾਮਰਾਜੀਆਂ ਵੱਲੋਂ ਲੁੱਟਣ ਦੀਆਂ ਵਿਉਤਾਂ ਇਹਨਾਂ ਮੰਚਾਂ ਰਾਹੀਂ ਘੜੀਆਂ ਤੇ ਲਾਗੂ ਕੀਤੀਆਂ ਜਾਂਦੀਆਂ ਹਨ। ਇਹ ਦੇਸ਼ ਨੂੰ ਸਾਮਰਾਜੀਆਂ ਕੋਲ ਗਹਿਣੇ ਧਰਨ ਦਾ ਪਲੇਟਫਾਰਮ ਹੈ। ਆਗੂਆਂ ਨੇ ਕਿਹਾ ਕਿ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਮੇਤ ਪੰਜਾਬ ਦੇ ਸਰਕਾਰੀ ਕਾਲਜ ਵੱਡੇ ਵਿੱਤੀ ਸੰਕਟ ਚ ਹਨ ਇਨ੍ਹਾਂ ਨੂੰ ਸੰਕਟ 'ਚ ਧੱਕਣ ਲਈ ਜੀ-20 ਵਰਗੇ ਸਾਮਰਾਜੀ ਸੰਸਥਾਵਾਂ ਵੱਲੋਂ ਬਣਾਈਆਂ ਨਵੀਆਂ ਆਰਥਿਕ ਨੀਤੀਆਂ ਹੀ ਜ਼ਿੰਮੇਵਾਰ ਹਨ ਅਤੇ ਹੁਣ ਪੰਜਾਬ 'ਚ ਬਹਿ ਕੇ ਵੀ ਇਨ੍ਹਾਂ ਮੰਚਾਂ ਰਾਹੀਂ ਬਚੀ ਖੁਚੀ ਸਿੱਖਿਆ ਦਾ ਕੀਰਤਨ ਸੋਹਿਲਾ ਪੜਨ ਦੀਆਂ ਵਿਉਂਤਾਂ ਬਣਨੀਆਂ ਹਨ।

***

# ਸਾਹਿਬ ਕਾਂਸ਼ੀ ਰਾਮ ਨੇ ਹੀ ਭਾਰਤ ਦੇ ਪੁਰਾਤਨ ਤੇ ਸਨਾਤਨ ਇਤਿਹਾਸ ਦੀਆਂ ਪਰਤਾਂ ਖੋਲ੍ਹੀਆਂ

ਲੋਕ ਆਉਂਦੇ ਹਨ ਤੇ ਤੁਰ ਜਾਂਦੇ ਹਨ। ਸੰਤ, ਮਹਾਤਮਾਂ, ਗੁਰੂ, ਭਗਤ ਵੀ ਆਉਂਦੇ ਹਨ ਤੇ ਆਪਣਾ ਰੋਲ ਨਿਭਾ ਕੇ ਚਲੇ ਜਾਂਦੇ ਹਨ। ਚਲੇ ਜਾਣ ਤੋਂ ਬਾਅਦ ਲੋਕਾਂ ਦੇ ਦਿਲਾਂ ਤੇ ਉਹੀ ਰਾਜ ਕਰਦੇ ਹਨ। ਜਿਨ੍ਹਾਂ ਨੇ ਆਪਣਾ ਜੀਵਨ ਆਪਣੇ ਲਈ ਨਹੀਂ ਦੂਜਿਆਂ ਲਈ ਜੀਵਿਆ ਹੋਵੇ। ਇਤਿਹਾਸ ਵੀ ਉਹਨਾਂ ਮਰਜੀਵੜਿਆਂ ਦਾ ਹੀ ਲਿਖਿਆ ਜਾਂਦਾ ਹੈ। ਇਨ੍ਹਾਂ ਨੂੰ ਹੀ ਯੁੱਗ ਪੁਰਸ਼ ਵੀ ਕਿਹਾ ਜਾਂਦਾ ਹੈ। ਇਹ ਉਹ ਲੋਕ ਹੀ ਹੁੰਦੇ ਹਨ ਜੋ ਕਦੇ ਕਦੇ ਹੀ ਇਸ ਨਾਸ਼ਵਾਨ ਸੰਸਾਰ ਤੇ ਆਉਂਦੇ ਹਨ, ਤੇ ਆਪਣਾ ਕਰਮ ਕਰਕੇ ਚਲੇ ਜਾਂਦੇ ਹਨ। ਇਹਨਾਂ ਹੀ ਲੋਕਾਂ ਦਾ ਇਤਿਹਾਸ ਵਿੱਚ ਵਾਰ-ਵਾਰ ਜਿਕਰ ਆਇਆ ਕਰਦਾ ਹੈ। ਬਾਬਾ ਸਾਹਿਬ ਜੀ ਦੇ ਜਾਣ ਤੋਂ ਬਾਅਦ ਦਲਿਤ ਤੇ ਗਰੀਬ ਵਰਗ ਵਿੱਚ ਪਿਆ ਖੱਪਾ ਇੱਕ ਦਹਾਕੇ ਤੱਕ ਖਾਲੀ ਹੀ ਰਿਹਾ। ਜਦੋਂ ਭਰਿਆ ਤਾਂ ਉਦੋਂ ਤੱਕ ਪੂਰਾ ਦਹਾਕਾ ਬੀਤ ਚੁੱਕਿਆ ਸੀ। ਉਸ ਵੇਲੇ ਲੋਕ ਭੁੱਲ ਵਿਸਰ ਹੀ ਗਏ ਸਨ ਕਿ ਫਿਰ ਕੋਈ ਆਵੇਗਾ, ਜੋ ਜਮੀਨ ਅਸਮਾਨ ਬਰਾਬਰ ਖੜ੍ਹ ਚੁੱਕੇ ਜਾਤ-ਪਾਤੀ, ਊਚ-ਨੀਚ ਦੇ ਵਿਤਕਰੇ ਨੂੰ ਮੂਧੇ-ਮੂੰਹ ਮਾਰਨ ਦੀ ਕਾਬਲੀਅਤ ਨਾਲ ਲੈਸ ਹੋਵੇਗਾ ਤੇ ਉਪਰਲੀ ਹੇਠਾਂ ਕਰਕੇ ਤਹਿਲਕਾ ਮਚਾ ਦੇਵੇਗਾ।

ਇੰਨਾਂ ਵੱਡਾ ਖੱਪਾ ਆਪਣੀ ਤਾਕਤ ਤੇ ਕਾਬਲੀਅਤ ਨਾਲ ਭਰਨ ਦਾ ਜਜ਼ਬਾ ਰੱਖਣ ਵਾਲਾ ਇੱਕ ਆਮ ਘਰ ਦਾ ਮਾਮੂਲੀ ਜਿਹਾ ਇਨਸਾਨ ਇੰਨਾਂ ਕੁਝ ਕਰਨ ਦੀ ਸਮਰੱਥਾ ਰੱਖਦਾ ਵੀ ਹੈ ? ਪਰ ਸਮੇਂ ਨੇ ਵੇਖਿਆ ਇੱਕ ਇਨਸਾਨ ਨੇ ਆਪਣੀ ਐਸ਼ੋ-ਆਰਾਮ ਵਾਲੀ ਜਿੰਦਗੀ ਤਿਆਗ ਕੇ ਦਰ-ਦਰ ਘੁੰਮ ਕੇ ਗਲੀਆਂ 'ਚ ਰੁਲਦੇ ਕੱਖਾਂ ਨੂੰ ਸੀਨਿਆਂ ਨਾਲ ਲਗਾ ਕੇ,ਉਜੱੜੀਆਂ ਬਸਤੀਆਂ ਨੂੰ ਫਿਰ ਤੋਂ ਰੌਸ਼ਨੀ ਦੀ ਕਿਰਨ ਵਿਖਾ ਕੇ, ਕੰਗਾਲ ਤੇ ਲੁੱਟ ਹੋ ਚੁੱਕੇ ਨਿਤਾਣਿਆਂ ਨੂੰ ਮਾਣ ਬਖਸ਼ ਕੇ, ਗਲੀਆਂ-ਮੁਹੱਲਿਆਂ ਵਿੱਚ ਘੁੰਮ-ਘੁੰਮ ਕੇ, ਲੋਕਾਂ ਨੂੰ ਸਮਝਾਉਂਦਿਆਂ-



**ਬੇਸ਼ੱਕ ਅੱਜ ਕਾਂਸ਼ੀ ਰਾਮ ਤੋਂ ਪੂਰਾ ਭਾਰਤ ਵਾਕਫ ਹੈ, ਉਸਦੇ ਚਿਹਰੇ ਮੋਹਰੇ ਗਤੀਵਿਧੀਆ ਤੋਂ ਵਾਕਫ ਹੈ। ਪ੍ਰੰਤੂ ਇਆਡੇ ਲਈ ਇਹ ਜਾਣਨਾ ਜਰੂਰੀ ਹੈ ਕਿ ਕਾਂਸ਼ੀ ਰਾਮ ਵੀਹਵੀਂ ਤੇ ਇੱਕੀਵੀਂ ਸਦੀ ਦਾ ਮਹਾਨ ਦਲਿਤ ਰਹਿਬਰ ਵੀ ਹੈ। ਜਿਸ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਹੀ ਨਹੀਂ, ਮਹਾਤਮਾਂ ਬੁੱਧ, ਗੁਰੂ ਨਾਮਦੇਵ, ਗੁਰੂ ਕਬੀਰ, ਗੁਰੂ ਰਵਿਦਾਸ, ਗੁਰੂ ਨਾਨਕ, ਜੋਤੀ ਰਾ ਫੂਲੇ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਪੇਰਿਆਰ, ਨਰਾਇਣਾ ਗੁਰੂ, ਵਿਰਸਾ ਮੁੰਡਾ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੇ ਮਹਾਂਮਾਨਵਾਂ ਦੀਆਂ ਸਮੁੱਚੀਆਂ ਸਮਾਜਿਕ ਕ੍ਰਾਂਤੀ ਦੀਆਂ ਲਹਿਰਾਂ ਨੂੰ ਮੁੜ ਤੋਂ ਸੁਰਜੀਤ ਕਰ ਦਿੱਤਾ ਹੈ। ਵਿਸ਼ਵ ਦੇ ਸਾਹਮਣੇ ਇਹਨਾਂ ਲਹਿਰਾਂ ਦੇ ਇਤਿਹਾਸ ਦੀ ਪ੍ਰਕਿਰਿਆ ਦਾ ਫਿਰ ਤੋਂ ਮਾਹੌਲ ਪੈਦਾ ਕਰ ਦਿੱਤਾ ਹੈ। ਕਾਂਸ਼ੀ ਰਾਮ ਦੀਮਹਾਨਤਾ ਇਸੇ ਵਿੱਚ ਹੈ। ਜਿਸ ਇਤਿਹਾਸਕ ਸੱਚ ਨੂੰ ਬੁਰੀ ਤਰ੍ਹਾਂ ਲਤਾੜ ਕੇ ਪਛਾੜ ਦਿੱਤਾ ਗਿਆ ਸੀ, ਉਸ ਨੂੰ ਕਾਂਸ਼ੀ ਰਾਮ ਦੀ ਲਹਿਰ ਨੇ ਫਿਰ ਤੋਂ ਸਮਾਜ ਦੇ ਦਰਵਾਜਿਆਂ ਤੇ ਲਿਆ ਖੜਾ ਕੀਤਾ ਹੈ। ਜਿਸ ਦੀ ਅੱਜ ਹਰ ਪਾਸੇ ਚਰਚਾ ਹੈ।**

ਬੁਝਾਉਂਦਿਆਂ ਤਿਆਰ ਕਰਦਿਆਂ ਸੱਚਮੁੱਚ ਇੱਕ ਦਿਨ ਦੁਸ਼ਮਣ ਦੇ ਬਨੇਰਿਆਂ ਤੇ ਹਨੇਰ ਲਿਆ ਕੇ ਗਰੀਬਾਂ ਦੀਆਂ ਕੁੱਲੀਆਂ ਵਿੱਚ ਰੌਸ਼ਨੀ ਚਮਕਣ ਲਗਾ ਦਿੱਤੀ। ਇਸ ਹਸਤੀ ਤੋਂ ਸਦੀਆਂ ਤੋਂ ਸਥਾਪਿਤ ਕਹਿੰਦੇ ਕਹਾਉਂਦੇ ਖਾਨਦਾਨੀ, ਸਿਆਸਤਦਾਨ ਤੇ ਪੂੰਜੀਪਤੀ ਭੈਅ ਖਾਂਦੇ ਪਰ੍ਹੇ ਹੋ ਕੇ ਲੰਘਣ ਵਿੱਚ ਹੀ ਆਪਣਾ ਭਲਾ ਸਮਝਣ ਲੱਗ ਪਏ। ਸਾਰਿਆਂ ਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੋਈ ਕਿ ਇਹ ਕੌਣ ਹੈ ? ਜੋ ਸਦੀਆਂ ਤੋਂ ਨਪੀੜੇ, ਲਿਤਾੜੇ, ਕੁੱਟੇ ਜਾਂਦੇ, ਬਚਿਆ ਖੁਚਿਆ ਕਾ ਕੇ ਡੰਗ ਟਪਾਉਣ ਵਾਲੇ, ਪਾਟੀਆਂ ਲੀਰਾਂ ਨਾਲ ਆਪਣਾ ਤਨ ਢੱਕਣ ਵਾਲੇ, ਜੇਠ ਖਾ ਕੇ ਗੁਜਾਰਾ ਕਰਨ ਵਾਲੇ ਤੇ ਅੱਧੇ ਅਧੂਰੇ ਜਾਨਵਰਾਂ ਵਰਗੇ 'ਮਨੁੱਖਾਂ' ਨੂੰ ਰਾਜਗੱਦੀ ਤੇ ਬਿਠਾ ਕੇ ਦੇਸ਼ ਦਾ ਸਾਸ਼ਕ ਬਣਾਉਣਾ ਚਾਹੁੰਦਾ ਹੈ।

ਸਮੇਂ ਦੀ ਚਾਲ ਸਮਝ ਕੇ ਜਾਤ ਹੰਕਾਰੀ ਇਕ ਪਾਸੇ ਇਕੱਠੇ ਹੋਣੇ ਸ਼ੁਰੂ ਹੋ ਗਏ, ਸਾਰੀ ਮਾਇਆ ਇੱਕ ਥਾਂ ਆਉਣ ਲੱਗ ਪਈ। ਦੂਸਰੇ ਪਾਸੇ ਖਾਲੀ ਜੇਬ, ਖਾਲੀ ਢਿੱਡ, ਖਾਲੀ ਹੱਥ, ਆਉਣ ਜਾਣ ਲਈ ਕੋਈ ਸਾਧਨ ਨਹੀਂ, ਪੈਦਲ ਯਾਤਰਾ ਜਾਂ ਸਾਇਕਲਾਂ ਦੀ ਸਵਾਰੀ ਸੀਨਿਆਂ ਵਿੱਚ ਠੰਡੀ ਪੈ ਚੁੱਕੀ ਸੁਆਹ ਨੇ ਐਸੀ ਕਰਵਟ ਲਈ ਕਿ ਨਵੀਂ ਆ ਰਹੀ ਅੰਗੜਾਈ ਪੱਥਰ ਦੇ ਕੋਲਿਆਂ ਤੋਂ ਵੀ ਜਿਆਦਾ ਸੇਕ ਮਾਰਨ ਲੱਗ ਪਈ। ਸ਼ੈਤਾਨ ਪਾਰਟੀਆਂ, ਬੇਈਮਾਨ ਲੋਕ, ਹੰਕਾਰੇ ਹਾਥੀ ਕਮੀਨਗੀਆਂ ਨਾਲ ਭਰੇ ਪਏ ਚਤੁਰ ਲੀਡਰ ਇਸ ਨਵੀਂ ਚੱਲੀ ਹਨੇਰੀ ਦੇ ਤੂਫਾਨ ਵਿੱਚ ਕੱਖ ਕੰਡਿਆਂ ਵਾਂਗ ਉਡਦੇ ਨਜ਼ਰ ਆਉਣ ਲੱਗੇ।

1934 ਸੰਨ ਵਿੱਚ ਬਾਬਾ ਸਾਹਿਬ ਜੀ ਦਾ ਸੰਘਰਸ਼ ਪੂਰੇ ਜਾਹੋ ਜਲਾਲ ਨਾਲ ਸ਼ਿਖਰਾਂ ਛੂਹ ਰਿਹਾ ਸੀ। 1832 ਵਿੱਚ ਹੋਏ ਪੂਨਾ-ਪੈਕਟ ਤੋਂ ਬਾਅਦ "ਗੋਰਮਿੰਟ ਆਫ ਇੰਡੀਆ ਐਕਟ 1935" ਹੋਂਦ ਵਿੱਚ ਆ ਰਿਹਾ ਸੀ। ਜਿਸ ਨਾਲ ਸਦੀਆਂ ਤੋਂ ਮਾਰੇ ਹੱਕ ਖੁੱਸੇ ਹੋਏ ਅਧਿਕਾਰ ਜਾਂ ਕੁਝ ਸਹੂਲਤਾਂ ਮਿਲਣੀਆਂ ਸ਼ੁਰੂ ਹੋਣ ਵਾਲੀਆਂ ਸਨ। 15 ਮਾਰਚ 1934 ਨੂੰ ਰੋਪੜ ਜਿਲ੍ਹੇ ਦੇ ਇਤਿਹਾਸਕ ਪੁਰਸ਼ ਨੂੰ ਜਨਮ ਦੇਣ ਵਾਲੇ ਪਿੰਡ ਖੁਆਸਪੁਰ ਵਿੱਚ ਮਾਤਾ ਬਿਸ਼ਨ ਕੌਰ ਤੇ ਪਿਤਾ ਸਰਦਾਰ ਹਰੀ ਸਿੰਘ ਦੇ ਘਰ ਜਨਮ ਲੈ ਰਹੇ ਬਾਲਕ ਨੇ ਸਮੇਂ ਮੁਤਾਬਕ ਜੁਲਮਾਂ ਦੀ ਧੂੜ ਵਿਰੁੱਧ ਆਪਣਿਆਂ ਦੇ ਹੱਕਾਂ ਲਈ ਅਜਿਹੀ ਹਨੇਰੀ ਲਿਆਂਦੀ ਕਿ ਉਹ ਸਮਾਂ ਪਾ ਕੇ ਬਹੁਜਨ ਸਮਾਜ ਦਾ ਕੋਹਿਨੂਰ ਹੀਰਾ, ਮਹਾਨ ਰਾਜਨੀਤੀਵਾਨ ਤੇ ਬਾਬਾ ਸਾਹਿਬ ਜੀ ਤੋਂ ਬਾਅਦ ਦੂਸਰਾ ਮਸੀਹਾ ਅਖਵਾਇਆ। ਰੋਪੜ ਸਰਕਾਰੀ ਕਾਲਜ ਤੋਂ ਬੀ ਐਸ ਸੀ ਕਰਕੇ ਬਾਬਾ ਸਾਹਿਬ ਜੀ ਦੀ ਮਹਾਨ ਕਰਮਭੂਮੀ ਮਹਾਂਰਾਸ਼ਟਰ ਪੂਨੇ ਜਾ ਕੇ ਹਥਿਆਰ ਬਣਾਉਣ ਵਾਲੀ ਫੈਕਟਰੀ ਵਿੱਚ ਬਤੌਰ ਸਾਇੰਸਦਾਨ ਨੌਕਰੀ ਤੇ ਜਾ ਬੈਠੇ। ਨੌਕਰੀ ਦੌਰਾਨ ਕੰਮ ਕਰਦਿਆਂ ਜਿੰਦਗੀ ਵਿੱਚ ਪਹਿਲੀ ਵਾਰੀ ਡੀ ਕੇ ਖਾਪਰਡੇ ਕੋਲੋਂ ਡਾਕਟਰ ਅੰਬੇਡਕਰ ਦਾ ਨਾਮ ਸੁਣਿਆ। ਇਹ ਵਖਤ ਦੀਆਂ ਸਰਕਾਰਾਂ ਦੀ ਬਿਮਾਰ ਮਾਨਸਿਕਤਾ ਅਤੇ ਸੋਚੀ ਸਮਝੀ ਚਾਲ ਸੀ ਕਿ ਬਹੁਜਨ ਸਮਾਜ ਨੂੰ ਉਸਦੇ ਮਸੀਹਾ ਦਾ ਨਾਮ ਜਾਨਣ ਤੋਂ ਵੀ ਦੂਰ ਰੱਖਿਆ ਗਿਆ। ਡਾਕਟਰ ਅੰਬੇਡਕਰ ਜੀ ਵਾਰੇ ਕਾਂਸ਼ੀ ਰਾਮ ਦੀ ਪੜ੍ਹਨ ਸੁਣਨ ਦੀ ਇੱਛਾ 'ਚ ਵਾਧਾ ਹੋਇਆ। "ਜਾਤ-ਪਾਤ ਦਾ ਬੀਜਨਾਸ਼" ਪੜ੍ਹੀ ਤਾਂ ਦਿਮਾਗ ਵਿਚ ਤੂਫਾਨ, ਵਾਂਵਰੌਲੇ ਚੱਲ ਪਏ। ਮੰਨ ਬੇਚੈਨ ਹੋ ਗਿਆ। ਇੱਕ ਤੋਂ ਬਾਅਦ ਦੂਜੀ, ਤੀਜੀ ਲਗਾਤਾਰ ਛੇ ਵਾਰੀ ਪੜ੍ਹ ਲਈ। ਪੜ੍ਹ ਕੇ ਇੱਕ ਨਵੀਂ ਸਦੀ ਦੇ ਆਪਣੇ ਦੇਸ਼, ਕੌਮ, ਸਮਾਜ ਦੇ ਯੁੱਗ ਪਲਟਾਊ ਰਹਿਬਰ ਬਣ ਕੇ ਸਾਹਮਣੇ ਆ ਖੜੇ। ਦਿਮਾਗੀ ਕ੍ਰਾਂਤੀ ਹੋਣ ਨਾਲ ਨੌਕਰੀ ਛੱਡ ਦਿੱਤੀ, ਵਿਆਹ ਦੀ ਇੱਛਾ ਖਤਮ ਕੀਤੀ, ਘਰ-ਬਾਰ ਛੱਡਿਆ, ਰਿਸ਼ਤੇਦਾਰ ਮਿੱਤਰ ਛੱਡੇ ਤੇ ਹਰ ਤਰ੍ਹਾਂ ਦੇ ਐਸ਼ੋ-ਆਰਾਮ ਛੱਡ ਦਿੱਤੇ। ਮਹਾਤਮਾਂ ਜੋਤੀ ਰਾਓ ਫੂਲੇ, ਡਾਕਟਰ ਅੰਬੇਡਕਰ, ਨਰਾਇਣਾ ਗੁਰੂ, ਪੇਰਿਆਰ ਵਾਲਾ ਰਾਹ ਫੜ ਲਿਆ ਤੇ ਕਸਮ ਖਾ ਲਈ ਜਦੋਂ ਤੱਕ ਸਮਾਜ ਦੀ ਹਾਲਤ ਨਹੀਂ ਸੁਧਾਰ ਦਿੰਦਾ ਵਿਆਹ ਨਹੀਂ ਕਰਵਾਉਂਦਾ। ਘਰ ਨਹੀਂ ਬਣਾਵਾਂਗਾ, ਸਾਰਾ ਦੇਸ਼ ਹੀ ਮੇਰਾ ਘਰ ਹੋਵੇਗਾ, ਦੇਸ਼ ਭਰ ਦੇ ਦੁਰਕਾਰੇ, ਲਿਤਾੜੇ, ਪਛਾੜੇ ਲੋਕ ਮੇਰੇ ਪਰਿਵਾਰ ਦੇ ਮੈਂਬਰ ਹੋਣਗੇ। ਇਹ ਭਾਵਨਾਵਾਂ ਨਾਲ ਗੜੁੱਚ ਲਿਖੀ ਚਿੱਠੀ ਮਾਂ ਨੂੰ ਭੇਜੀ, ਮਾਂ-ਬਾਪ, ਘਰ-ਬਾਰ ਤਿਆਗ ਕੇ ਸੱਭ ਰਿਸ਼ਤੇਦਾਰੀਆਂ ਨੂੰ ਅਲਵਿਦਾ ਕਹਿ ਕੇ ਆਖਰੀ ਵਾਰੀ ਦੀ ਫਤਿਹ ਬੁਲਾ ਕੇ ਦੁਸ਼ਮਣ ਨਾਲ ਦੋ-ਦੋ ਹੱਥ ਕਰਨ ਲਈ ਪਿੜ ਮੱਲ ਲਿਆ।

ਜੋ ਸੋਚ ਲੈ ਕੇ ਕਾਂਸ਼ੀ ਰਾਮ ਜੀ ਘਰੋਂ ਨਿੱਕਲੇ ਸੀ ਸਖਤ ਮਿਹਨਤ ਕੀਤੀ ਤਾਂ ਘਾਲਣਾਂ ਨੇ ਰੰਗ ਫੜਨਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਲੋਕਾਂ ਨੇ ਬਾਬਾ ਸਾਹਿਬ ਨੂੰ ਜਿੰਦਗੀ ਦੇ ਆਖਰੀ ਸਮੇਂ ਪੜ੍ਹੇ ਲਿਖੇ ਵਰਗ ਨੇ ਨਿਰਾਸ਼ ਕੀਤਾ ਸੀ। ਕਾਂਸ਼ੀ ਰਾਮ ਨੇ ਆਪਣੇ ਸੰਘਰਸ਼ ਦਾ ਪਹਿਲਾ ਡੰਡਾ ਹੀ ਉਨ੍ਹਾਂ ਨੂੰ ਬਣਾ ਧਰਿਆ।

6 ਦਸੰਬਰ 1978 ਨੂੰ ਮੁਲਾਜਮਾਂ ਦਾ ਇੱਕ ਸੰਗਠਨ ਸਰਬ ਭਾਰਤ ਸੰਸਥਾ "ਬਾਮਸੇਫ" ਬਣਾ ਦਿੱਤਾ। ਇਸ ਸੰਗਠਨ ਵਿੱਚ ਦੇਸ਼ ਭਰ ਤੋਂ ਐਸ ਸੀ, ਐਸ ਟੀ, ਓ ਬੀ ਸੀ, ਧਾਰਮਿਕ ਘੱਟ ਗਿਣਤੀਆਂ ਤੇ ਨੌਕਰੀ ਪੇਸ਼ੇ ਵਾਲੇ ਸਾਰੇ ਲੋਕ ਲਾਮਬੰਦ ਕਰਨੇ ਸ਼ੁਰੂ ਕਰ ਦਿੱਤੇ। ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ ਕਿ ਇਹਨਾਂ ਲੋਕਾਂ ਨੇ ਪੜ੍ਹਾਈ ਜਾਂ ਨੌਕਰੀ ਵਿੱਚ ਕਿਤੇ ਨਾ ਕਿਤੇ ਸਮਾਜ ਦੇ ਨਾਮ ਤੇ ਲਾਭ ਲਿਆ ਹੈ। ਇਸ ਕਰਕੇ ਕੁਝ ਨਾ ਕੁਝ ਸਮਾਜ ਨੂੰ ਮੋੜਨ ਦਾ ਇਹਨਾਂ ਦਾ ਵੀ ਫਰਜ ਬਣਦਾ ਹੈ ਤੇ ਇਹ ਇਹਨਾਂ ਨੂੰ ਕਰਨਾ ਚਾਹੀਦਾ ਹੈ। ਇਸ ਸੰਸਥਾ ਨੂੰ ਉਹਨਾਂ ਅਲਾਦੀਨ ਦੇ ਚਿਰਾਗ ਵਾਂਗ ਸਮਝਿਆ ਤੇ ਵਰਤਿਆ ਤੇ ਕਿਹਾ "ਮੈਨੂੰ ਸਮਾਜ ਦੇ ਨਾਮ ਤੇ ਪੈਸਾ, ਦਿਮਾਗ ਜਾਂ ਸਮਾਂ ਜਿੰਨਾਂ ਕੋਈ ਜੋ ਕੁੱਝ ਦੇਣਾ ਚਾਹੁੰਦਾ ਹੈ ਦੇ ਸਕਦਾ ਹੈ। ਮੈਂ ਇਸ ਦਿੱਤੇ ਸਹਿਯੋਗ ਨਾਲ ਤੁਹਾਡੀ ਕਿਸਮਤ ਤਹਿ ਕਰਨ ਵਾਲੀ ਇੱਕ ਲਹਿਰ ਖੜੀ ਕਰ ਦਿਆਂਗਾ।" ਜੋ ਉਹਨਾਂ ਕਰਕੇ ਵੀ ਵਿਖਾਇਆ।

ਸਮਾਂ ਪਾ ਕੇ ਅਲਾਦੀਨ ਦੇ ਚਿਰਾਗ ਨੂੰ ਰਗੜ ਕੇ 6 ਦਸੰਬਰ 1981 ਨੂੰ ਸੰਘਰਸ਼ਮਈ ਜਥੇਬੰਦੀ ਡੀ ਐਸ ਫੋਰ (ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ) ਬਣਾਈ। ਬਾਮਸੇਫ ਵਿੱਚ ਨੌਕਰੀਆਂ ਕਰਦੇ ਮੁਲਾਜ਼ਮ/ਅਧਿਕਾਰੀ ਹੀ ਸਨ। ਪਰ ਉਹ ਰਾਜਨੀਤਕ ਸੰਘਰਸ਼ ਨਹੀਂ ਸਨ ਕਰ ਸਕਦੇ। ਇਸ ਕਰਕੇ ਡੀ ਐਸ ਫੋਰ ਬਣਾ ਕੇ ਸ਼ੁਰੂਆਤ ਦਿਨਾਂ ਵਿੱਚ ਹੀ ਸੰਘਰਸ਼ ਛੇੜ ਦਿੱਤਾ ਗਿਆ ਤੇ ਦਿਨਾਂ ਵਿੱਚ ਹੀ ਇਸ ਦੀ ਤਾਕਤ ਵੀ ਸਾਹਮਣੇ ਆ ਗਈ। ਡੀ ਐਸ ਫੋਰ ਦੇ ਰਾਸਤੇ ਕਾਂਸ਼ੀ ਰਾਮ ਰਾਜਨੀਤੀ ਦੇ ਸ਼ਾਹ ਅਸਵਾਰ ਬਣ ਗਏ। ਉਹ ਅਕਸਰ ਕਿਹਾ ਕਰਦੇ ਸਨ ਕਿ ਰਾਜਨੀਤਕ ਤਾਕਤ ਹਾਸਲ ਕੀਤੇ ਬਿਨ੍ਹਾਂ ਅਸੀਂ ਕੁਝ ਵੀ ਹਾਸਲ ਨਹੀਂ ਕਰ ਸਕਦੇ। ਜਿਸ ਵਰਗ ਨੂੰ ਸਿਆਸਤ ਦਾ ਊੜਾ-ਐੜਾ ਨਹੀਂ ਸੀ ਪਤਾ ਕਾਂਸ਼ੀ ਰਾਮ ਨੇ ਉਸ ਵਰਗ ਨੂੰ ਆਪਣੇ ਧੀਆਂ-ਪੁੱਤਰਾਂ ਵਾਂਗ ਮਨਾਇਆ ਤੇ ਸਮਝਾਇਆ ਕਿ ਟਿਕਟ ਕਿਵੇਂ ਬਣਦੀ ਹੈ, ਚੋਣ ਕਿਵੇਂ ਲੜਨੀ ਹੈ, ਕਿਵੇਂ ਪਾਰਟੀ ਰਜਿਸਟਰਡ ਹੁੰਦੀ ਹੈ, ਕਿਵੇਂ ਪਾਰਟੀ ਸੂਬਾ ਪੱਧਰੀ ਜਾ ਰਾਸ਼ਟਰ ਪੱਧਰੀ ਬਣਦੀ ਹੈ, ਕਿਵੇਂ ਦੂਸਰੀਆਂ ਪਾਰਟੀਆਂ ਨਾਲ ਰਾਜਨੀਤਕ ਲੜਾਈ ਲੜਨੀ ਹੈ, ਕਿਵੇਂ ਸਮਝੋਤੇ ਕਰਨੇ ਹਨ। ਇਹ ਗਹਿਰ ਗੰਭੀਰ ਨੁਕਤੇ ਕਾਂਸ਼ੀ ਰਾਮ ਨੇ ਕੇਡਰ ਲਾ-ਲਾ ਕੇ ਕਲਾਸਾਂ ਬਣਾ ਕੇ ਧੀਆਂ-ਪੁੱਤਰਾਂ ਵਾਂਗ ਸਾਰਿਆਂ ਨੂੰ ਪਿਆਰ ਨਾਲ ਸਮਝਾਏ। ਪਹਿਲੀ ਵਾਰੀ ਰਾਜਨੀਤਕ ਚੋਣ 1982 ਵਿੱਚ ਲੜਨ ਲਈ ਹਰਿਆਣਾ ਤੋਂ ਸ਼ੁਰੂਆਤ ਕੀਤੀ, ਜਿੱਤ ਨਾ ਹੋ ਸਕੀ ਪਰ ਤਜੁਰਬਾ ਬਾਕਮਾਲ ਮਿਲਿਆ।

ਬਾਬਾ ਸਾਹਿਬ ਦੀ ਮੋਟੇ ਅੱਖਰਾਂ ਵਿੱਚ ਲਿਖੀ ਤਾਕੀਦ "ਆਪਣੇ ਘਰਾਂ ਦੀਆਂ ਦੀਵਾਰਾਂ ਤੇ ਲਿਖ ਵਲੋਂ ਕਿ ਤੁਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।" ਨੂੰ ਲੋਕਾਂ ਦੇ ਦਿਲਾਂ ਦੀ ਗਹਿਰਾਈ ਵਿੱਚ ਉਤਾਰ ਦਿੱਤਾ। ਕਾਂਸ਼ੀ ਰਾਮ ਨੇ ਸੰਗਠਨ ਦੇ ਇਮਤਿਹਾਨ ਤਿਮਾਹੀ, ਛਿਮਾਹੀ, ਸਲਾਨਾ ਲੈ ਕੇ ਇਸ ਕਦਰ ਲੋਕਾਂ ਵਿੱਚ ਜਨੂੰਨ ਭਰ ਦਿੱਤਾ ਕਿ ਬਾਬਾ ਸਾਹਿਬ ਜੀ ਦੇ ਜਨਮ ਦਿਨ 14 ਅਪ੍ਰੈਲ 1984 ਬਹੁਜਨ ਸਮਾਜ ਦੇ ਦੁਸ਼ਮਣਾਂ ਦੀਆਂ ਮਹਿਲਾਂ ਦੀਆਂ ਨੀਹਾਂ ਵਿੱਚ ਸਿਉਂਕ ਭਰਨ ਲਈ ਤੇ ਗਰੀਬਾਂ ਦੀ ਨਲਾਇਕੀ ਤੇ ਉਸਰੇ ਖੋਖੇ ਬਹੁਮੰਜਿਲੇ ਰਾਜਨੀਤਕ ਮਹਿਲਾਂ ਨੂੰ ਧਰਾਸ਼ਾਈ ਕਰਨ ਲਈ ਆਪਣੀ ਲਿਆਕਤ ਨਾਲ ਪੂਰੀ ਦੀ ਪੂਰੀ ਰਾਜਨੀਤਕ ਪਾਰਟੀ "ਬਹੁਜਨ ਸਮਾਜ ਪਾਰਟੀ" ਦਾ ਦੇਸ਼ ਦੇ ਮੰਚ ਤੇ ਪ੍ਰਚੰਡ ਰੂਪ ਵਿੱਚ ਮੁਖੀਆ ਪੇਸ਼ ਕਰ ਦਿੱਤਾ। ਇਸ ਨੂੰ ਕਾਂਸ਼ੀ ਰਾਮ ਦੀ ਸਿਆਣਪ, ਸੂਝ-ਬੂਝ, ਲਿਆਕਤ ਜਾਂ ਦੂਰ ਅੰਦੇਸ਼ੀ ਹੀ ਕਹਿ ਸਕਦੇ ਹਾਂ ਕਿ ਜਿਹਨਾਂ ਲੋਕਾਂ ਨੇ ਬਾਬਾ ਸਾਹਿਬ ਜੀ ਨੂੰ ਧਾਹਾਂ ਮਾਰ ਕੇ ਰੋਣ ਲਾ ਦਿੱਤਾ ਸੀ, ਕਾਂਸ਼ੀ ਰਾਮ ਜੀ ਨੇ ਉਹਨਾਂ ਲੋਕਾਂ ਨੂੰ ਹੀ ਸੰਗਠਿਤ ਕਰਕੇ , ਉਨ੍ਹਾਂ ਤੋਂ ਹੀ ਸੰਘਰਸ਼ ਕਰਵਾ ਕੇ ਮੈਦਾਨ ਵਿੱਚ ਲਲਕਾਰੇ ਮਰਵਾ ਕੇ ਦੇਸ਼ ਦੀ ਰਾਜਨੀਤੀ ਦਾ ਪਿੜ ਮੱਲ ਲਿਆ ਸੀ। ਆਪਣੀ ਸੂਝ-ਬੂਝ, ਲਿਆਕਤ, ਸਿਆਣਪ ਨਾਲ ਖਾ ਚੁੱਕੇ ਧੋਬੀਆਂ ਤੋਂ ਸੁਚੇਤ ਰਹਿ ਕੇ ਸਮਾਜ ਦੇ ਦੁਸ਼ਮਣਾਂ ਦੇ ਕਿਲੇ ਵਿੱਚ ਅਜਿਹੀ ਸੇਂਧਮਾਰੀ ਕੀਤੀ ਕਿ ਦੇਸ਼ ਦਾ ਸਭ ਤੋਂ ਵੱਡਾ ਸੂਬਾ ਖੋਹ ਲਿਆ ਤੇ ਇੱਕ ਅਛੂਤ ਨੂੰ ਦੇਸ਼ ਦੀ ਰਾਜਨੀਤੀ ਵਿੱਚ ਪਹਿਲੀ ਵਾਰੀ ਵਿੱਚ ਹੀ ਧਮਾਲ ਮਚਾ ਕੇ ਵੱਡੇ ਰਾਜ ਦਾ ਮੁੱਖ ਮੰਤਰੀ ਬਣਾ ਧਰਿਆ। ਲੋਕਾਂ ਨੂੰ ਅਜਿਹਾ ਚਸਕਾ ਲਗਾਇਆ ਕਿ ਵਾਰ ਵਾਰ ਹੁਣ ਤੱਕ ਪੰਜ ਵਾਰ ਆਪਣਾ ਰਾਜ ਲਿਆ ਚੁੱਕੇ ਹਨ। ਅੱਜ ਬਹੁਜਨ ਸਮਾਜ ਪਾਰਟੀ ਦੇਸ਼ ਦੀ ਸਭ ਤੋਂ ਵੱਡੀ ਤੇ ਉੱਚੀ ਕੁਰਸੀ ਤੇ ਸਿਰਫ ਕਾਂਸ਼ੀ ਰਾਮ ਦੇ ਚਮਤਕਾਰ ਕਰਕੇ ਹੀ ਬੈਠਣ ਲਈ ਅੱਖ ਟਿਕਾਊ ਬੈਠੀ ਹੈ।

ਕਾਂਸ਼ੀ ਰਾਮ ਨੇ ਅੱਧੀ ਸਦੀ ਦਲਿਤਾਂ ਦੇ ਹਿੱਤਾਂ ਵਾਸਤੇ ਲਗਾ ਦਿੱਤੀ। ਸਮੇਂ ਸਿਰ ਰੋਟੀ ਨਾ ਖਾ ਸਕਿਆ, ਬਹੁਤੀ ਦਫਾ ਭੁੱਖਾ ਵੀ ਰਿਹਾ, ਠੰਡ ਤੋਂ ਬਚਣ ਲਈ ਮੁਰਦੇ ਦਾ ਸਵੈਟਰ ਵੀ ਪਾਇਆ, ਨੰਗੇ ਪੈਰੀ ਪੈਦਲ ਘੁੰਮਿਆ, ਦਿਨ-ਰਾਤ ਸੰਘਰਸ਼ ਕੀਤਾ, ਲੱਖਾਂ ਲੋਕਾਂ ਵਿੱਚ ਇਤਫਾਕ ਤੇ ਪਿਆਰ ਭਾਵਨਾ ਪੈਦਾ ਕੀਤੀ, ਕਰੋੜਾਂ ਦੀ ਰਹਿਨੁਮਾਈ ਕੀਤੀ ਤੇ ਅਖੀਰ 'ਚ ਜਾ ਕੇ ਇੱਕ ਤਾਕਤਵਰ ਇਤਿਹਾਸਕ ਨਾਇਕ ਬਣ ਕੇ ਭਾਰਤ ਦੇ ਦਰਪਣ ਸਾਹਮਣੇ ਆਇਆ। ਜਿਸ ਦਿਨ ਤੋਂ ਕਾਂਸ਼ੀ ਰਾਮ ਸਰਗਰਮ ਰਾਜਨੀਤੀ ਦਾ ਹਿੱਸਾ ਬਣੇ ਉਸ ਦਿਨ ਤੋਂ ਉਹਨਾਂ ਦੀ ਨਜ਼ਰ ਦੇਸ਼ ਦੀ ਸਭ ਤੋਂ ਵੱਡੀ ਤੇ ਉੱਚੀ ਤੇ ਤਾਕਤਵਰ ਕੇਂਦਰ ਤੇ ਟਿਕਾ ਕੇ ਰੱਖੀ ਹੋਈ ਹੈ। ਉਹ ਉਸ ਕੁਰਸੀ ਤੱਕ ਪਹੁੰਚਣ ਲਈ ਲਗਾਤਾਰ ਯਤਨਸ਼ੀਲ ਸਨ। ਕਾਂਸ਼ੀ ਰਾਮ ਬਿਨ੍ਹਾਂ ਕਿਸੇ ਲਾਗ ਲਪੇਟੇ ਦੇ ਆਖਿਆ ਕਰਦੇ ਸਨ "ਕਿ ਰਾਜਨੀਤੀ ਸੱਤਾ ਦੇ ਲਈ ਹੁੰਦੀ ਹੈ ਤੇ ਸੱਤਾ ਬਿਨ੍ਹਾਂ ਸੰਘਰਸ਼ ਤੋਂ ਨਹੀਂ ਮਿਲਦੀ।" ਜੋ ਲੋਕ ਸਾਸ਼ਨ ਕਰਦੇ ਹਨ ਉਹ ਦੂਸਰਿਆਂ ਦਾ ਖਾਸ ਕਰਕੇ ਦਲਿਤਾਂ ਦਾ ਸੋਸ਼ਣ ਬਹੁਤ ਵੱਡੇ ਪੱਧਰ ਤੇ ਕਰਦੇ ਹਨ। ਜੋ ਹੁਣ ਸਾਨੂੰ ਮਨਜੂਰ ਨਹੀਂ ਹੈ। ਬਹੁਤ ਜਿਆਦਾ ਸਹਿ ਲਿਆ ਹੈ ਹੁਣ ਤੱਕ। ਇਸ ਗੈਰ ਬਰਾਬਰਤਾ ਵਾਲੇ ਸਿਸਟਮ ਦੇ ਵਿਰੁੱਧ ਸੰਘਰਸ਼ ਕਰਨ ਦੇ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਨਾ ਲਈ ਹੀ ਮੈਂ ਡੀ ਐਸ ਫੋਰ ਬਣਾਈ ਸੀ। ਜਿਸ ਨੂੰ ਤਾਕਤਵਰ ਬਣਾ ਕੇ ਬਹੁਜਨ ਸਮਾਜ ਪਾਰਟੀ ਦਾ ਰੂਪ ਦਿੱਤਾ ਗਿਆ ਹੈ।

ਬੇਸ਼ੱਕ ਅੱਜ ਕਾਂਸ਼ੀ ਰਾਮ ਤੋਂ ਪੂਰਾ ਭਾਰਤ ਵਾਕਫ ਹੈ, ਉਸਦੇ ਚਿਹਰੇ ਮੋਹਰੇ ਗਤੀਵਿਧੀਆ ਤੋਂ ਵਾਕਫ ਹੈ। ਪ੍ਰੰਤੂ ਇਆਡੇ ਲਈ ਇਹ ਜਾਣਨਾ ਜਰੂਰੀ ਹੈ ਕਿ ਕਾਂਸ਼ੀ ਰਾਮ ਵੀਹਵੀਂ ਤੇ ਇੱਕੀਵੀਂ ਸਦੀ ਦਾ ਮਹਾਨ ਦਲਿਤ ਰਹਿਬਰ ਵੀ ਹੈ। ਜਿਸ ਨੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਹੀ ਨਹੀਂ, ਮਹਾਤਮਾਂ ਬੁੱਧ, ਗੁਰੂ ਨਾਮਦੇਵ, ਗੁਰੂ ਕਬੀਰ, ਗੁਰੂ ਰਵਿਦਾਸ, ਗੁਰੂ ਨਾਨਕ, ਜੋਤੀ ਰਾਓ ਫੂਲੇ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਪੇਰਿਆਰ, ਨਰਾਇਣਾ ਗੁਰੂ, ਵਿਰਸਾ ਮੁੰਡਾ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੇ ਮਹਾਂਮਾਨਵਾਂ ਦੀਆਂ ਸਮੁੱਚੀਆਂ ਸਮਾਜਿਕ ਕ੍ਰਾਂਤੀ ਦੀਆਂ ਲਹਿਰਾਂ ਨੂੰ ਮੁੜ ਤੋਂ ਸੁਰਜੀਤ ਕਰ ਦਿੱਤਾ ਹੈ। ਵਿਸ਼ਵ ਦੇ ਸਾਹਮਣੇ ਇਹਨਾਂ ਲਹਿਰਾਂ ਦੇ ਇਤਿਹਾਸ ਦੀ ਪ੍ਰਕਿਰਿਆ ਦਾ ਫਿਰ ਤੋਂ ਮਾਹੌਲ ਪੈਦਾ ਕਰ ਦਿੱਤਾ ਹੈ। ਕਾਂਸ਼ੀ ਰਾਮ ਦੀ ਮਹਾਨਤਾ ਇਸੇ ਵਿੱਚ ਹੈ। ਜਿਸ ਇਤਿਹਾਸਕ ਸੱਚ ਨੂੰ ਬੁਰੀ ਤਰ੍ਹਾਂ ਲਤਾੜ ਕੇ ਪਛਾੜ ਦਿੱਤਾ ਗਿਆ ਸੀ, ਉਸ ਨੂੰ ਕਾਂਸ਼ੀ ਰਾਮ ਦੀ ਲਹਿਰ ਨੇ ਫਿਰ ਤੋਂ ਸਮਾਜ ਦੇ ਦਰਵਾਜਿਆਂ ਤੇ ਲਿਆ ਖੜਾ ਕੀਤਾ ਹੈ। ਜਿਸ ਦੀ ਅੱਜ ਹਰ ਪਾਸੇ ਚਰਚਾ ਹੈ।

ਜਦੋਂ ਕਿਸੇ ਵਿਅਕਤੀ ਨੂੰ ਮਹਾਨਤਾ ਦਾ ਦਰਜਾ ਦਿੱਤਾ ਜਾਣਾ ਹੁੰਦਾ ਹੈ ਤਾਂ ਇਹ ਜਰੂਰੀ ਹੁੰਦਾ ਹੈ ਕਿ ਉਸ ਨੇ ਕੋਈ ਵੱਡਾ ਮਾਰਕੇ ਵਾਲਾ ਇਤਿਹਾਸਕ ਕੰਮ ਕੀਤਾ ਹੋਵੇ। ਅੱਜ ਉਚਜਾਤੀਆਂ ਦੇ ਲੋਕ ਅਤੇ ਬਹੁਜਨ ਸਮਾਜ ਦਾ ਵੱਡਾ ਭਾਗ ਕਾਂਸ਼ੀ ਰਾਮ ਨੂੰ ਮਹਿਜ ਇੱਕ ਰਾਜਨੀਤਕ ਲੀਡਰ ਵਜੋਂ ਵੇਖਦੇ ਅਤੇ ਉਸਦੇ ਕੱਦ ਨੂੰ ਆਮ ਦਲਿਤ ਰਾਜਨੀਤਕ ਲੀਡਰਾਂ ਨਾਲ ਮਾਪਦੇ ਹਨ, ਪ੍ਰੰਤੂ ਅਸੀਂ ਇਸ ਦਾਅਵੇ ਨਾਲ ਤੁਰੇ ਹਾਂ ਕਿ ਡਾਕਟਰ ਅੰਬੇਡਕਰ ਤੋਂ ਬਾਅਦ ਬਹੁਜਨ ਸਮਾਜ ਦੇ ਖਾਤਰ ਜੋ ਕ੍ਰਿਸ਼ਮਾਂ ਕਾਂਸ਼ੀ ਰਾਮ ਨੇ ਕੀਤਾ ਹੈ। ਹੋਰ ਕੋਈ ਦੂਸਰਾ ਉਸ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਿਆ ਹੈ। ਇਹ ਗੰਭੀਰ ਮੰਥਨ, ਪੜਚੋਲ, ਸਮੀਖਿਆ ਤੇ ਮੁਕਾਬਲੇ ਵਿੱਚ ਹੋਰਨਾਂ ਦਲਿਤ ਲੀਡਰਾਂ ਨੂੰ ਰੱਖ ਕੇ ਵਿਸਲੇਸ਼ਣ ਕੀਤੇ ਨਿਚੋੜ ਦਾ ਹੀ ਸਿੱਧ ਕੀਤਾ ਜਵਾਬ ਹੈ ਕਿ ਕਾਂਸ਼ੀ ਰਾਮ ਸਿਰਫ ਇੱਕ ਹੀ ਸੀ। ਕੋਈ ਹੋਰ ਉਸ ਵਰਗਾ ਕਦੀ ਵੀ ਨਹੀਂ ਹੋ ਸਕਦਾ। ਇਸ ਕਰਕੇ ਅਸੀਂ ਆਖ ਸਕਦੇ ਹਾਂ ਕਿ ਵੀਹਵੀਂ ਇੱਕੀਵੀਂ ਸਦੀ ਦਾ ਮਹਾਨ ਦਲਿਤ ਜਰਨੈਲ ਸੀ ਤੇ ਮੌਜੂਦਾ ਦੌਰ ਦਾ ਵੀ ਜੇਤੂ ਜਰਨੈਲ ਹੈ ਕਾਂਸ਼ੀ ਰਾਮ। ਜਿਸ ਨੇ ਆਪਣੇ ਘੂਕ ਸੁੱਤੇ ਪਏ ਵਿਸ਼ਾਲ ਸਮਾਜ ਨੂੰ ਉਹਨਾਂ ਦੇ ਸਿਰਾਂ ਵਿੱਚ ਉੱਬਲਦਾ ਪਾਣੀ ਪਾ ਕੇ ਨਹੀਂ ਜਗਾਇਆ। ਸਗੋਂ ਮਹਾਤਮਾਂ ਬੁੱਧ, ਗੁਰੂ ਨਾਮਦੇਵ, ਗੁਰੂ ਕਬੀਰ, ਗੁਰੂ ਰਵਿਦਾਸ, ਗੁਰੂ ਨਾਨਕ, ਮਹਾਤਮਾਂ ਜੋਤੀਰਾਓ ਫੂਲੇ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਡਾਕਟਰ ਅੰਬੇਡਕਰ ਦੀ ਵਿਚਾਰਧਾਰਾ ਦੇ ਠੰਡੇ ਸ਼ੀਤਲ ਛਿੱਟੇ ਮਾਰ ਕੇ ਉਠਾਇਆ ਹੈ, ਜਗਾਇਆ ਹੈ, ਤੋਰਿਆ ਹੈ। ਜੋ ਡਾਕਟਰ ਅੰਬੇਡਕਰ ਤੋਂ ਬਾਅਦ ਦੂਸਰਾ ਮਨੁੱਖ ਨਹੀਂ ਕਰ ਸਕਿਆ ਹੈ। ਮਹਾਨਤਾ ਜਾਤਾਂ ਦੇ ਅਧਾਰ ਤੇ ਨਹੀਂ ਮਿੱਥੀ ਜਾਂਦੀ। ਗੁਣਾਂ ਸਿਫਤੀ ਤਬਦੀਲੀਆਂ ਅਤੇ ਉਨ੍ਹਾਂ ਦੇ ਨਤੀਜਿਆਂ ਦੇ ਅਧਾਰ ਤੇ ਮਾਪਦੇ ਹਾਂ। ਕਾਂਸ਼ੀ ਰਾਮ ਨੇ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸੰਘਰਸ਼ ਵਿੱਚ ਕੀ-ਕੀ ਸਿਫਤੀ ਤਬਦੀਲੀਆਂ ਕੀਤੀਆਂ ਤੇ ਬਜੁਰਗਾਂ ਦੇ ਕਾਰਵਾਂ ਨੂੰ ਕਿੰਨਾ ਅੱਗੇ ਲਿਆਂਦਾ। ਉਸ ਸਾਰੇ ਦਾ ਮੁਲਾਂਕਣ ਕੀਤੇ ਬਿਨ੍ਹਾਂ ਅਸੀਂ ਕਾਂਸ਼ੀ ਰਾਮ ਨੂੰ ਮਹਾਨ ਕਹਿਣ ਦੇ ਹੱਕਦਾਰ ਨਹੀਂ ਹੋ ਸਕਦੇ। ਮਹਾਂਰਾਸ਼ਟਰ ਨੂੰ ਛੱਡ ਲਵੋ ਜਿੱਥੇ ਡਾਕਟਰ ਅੰਬੇਡਕਰ, ਛੱਤਰ-ਪਤੀ, ਜੋਤੀਰਾਓ ਆਦਿ ਸਮਾਜਿਕ ਕ੍ਰਾਂਤੀਕਾਰੀ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਨੇ ਜਨਮ ਲਿਆ ਅਤੇ ਸਿਰ ਉੱਚਾ ਕੱਢਿਆ। ਬਾਬਾ ਸਾਹਿਬ ਤੋਂ ਜਿਆਦਾ ਕਿਸੇ ਹੋਰ ਮਨੁੱਖ ਵਾਰੇ ਕੋਈ ਬਹੁਤੇ ਲੋਕ ਨਹੀਂ ਜਾਣਦੇ। ਮੂਰਖਤਾ ਬੱਸ ਲੋਕਾਂ ਨੇ ਰਹਿਬਰਾਂ ਨੂੰ ਆਪਣੀਆਂ ਜਾਤਾਂ ਮੁਤਾਬਕ ਵੰਡ ਲਿਆ। ਜਿਵੇਂ ਪੰਜਾਬ ਵਿੱਚ ਚਮਾਰਾਂ ਨੇ ਗੁਰੂ ਰਵਿਦਾਸ, ਜੁਲਾਹਿਆਂ ਨੇ ਗੁਰੂ ਕਬੀਰ, ਛੀਂਬਿਆਂ ਨੇ ਗੁਰੂ ਨਾਮਦੇਵ, ਮਜ਼ਬੀਆਂ ਨੇ ਬਾਬਾ ਜੀਵਨ ਸਿੰਘ ਆਦਿ ਨੇ ਆਪਣੀਆਂ ਜਾਤੀਆਂ ਕਾਰਨ ਮੂਰਖਤਾ ਭਰੀ ਵੰਡ ਕਰ ਲਈ। ਅਜਿਹਾ ਹੀ ਮਹਾਂਰਾਸ਼ਟਰ ਵਿੱਚ ਵੀ ਹੋਇਆ। ਪ੍ਰੰਤੂ ਉਥੇ ਫਿਰ ਵੀ ਲੋਕ ਬਾਬਾ ਸਾਹਿਬ ਵਾਰੇ ਜਾਣੂ ਰਹੇ।

ਉਸੇ ਮਹਾਂਰਾਸ਼ਟਰ ਤੋਂ ਜਿਥੋਂ ਸਮਾਜਿਕ ਕ੍ਰਾਂਤੀ ਅਤੇ ਸਮਾਜਿਕ ਕ੍ਰਾਂਤੀ ਦੀਆਂ ਵਿਰੋਧੀ ਤਕੜੀਆਂ ਧਿਰਾਂ ਨੇ ਸਿਰ ਕੱਢਿਆ। ਉਥੇ ਹੀ ਕਾਂਸ਼ੀ ਰਾਮ ਨੇ ਸਮਾਜਿਕ ਕ੍ਰਾਂਤੀ ਅਧੀਨ, ਸਮਾਜਿਕ ਪ੍ਰੀਵਰਤਨ ਅਤੇ ਆਰਥਿਕ ਮੁਕਤੀ ਦੀ ਲਹਿਰ ਨੂੰ ਤੋਰਿਆ ਤੇ ਪੂਰੇ ਮੁਲਕ ਦੇ ਕਰੋੜਾਂ ਕਰੋੜਾਂ ਲੋਕਾਂ ਤੱਕ ਪਹੁੰਚਦਾ ਕੀਤਾ। ਇਸ ਕਰਕੇ ਅਸੀਂ ਹਰ ਵਾਰ ਕਹਿ ਸਕਦੇ ਹਾਂ ਕਿ ਇਹ ਕੰਮ ਕਾਂਸ਼ੀ ਰਾਮ ਤੋਂ ਬਿਨ੍ਹਾਂ ਕਿਸੇ ਦੂਸਰੇ ਮਨੁੱਖ ਜਾਂ ਦੂਸਰੀ ਲਹਿਰ ਨੇ ਨਹੀਂ ਕੀਤਾ। ਦੇਸ਼ ਭਰ ਦਾ ਜਾਗਿਆ ਹੋਇਆ ਬਹੁਜਨ ਸਮਾਜ ਮੁਲਕ ਭਰ ਦੇ ਇਨ੍ਹਾਂ ਕ੍ਰਾਂਤੀਕਾਰੀਆਂ ਪੁਰਸ਼ਾਂ ਤੋਂ ਉਹਨਾਂ ਦੇ ਇਤਿਹਾਸ ਅਤੇ ਸੰਘਰਸ਼ਾਂ ਤੋਂ ਪੂਰੀ ਤਰ੍ਹਾਂ ਵਾਕਫ ਹੈ ਤਾਂ ਕਿਸ ਕਰਕੇ, ਸਿਰਫ ਤੇ ਸਿਰਫ ਕਾਂਸ਼ੀ ਰਾਮ ਕਰਕੇ। ਇਸ ਵਿੱਚ ਰੱਤੀ ਭਰ ਵੀ ਝੂਠ ਨਹੀਂ ਹੈ, ਕਿ ਕਾਂਸ਼ੀ ਰਾਮ ਨੇ ਹੀ ਭਾਰਤ ਦੇ ਪੁਰਾਤਨ ਤੇ ਸਨਾਤਨ ਇਤਿਹਾਸ ਦੀਆਂ ਪਰਤਾਂ ਖੋਲ੍ਹੀਆਂ ਅਤੇ ਦਲਿਤ ਬਹੁਜਨ ਦੇ ਜਾਗਰੂਕ ਹੋਣ ਵਾਲੇ ਮਨੁੱਖ ਨੂੰ ਨਵੇਂ ਤੇ ਦਰੁਸਤ ਇਤਿਹਾਸ ਦੀ ਸਿਰਜਣਾ ਕਰਨ ਦੇ ਸਹੀ ਰਾਹੇ ਪਾਇਆ। ਇਸ ਲਈ ਮੰਨਣਾ ਪਵੇਗਾ ਕਿ ਕਾਂਸ਼ੀ ਰਾਮ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਦਾ ਮਹਾਨ ਜਰਨੈਲ ਹੈ। ਜਿਸ ਨੇ ਭਾਰਤ ਦੇ ਦੱਬੇ-ਕੁਚਲੇ ਤੇ ਪੱਛੜੇ ਮਨੁੱਖ ਦਾ ਮਾਰਗਦਰਸ਼ਨ ਵੀ ਕੀਤਾ ਹੈ ਅਤੇ ਉਹਨਾਂ ਨੂੰ ਸਹੀ ਦਿਸ਼ਾ ਵਿੱਚ ਜਾਣ ਦੀ ਜਾਂਚ ਵੀ ਸਿਖਾਈ।



ਸਤਨਾਮ ਸਿੰਘ ਸਹੂੰਗੜਾ
91-94170-71532

## ਵਿਸ਼ਵ ਜਲ ਦਿਵਸ ’ਤੇ ਵਿਸ਼ੇਸ਼ ...

# ‘ਪਹਿਲਾਂ ਪਾਣੀ ਜੀਓ ਹੈ, ਜਿਤੁ ਹਰਿਆ ਸਭੁ ਕੋਇ’॥

‘ਵਿਸ਼ਵ ਜਲ ਦਿਵਸ’ ਹਰ ਸਾਲ 22 ਮਾਰਚ ਨੂੰ ਤਾਜ਼ੇ ਤੇ ਸਾਫ ਸੁਥਰੇ, ਸ਼ੁੱਧ ਪਾਣੀ ਦੀ ਮਹੱਤਤਾ ’ਤੇ ਧਿਆਨ ਕੇਂਦਰਿਤ ਕਰਨ ਅਤੇ ਸਾਫ-ਸੁਥਰੇ ਤਾਜ਼ੇ ਪਾਣੀ ਦੇ ਸਰੋਤਾਂ ਦੇ ਟਿਕਾਊ ਪ੍ਰਬੰਧਨ ਦੀ ਵਕਾਲਤ ਕਰਨ ਦੇ ਸਾਧਨ ਵਜੋਂ ਮਨਾਇਆ ਜਾਂਦਾ ਹੈ। ਇਹ ’ਟਿਕਾਊ ਵਿਕਾਸ ਟੀਚਾ’ (Sustainable Development Goal) 6 : 2030 ਤੱਕ ਸਾਰਿਆਂ ਲਈ ਸਾਫ ਤੇ ਸ਼ੁੱਧ ਪਾਣੀ ਅਤੇ ਸੈਨੀਟੇਸ਼ਨ ਦੇ ਸਮਰਥਨ ਵਿਚ, ਗਲੋਬਲ ਜਲ ਸੰਕਟ ਨਾਲ ਨਜਿੱਠਣ ਲਈ ਕਾਰਵਾਈ ਕਰਨ ਬਾਰੇ ਹੈ।

**2023 ਵਿਚ, ਜਲ ਦਿਵਸ:** ਪਾਣੀ ਅਤੇ ਸੈਨੀਟੇਸ਼ਨ ਸੰਕਟ ਨੂੰ ਹੱਲ ਕਰਨ ਲਈ ਤਬਦੀਲੀ ਨੂੰ ਤੇਜ ਕਰਨ ’ਤੇ ਕੇਂਦਰਿਤ ਹੈ ਅਤੇ ਯੂਨੈਸਕੋ ਸੰਯੁਕਤ ਰਾਸ਼ਟਰ ਦੀ ਪ੍ਰਮੁੱਖ ਏਜੰਸੀ ਹੈ।

ਇਕ ਨਵੀਂ ਵਿਸ਼ਵ ਜਲ ਵਿਕਾਸ ਰਿਪੋਰਟ ਹਰ ਸਾਲ ’ਵਿਸ਼ਵ ਜਲ ਦਿਵਸ’ ’ਤੇ ਜਾਂ ਇਸ ਦੇ ਨੇੜੇ ਜਾਰੀ ਕੀਤੀ ਜਾਂਦੀ ਹੈ ਤਾਂ ਜੋ ਨਿਰਣਾਇਕਾਂ ਨੂੰ ਟਿਕਾਊ ਜਲ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਸੰਦ ਪ੍ਰਦਾਨ ਕੀਤੇ ਜਾ ਸਕਣ। ਇਹ ਰਿਪੋਰਟ ਯੂਨੈਸਕੋ ਦੇ ਵਿਸ਼ਵ ਜਲ ਮੁਲਾਂਕਣ ਪ੍ਰੋਗਰਾਮ (ਡਬਲਯੂ. ਡਬਲਯੂ. ਏ. ਪੀ.) ਦੁਆਰਾ ਸੰਯੁਕਤ ਰਾਸ਼ਟਰ-ਪਾਣੀ ਦੀ ਤਰਫੋਂ ਤਾਲਮੇਲ ਕੀਤੀ ਗਈ ਹੈ। ਵਿਸ਼ਵ ਜਲ ਦਿਵਸ ਲਈ ਸਾਲਾਨਾ ਥੀਮ ਰਿਪੋਰਟ ਦੇ ਫੋਕਸ ਨਾਲ ਇੱਕਸਾਰ ਹੈ। ਯੂਨੈਸਕੋ ਆਪਣੇ ਅੰਤਰ-ਸਰਕਾਰੀ ਹਾਈਡ੍ਰੋਲੋਜੀਕਲ ਪ੍ਰੋਗਰਾਮ ਆਈ. ਐਚ. ਪੀ. (IHP) Intergovermental hydrological Programme ਦੀਆਂ ਗਤੀਵਿਧੀਆਂ ਦੇ ਅੰਦਰ ਵਿਸ਼ਵ ਜਲ ਦਿਵਸ ਮਨਾਉਣ ਵਿਚ ਵੀ ਯੋਗਦਾਨ ਪਾਉਂਦਾ ਹੈ, ਜੋ ਦੇਸ਼ਾਂ ਨੂੰ ਆਪਣੇ ਜਲ ਸਰੋਤਾਂ ਨੂੰ ਟਿਕਾਊ ਤਰੀਕੇ ਨਾਲ ਪ੍ਰਬੰਧਨ ਕਰਨ ਵਿਚ ਮਦਦ ਕਰਨ ਲਈ ਵਿਗਿਆਨਕ ਗਿਆਨ ਆਧਾਰ ਬਣਾਉਣ ਲਈ ਸਾਰਾ ਸਾਲ ਸੰਸਾਰ ਭਰਦਾ ਹੈ।

ਸੰਯੁਕਤ ਰਾਸ਼ਟਰ ਅਸੈਂਬਲੀ ਨੇ 22 ਦਸੰਬਰ 1992 ਨੂੰ ਮਤਾ A/RES/47/193 ਨੂੰ ਅਪਣਾਇਆ ਹੈ ਜਿਸ ਦੁਆਰਾ ਹਰ ਸਾਲ 22 ਮਾਰਚ ਨੂੰ ‘ਵਿਸ਼ਵ ਜਲ ਦਿਵਸ’ ਘੋਸ਼ਿਤ ਕੀਤਾ ਗਿਆ ਸੀ, ਜੋ ਕਿ 1993 ਤੋਂ ਸ਼ੁਰੂ ਹੋ ਕੇ ਮਨਾਇਆ ਜਾਣਾ ਸੀ। ਰਾਸ਼ਟਰ ਸੰਦਰਭ, ਜਲ ਸਰੋਤਾਂ ਦੀ ਸੰਭਾਲ ਅਤੇ ਵਿਕਾਸ ਨਾਲ ਸਬੰਧਤ ਦਸਤਾਵੇਜ਼ੀ ਫਿਲਮਾਂ ਦੇ ਪ੍ਰਕਾਸ਼ਨ ਅਤੇ ਪ੍ਰਸਾਰ ਅਤੇ ਕਾਨਫਰੰਸਾਂ, ਗੋਲਮੇਜ਼ਾਂ, ਸੈਮੀਨਾਰਾਂ ਅਤੇ ਪ੍ਰਦਰਸ਼ਨੀਆਂ ਦੇ ਸੰਗਠਨ ਦੁਆਰਾ ਜਨਤਕ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਵਰਗੀਆਂ ਠੋਸ ਗਤੀਵਿਧੀਆਂ ਲਈ ਉਪਰਾਲੇ ਕਰਨਾ ਹੈ।

ਪਾਣੀ ਦੀ ਸੁਰੱਖਿਆ ਲਈ ਯੂਨੈਸਕੋ ਟੋਭਿਆਂ ਤੇ ਵੱਡੇ-ਵੱਡੇ ਤਾਲਾਬਾਂ ’ਚ ਇਕੱਠਾ ਕਰਦਾ ਹੈ ਤੇ ਉਸ ਨੂੰ ਸਾਫ ਕਰਕੇ ਲੋਕਾਂ ਤੱਕ ਪਹੁੰਚਾਉਂਦਾ ਹੈ।

ਅੱਜ ਸੰਸਾਰ ਪੱਧਰ ’ਤੇ ਮਨਜ਼ੂਰ ਤੇ ਪ੍ਰਵਾਨਿਤ ਪਾਣੀ ’ਤੇ ਵਿਸ਼ੇਸ਼ੱਗਿਆ ਵਿਅਕਤੀ ਜੋ ਵਿਗਿਆਨੀ ਵੀ ਹਨ। ਉਹ ਸਾਫ ਸੁਥਰੇ ਪਾਣੀ ਦੀ ਜੀਵਨ ਵਿਚ ਮਹੱਤਤਾ ’ਤੇ ਕੰਮ ਕਰ ਰਹੇ ਹਨ ਤੇ ਮਾਨਵਤਾ ਨੂੰ ਇਸ ਸਬੰਧੀ ਗਿਆਨਵਾਨ ਵੀ ਕਰ ਰਹੇ ਹਨ। ਉਹ ਸੰਸਾਰ ਪੱਧਰ ’ਤੇ ਦੌਰੇ ਕਰਕੇ ਵਧੀਆ ਤੇ ਸਾਫ-ਸੁਥਰੇ ਪਾਣੀ ਦੇ ਪ੍ਰਬੰਧਾਂ ਤੇ ’ਬਾਇਓ ਪਿਓਰ’ (Bio Pure) ਦੁਆਰਾ ਸਾਫ-ਸੁਥਰਾ ਪਾਣੀ ਪੀਣ ਉਪਰ ਲੋਕਾਂ ਨੂੰ ਜਾਗਰੂਪ ਵੀ ਕਰ ਰਹੇ ਹਨ। ਉਹ ਸਾਫ-ਸੁਥਰੇ ਪਾਣੀ ’ਤੇ ਪੀਣ ਲਈ ਅਖ਼ਬਾਰਾਂ ਵਿਚ ਲੇਖ ਵੀ ਲਿਖਦੇ ਹਨ। ਅਮਰੀਕਾ ਤੇ ਦੁਨੀਆਂ ਦੇ ਸੈਂਕੜੇ ਦੇਸ਼ਾਂ ’ਚ ’ਵਾਟਰ ਕੁਆਲਟੀ ਐਸੋਸੀਏਸ਼ਨਜ਼’ ਬਣੀਆਂ ਹੋਈਆਂ ਹਨ ਜੋ ਮਾਨਵਤਾ ਨੂੰ ਸਾਫ-ਸੁਥਰਾ ਪਾਣੀ ਜੋ ਕਿ ’ਬਾਇਓ ਪਿਓਰ’ ਦੁਆਰਾ ਸਾਫ ਕੀਤਾ ਜਾਂਦਾ ਹੈ, ਦੇ ਪੀਣ ਦੀ ਸਲਾਹ ਦਿੰਦੀਆਂ ਹਨ। ਉਹ ਸਾਡੇ ਪੀਣ ਵਾਲੇ ਪਾਣੀ ਦਾ ਨਿਰੀਖਣ, ਪਾਣੀ ਪੀਣ ਲਈ ਤਿਆਰ ਕਰਨ ਵਾਲੇ ਕਾਰਖਾਨੇ ਤੇ ਉਨ੍ਹਾਂ ਦਾ ਪਾਣੀ ਦਾ ਉਤਪਾਦ ਅਤੇ ਸਾਫ-ਸੁਥਰੇ ਪਾਣੀ ਪ੍ਰਤੀ ਕਈ ਗਲਤ ਧਾਰਨਾਵਾਂ ਬਾਰੇ ਆਪਣੇ ਤਜਰਬਿਆਂ ਵਿਚ ਸਫਲ ਹੋਣ, ਬਾਰੇ ਬੜੇ ਵਿਸਥਾਰ ਵਿਚ ਨਿਮਨ-ਲਿਖਤ ਅਨੁਸਾਰ ਦੱਸਦੇ ਹਨ:

**(1) ਸਹੀ ਮਾਅਨਿਆਂ ਵਿਚ ਸਾਫ-ਸੁਥਰਾ ਪਾਣੀ ਕੀ ਹੈ?**

ਜੇਕਰ ਤੁਸੀਂ ਕੁਦਰਤ ਵੱਲ ਦੇਖੋ ਤਾਂ ਧਰਤੀ ਤੋਂ ਪਾਣੀ ਭਾਫ ਬਣ ਕੇ ਉੱਡ ਜਾਂਦਾ ਹੈ ਤੇ ਬੱਦਲਾਂ ਦਾ ਰੂਪ ਧਾਰਨ ਕਰਕੇ ਮੁੜ ਮੀਂਹ ਦੇ ਰੂਪ ਵਿਚ ਧਰਤੀ ਤੇ ਆਣ ਡਿੱਗਦਾ ਹੈ। ਬੱਦਲਾਂ ਜਾਂ ਭਾਫ ਦੇ ਰੂਪ ਵਿਚ ਪਾਣੀ ਬਿਲੁਕਲ ਸਾਫ ਤੇ ਮਲੀਨ ਰਹਿਤ ਹੁੰਦਾ ਹੈ। ਇਹੀ ਅਸਲੀ ਪਾਣੀ ਐਚ2ਓ **($H_2O$)** ਹੈ ਜੋ ਖਣਿਜ ਪਦਾਰਥਾਂ ਤੋਂ ਬਿਨਾਂ ਹੁੰਦਾ ਹੈ। ਜਦੋਂ ਇਹ ਪਾਣੀ ਜ਼ਮੀਨ ਤੇ ਡਿੱਗਦਾ ਹੈ ਤਾਂ ਇਸ ਵਿਚ ਮਿੱਟੀ-ਘੱਟਾ, ਪੱਥਰ, ਖਣਿਜ ਪਦਾਰਥ ਜਿਵੇਂ ਕੈਲਸ਼ੀਅਮ, ਚੂਨੇ ਦਾ ਪੱਥਰ ਅਤੇ ਹੋਰ ਕਈ ਤਰ੍ਹਾਂ ਦੇ ਖਣਿਜ ਪਦਾਰਥ ਘੁਲ ਜਾਂਦੇ ਹਨ। ਸ਼ੁੱਧ ਪਾਣੀ ਵਿਚ ਅਸਲ ਵਿਚ ਕੋਈ ਖਣਿਜ ਪਦਾਰਥ ਨਹੀਂ ਹੁੰਦਾ। ਇਹ ਸਿਰਫ ਸ਼ੁੱਧ ਐਚ2ਓ ਹੀ ਹੁੰਦਾ ਹੈ।

**(2) ਸਿਹਤ ਨਾਲ ਸ਼ੁੱਧ ਪਾਣੀ ਦਾ ਕੀ ਸਬੰਧ ਹੈ?**

ਸਾਡੀ ਸਿਹਤ ਦਾ ਸਾਫ ਸੁਥਰੇ ਪਾਣੀ ਨਾਲ ਬੜਾ ਨੇੜੇ ਦਾ ਤੇ ਗੂੜ੍ਹਾ ਸਬੰਧ ਹੈ। ਹਵਾ ਤੋਂ ਬਾਅਦ ਮਨੁੱਖ ਲਈ ਜਿਉਂਦੇ ਰਹਿਣ ਲਈ ਪਾਣੀ ਹੀ ਇਕ ਮਹੱਤਵਪੂਰਨ, ਦੂਸਰੀ ਵਸਤੂ, ਇਸ ਸੰਸਾਰ ਵਿਚ ਹੈ। ਮਨੁੱਖੀ ਸਰੀਰ ਦਾ ਸੰਗਠਨ-ਾਤਮਕ ਵਿਕਾਸ ਪਾਣੀ ਨਾਲ ਹੀ ਹੋਇਆ ਹੈ। ਮਨੁੱਖੀ ਸਰੀਰ ਦੇ ਭਾਰ ਵਿਚ 2/3 ਪਾਣੀ ਦਾ ਹੀ ਹੈ। ਪਾਣੀ ਹੀ ਸਾਰੇ ਸਰੀਰਕ ਕਿਰਿਆ-ਵਿਗਿਆਨ ਦਾ ਕੰਟਰੋਲ ਕਰਦਾ ਹੈ।

**(3) ਕੀ ਖਣਿਜ ਪਦਾਰਥਾਂ ਤੋਂ ਬਿਨਾਂ ਪਾਣੀ ਦਾ ਚੰਗਾਪਣ ਸੰਭਵ ਹੈ?**

ਜੇਕਰ ਤੁਸੀਂ ਸਮੁੰਦਰ ਦਾ ਇਕ ਲੀਟਰ ਪਾਣੀ ਪੀਓਗੇ ਤਾਂ ਖਣਿਜ ਪਦਾਰਥਾਂ ਦੀ ਉਸ ਵਿਚ ਬਹੁਤਾਤ ਹੋਣ ਕਾਰਨ ਮਰ ਜਾਓਗੇ। ਸਮੁੰਦਰੀ ਪਾਣੀ ਦਾ ਟੀ. ਡੀ. ਐਸ. ਭਾਵ ਪੀ. ਪੀ. ਐਮ. (ਪਾਰਟਸ ਪਰ ਮਿਲੀਅਨ) 35,000 ਤੋਂ 45,000 ਤੱਕ ਉਸ ਵਿਚ ਘੁਲੇ ਖਣਿਜ ਪਦਾਰਥਾਂ ਕਰਕੇ ਹੀ ਹੈ। ਅਕਸਰ ਇਸੇ ਕਰਕੇ ਹੀ ਸਮੁੰਦਰ ਦਾ ਪਾਣੀ ਕੋਈ ਨਹੀਂ ਪੀਂਦਾ। ਕੀ ਤੁਸੀਂ ਜਾਣਦੇ ਹੋ ਕੇ ਮਨੁੱਖੀ ਪਿਸ਼ਾਬ ਵਿਚ ਪੀ. ਪੀ. ਐਮ. ਭਾਵ ਟੀ. ਡੀ. ਐਸ. (ਟੋਟਲ ਡਿਜ਼ੌਲਵ ਸੌਲਿਡ) ਖਣਿਜ ਪਦਾਰਥਾਂ ਕਰਕੇ ਹੀ 50,000 ਤੋਂ 65,000 ਤੱਕ ਹੁੰਦਾ ਹੈ। ਇਨਸਾਨ ਦੇ ਗੁਰਦੇ ਨਾ-ਲੋੜੀਂਦੇ ਖਣਿਜ ਪਦਾਰਥਾਂ ਦੀ ਮਨੁੱਖੀ ਸਰੀਰ ਨੂੰ ਜ਼ਰੂਰਤ ਹੀ ਨਹੀਂ ਹੁੰਦੀ। ਮਨੁੱਖੀ ਸਰੀਰ ਕੇਵਲ ਜ਼ਰੂਰਤ ਅਨੁਸਾਰ ਹੀ ਖਣਿਜ ਪਦਾਰਥ ਆਪਣੇ ਸਰੀਰ ਲਈ ਲੈਂਦਾ ਹੈ ਤੇ ਫਾਲਤੂ ਖਣਿਜ ਪਦਾਰਥ ਨੂੰ ਬੇਲੋੜੇ ਸਮਝ ਕੇ ਬਾਹਰ ਕੱਢ ਦਿੰਦਾ ਹੈ।

**(4) ਪਾਣੀ ਦੁਆਰਾ ਸਾਨੂੰ ਖਣਿਜ ਪਦਾਰਥਾਂ ਦੀ ਲੋੜ ਨਹੀਂ ਹੈ?**

ਪਾਣੀ ਦੁਆਰਾ ਸਾਨੂੰ ਖਣਿਜ-ਪਦਾਰਥਾਂ ਦੀ ਬਿਲਕੁਲ ਲੋੜ ਨਹੀਂ ਹੈ। ਇਕ ਦੁੱਧ ਦੇ ਗਿਲਾ ਵਿਚ ਕੈਲਸ਼ੀਅਮ ਖਣਿਜ ਪਦਾਰਥ 500 ਲੀਟਰ ਪਾਣੀ ਵਿਚ ਪਾਏ ਜਾਂਦੇ ਕੈਲਸ਼ੀਅਮ ਤੋਂ ਕਿਤੇ ਜ਼ਿਆਦਾ ਹੁੰਦਾ ਹੈ। ਇਤਨਾ ਕੈਲਸ਼ੀਅਮ ਲੈਣ ਲਈ ਕੋਈ 500 ਲੀਟਰ ਪਾਣੀ ਇਕ ਦਿਨ ਵਿਚ ਨਹੀਂ ਪੀਂਦਾ। ਇਸ ਤਰ੍ਹਾਂ ਕਰਨਾ ਪਾਗਲਪਣ ਹੋਵੇਗਾ ਅਤੇ ਇਹ ਸਰੀਰਕ ਤੌਰ ’ਤੇ ਵੀ ਸੰਭਵ ਨਹੀਂ ਹੋਵੇਗਾ। ਵਿਗਿਆਨਕ ਤੌਰ ’ਤੇ ਸੋਚਿਆ ਜਾਵੇ ਤਾਂ ਸ਼ੁੱਧ ਤੇ ਕੇਵਲ ਨਿਰੋਲ ਪਾਣੀ ਐਚ2ਓ ਹੀ ਹੈ। ਸ਼ੁੱਧ ਪਾਣੀ ਵਿਚ ਕੋਈ ਖਣਿਜ ਪਦਾਰਥ, ਰਸਾਇਣਕ ਤੱਤ, ਮਿਸ਼ਰਣ ਜਾਂ ਕੋਈ ਹੋਰ ਤੱਤ ਬਿਲਕੁਲ ਨਹੀਂ ਹੁੰਦਾ।



**(5) ਪ੍ਰੰਤੂ ਯਕੀਨਨ ਜੇ ਪਾਣੀ ਵਿਚ ਖਣਿਜ ਪਦਾਰਥ ਹੋਣ ਤਾਂ ਇਹ ਮਾੜਾ ਜਾਂ ਬੁਰਾ ਨਹੀਂ?**

ਪਾਣੀ ਵਿਚਲੇ ਖਣਿਜ ਪਦਾਰਥ ਨੂੰ ਸਾਡਾ ਸਰੀਰ ਵਰਤੋਂ ਵਿਚ ਨਹੀਂ ਲਿਆਉਂਦਾ ਹੈ। ਜੇਕਰ ਤੁਸੀਂ ਲੋਹੇ ਦਾ ਪੌਡਰ ਵਰਗਾ ਚੂਰਨ ਬਣਾ ਕੇ ਪਾਣੀ ਵਿਚ ਘੋਲ ਕੇ ਪੀਓਗੇ ਤਾਂ ਇਹ ਨਿਰਜੀਵ ਹੋਣ ਕਰਕੇ ਤੁਹਾਡਾ ਮਿਹਦਾ ਇਸ ਨੂੰ ਹਜ਼ਮ ਨਹੀਂ ਕਰੇਗਾ। ਪਰ ਦੇਖਿਆ ਜਾਵੇ ਤਾਂ ਲੋਹਾ ਵੀ ਤਾਂ ਇਕ ਖਣਿਜ ਪਦਾਰਥ ਹੀ ਹੈ। ਜਦੋਂ ਸਾਡਾ ਸਰੀਰ ਖਣਿਜ ਪਦਾਰਥ ਪਖਾਨੇ ਦੁਆਰਾ ਬਾਹਰ ਨਹੀਂ ਕੱਢਦਾ ਤਾਂ ਇਹ ਸਰੀਰ ਵਿਚ ਪੱਥਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ। ਖਾਸ ਤੌਰ ’ਤੇ ਇਹ ਪੱਥਰ ਗੁਰਦੇ ਵਿਚ ਜਮ੍ਹਾ ਹੋ ਜਾਂਦੇ ਹਨ। ਇਹ ਇਕ ਡਾਕਟਰੀ (ਵਿਗਿਆਨਕ) ਸੱਚ ਹੈ। ਗੁਰਦਿਆਂ ਵਿਚ ਪੱਥਰ ਜਮ੍ਹਾਂ ਨਾ ਹੋਣ ਤੇ ਗੁਰਦੇ ਤੰਦਰੁਸਤ ਰਹਿਣ ਲਈ ਸਾਫ ਸੁਥਰਾ ਤੇ ਬਿਨਾਂ ਖਣਿਜ ਪਦਾਰਥਾਂ ਦੇ ਖਾਣ ਪੀਣ ਦੀ ਜ਼ਰੂਰਤ ਹੈ। ਜ਼ਿਆਦਾ ਮਾਤਰਾ ਵਿਚ ਖਣਿਜ ਪਦਾਰਥਾਂ ਵਾਲੇ ਪਾਣੀ ਪੀਣ ਨਾਲ ਗੁਰਦਿਆਂ ’ਤੇ ਵੀ ਵਾਧੂ ਬੋਝ ਪਵੇਗਾ ਤੇ ਉਹਨਾਂ ਨੂੰ ਜ਼ਿਆਦਾ ਕੰਮ ਕਰਨਾ ਪਵੇਗਾ।

**(6) ਪਾਣੀ ਤੋਂ ਇਲਾਵਾ ਸਰੀਰ ਲਈ ਖਣਿਜ ਪਦਾਰਥ ਕਿੱਥੋਂ ਲਏ ਜਾਣ?**

ਸਿਰਫ ਪਾਣੀ ਹੀ ਸਰੀਰ ਲਈ ਖਣਿਜ ਪਦਾਰਥ ਲੈਣ ਲਈ ਮਨਸੂਬਾ ਜਾਂ ਵਿਉਂਤ ਨਹੀਂ ਹੈ। ਪਾਣੀ ਪਸੀਨੇ ਦੁਆਰਾ ਸਰੀਰ ਦੇ ਰੋਮ ਖੋਲ੍ਹਣ ਲਈ ਲਗਾਤਾਰ ਸਰੀਰ ਵਿਚ ਖੁਰਾਕ ਦੇ ਰਚਣ ਦੀ ਕਿਰਿਆ ਲਈ, ਖੁਰਾਕ ਦੇ ਪਚਣ ਲਈ ਮਦਦ ਕਰਨ ਵਿਚ ਤੇ ਸਰੀਰ ਦੀਆਂ ਹੋਰ ਜ਼ਰੂਰਤਾਂ ਪੂਰੀਆਂ ਕਰਨ ਲਈ ਪਾਣੀ ਦੀ ਲੋੜ ਹੈ। ਮਨੁੱਖੀ ਸਰੀਰ ਸਿਰਫ ਸਜੀਵੀ (ਜਿਉਂਦੇ) ਖਣਿਜ ਪਦਾਰਥ ਹੀ ਹਜ਼ਮ ਕਰ ਸਕਦਾ ਹੈ। ਇਹ ਤੱਤ ਸਿਰਫ ਜਿਉਂਦੇ ਪ੍ਰਾਣੀਆਂ ਤੋਂ ਹੀ ਪ੍ਰਾਪਤ ਹੁੰਦੇ ਹਨ ਜਿਵੇਂ, ਕੈਲਸ਼ੀਅਮ ਦੁੱਧ ਤੋਂ ਪ੍ਰਾਪਤ ਹੁੰਦਾ ਹੈ। ਲੋਹਾ ਫੁੱਲਾਂ ਤੇ ਸਬਜ਼ੀਆਂ ਆਦਿ ਤੋਂ ਪ੍ਰਾਪਤ ਹੁੰਦਾ ਹੈ। ਖਣਿਜ ਪਦਾਰਥਾਂ ਦੀ ਘਾਟ-ਸੰਤੁਲਿਤ ਭੋਜਨ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਕੱਲਾ ਪਾਣੀ ਹੀ ਨਹੀਂ ਹੈ ਜਿਸ ਤੋਂ ਸਾਨੂੰ ਸਰੀਰ ਦੀ ਜ਼ਰੂਰਤ ਲਈ ਜ਼ਰੂਰੀ ਖਣਿਜ ਪਦਾਰਥ ਪ੍ਰਾਪਤ ਹੁੰਦੇ ਹਨ।

**(7) ਸੁਰੱਖਿਅਤ ਅਤੇ ਸਿਹਤਮੰਦ ਪਾਣੀ ਵਿਚ ਕੀ ਅੰਤਰ ਹੈ?**

ਸੁਰੱਖਿਅਤ ਪਾਣੀ ਥੋੜ੍ਹੇ ਚਿਰ ਦੇ ਨੁਕਸਾਨ ਤੋਂ ਬਾਅਦ ਸੁਰੱਖਿਅਤ ਹੁੰਦਾ ਹੈ। ਜਿਵੇਂ-ਕਿਵੇਂ ਵੀ ਥੋੜ੍ਹੇ ਸਮੇਂ ਲਈ ਸੁਰੱਖਿਅਤ ਪਾਣੀ ਸਿਹਤਮੰਦ ਨਹੀਂ ਹੋਵੇਗਾ। ਫਾਸਟ ਫੂਡ ਖਾਣਾ ਭਾਵੇਂ ਤੁਸੀਂ ਸਿਹਤ ਲਈ ਸੁਰੱਖਿਅਤ ਸਮਝਦੇ ਹੋਵੋਗੇ ਭਾਵੇਂ ਇਸ ਨੂੰ ਅੰਤਰ ਰਾਸ਼ਟਰੀ ਸਿਹਤ ਵਿਗਿਆਨ ਦੇ ਸਤਰ ਅਨੁਸਾਰ ਚੀਜ਼ਾਂ ਵੇਚਣ ਦੀ ਮੰਡੀ ਵਿਚ ਉਤਾਰਿਆ ਗਿਆ ਹੋਵੇ, ਪ੍ਰੰਤੂ ਕੀ ਲੰਬੇ ਸਮੇਂ ਲਈ ਇਸ ਫਾਸਟ ਫੂਡ ਦੀ ਵਰਤੋਂ ਸਿਹਤਮੰਦ ਹੋਵੇਗੀ? ਪ੍ਰੰਤੂ ਇਹ ਇਸ ਤਰ੍ਹਾਂ ਸਿਹਤਮੰਦ ਨਹੀਂ ਹੈ? ਇਸੇ ਤਰ੍ਹਾਂ ਤੁਹਾਡਾ ਪੀਣ ਵਾਲਾ ਪਾਣੀ ਵੀ ਸੁਰੱਖਿਅਤ ਹੋਵੇ, ਪ੍ਰੰਤੂ ਕੀ ਇਹ ਸਿਹਤ ਲਈ ਗੁਣਕਾਰੀ ਹੈ?

ਸ਼ੁੱਧ ਤੇ ਸਾਫ ਪਾਣੀ ਕੁਦਰਤ ਵਿਚ ਸਿਰਫ ਨਵੀਂ ਧਾਰਨਾ ਅਨੁਸਾਰ ਬਰਖਾ ਦੀਆਂ ਬੂੰਦਾਂ ਹੀ ਹਨ। ਇਸ ’ਤੇ ਕੀਤੀ ਗਈ ਪੜਚੋਲ ਦੱਸਦੀ ਹੈ ਕਿ ਮੀਂਹ ਦੇ ਪਾਣੀ ਦੀਆਂ ਬੂੰਦਾਂ ਵਿਚ ਖਣਿਜ ਪਦਾਰਥ ਸਿਰਫ ਸਿਫ਼ਰ ਹੁੰਦੇ ਹਨ, ਭਾਵ ਕੋਈ ਖਣਿਜ ਪਦਾਰਥ ਨਹੀਂ ਹੁੰਦਾ। ਲੋਕ ਇਹ ਰਾਏ ਦਿੰਦੇ ਹਨ ਕਿ ਬਿਨਾਂ ਖਣਿਜ ਪਦਾਰਥਾਂ ਤੋਂ ਪਾਣੀ ਸਿਹਤ ਲਈ ਸੁਰੱਖਿਅਤ ਨਹੀਂ ਹੈ। ਉਹ ਇਹ ਨਹੀਂ ਜਾਣਦੇ ਕਿ ਉਹ ਇਸ ਬਾਰੇ ਕੀ ਗੱਲ ਕਰ ਰਹੇ ਹਨ? ਇਹ ਹਜ਼ਾਰਾਂ ਸਾਲਾਂ ਤੋਂ ਇਸੇ ਤਰ੍ਹਾਂ ਪੀਤਾ ਜਾ ਰਿਹਾ ਹੈ। ਸਿਰਫ ਉਹੀ ਲੋਕ ਜੋ ਪਾਣੀ ਦਾ ਪ੍ਰੋਡਕਟ ਵੇਚਦੇ ਹਨ, ਕਹਿੰਦੇ ਹਨ ਕਿ ਪਾਣੀ ਵਿਚਲੇ ਖਣਿਜ ਪਦਾਰਥ ਬਾਹਰ ਨਹੀਂ ਕੱਢੇ ਜਾ ਸਕਦੇ ਤੇ ਉਹ ਕਹਿੰਦੇ ਹਨ ਕਿ ਇਹਨਾਂ ਖਣਿਜ ਪਦਾਰਥਾਂ ਦੀ ਤੁਹਾਡੇ ਸਰੀਰ ਨੂੰ ਜ਼ਰੂਰਤ ਹੈ। ਜਾਂ ਸਿਰਫ ਉਹ ਲੋਕ ਇਹ ਚੰਗੀ ਤਰ੍ਹਾਂ ਜਾਣਦੇ ਹੀ ਨਹੀਂ ਜਾਂ ਫਿਰ ਉਹ ਲੋਕ ਜੋ ਇਹ ਖਣਿਜ-ਪਦਾਰਥ ਵਾਲਾ ਪਾਣੀ ਵੇਚਦੇ ਹਨ।

**(8) ਕੀ ਕੁਦਰਤੀ ਖਣਿਜ ਪਦਾਰਥਾਂ ਵਾਲਾ ਪਾਣੀ ਸਿਹਤਮੰਦ ਨਹੀਂ ਹੈ?**

ਇਕ ਸਦੀ ਪਹਿਲਾਂ ਲੋਕ ਇਹ ਜਾਣਦੇ ਹੀ ਨਹੀਂ ਸਨ ਕਿ ਵਿਸ਼ਾਣੂ (ਵਾਇਰਸਜ਼) ਤੇ ਜੀਵਾਣੂ (ਬੈਕਟੀਰੀਆ) ਨੂੰ ਕਿਸ ਤਰ੍ਹਾਂ ਮਾਰਿਆ ਜਾਂਦਾ ਹੈ। ਉਨ੍ਹਾਂ ਨੇ ਜ਼ਮੀਨ ਦੇ ਹੇਠਲੇ ਪਾਣੀ ਦਾ ਕੁਦਰਤੀ ਸੋਮਾ ਲੱਭਿਆ। ਧਰਤੀ ਵੀ ਇਕ ਫਿਲਟਰ ਦਾ ਕੰਮ ਕਰਦੀ ਹੈ ਜੋ ਵਿਸ਼ਾਣੂਆਂ ਤੇ ਜੀਵਾਣੂਆਂ ਨੂੰ ਪਾਣੀ ਵਿਚੋਂ ਸਾਫ ਕਰਦੀ ਹੈ। ਇਸੇ ਲਈ ਇਹ ਪਾਣੀ ਦੇ ਕੁਦਰਤੀ ਸੋਮੇ ਮਨੁੱਖ ਦੇ ਪਾਣੀ ਦੀ ਖਪਤ ਲਈ ਸੁਰੱਖਿਅਤ ਸੋਮੇ ਸਨ। ਜਦੋਂ ਫਰਾਂਸ ਵਿਚ ਪੈਰੀਅਰ ਨੇ ਪਾਣੀ ਬੋਤਲਾਂ ਰਾਹੀਂ ਸ਼ੁਰੂ ਕੀਤਾ ਤਾਂ ਲੋਕਾਂ ਨੇ ਕਿਹਾ, ’’ਮੈਨੂੰ ਇਸ ਦੀ ਕੋਈ ਚਿੰਤਾ ਨਹੀਂ ਹੈ ਕਿਉਂਕਿ ਮੇਰਾ ਇਹ ਪਾਣੀ ਸੁਰੱਖਿਅਤ ਹੈ।’’ ਪ੍ਰੰਤੂ ਇਸ ਦਾ ਭਾਵ ਇਹ ਨਹੀਂ ਕਿ ਇਹ ਜ਼ਰੂਰ ਹੀ ਲੰਮੇ ਸਮੇਂ ਲਈ ਸਿਹਤਮੰਦ ਹੋਵੇਗਾ।

**(9) ਕਈ ਲੋਕ ਇਹ ਕਹਿੰਦੇ ਹਨ ਕਿ ਖਾਰਾ ਜਾਂ ਕਾਸਟਿਕ ਸੋਡੇ ਵਾਲਾ ਪਾਣੀ ਸਿਹਤਮੰਦ ਹੈ। ਕੀ ਇਹ ਸੱਚ ਹੈ?**

ਜਿਸ ਪਾਣੀ ਵਿਚ ਹਾਈਡ੍ਰੋਜਨ ਹੋਵੇ ਉਹ ਤੇਜ਼ਾਬੀ ਹੁੰਦਾ ਹੈ। ਇਸ ਲਈ ਕੁਦਰਤੀ ਸਾਫ ਪਾਣੀ ਵੀ ਅਕਸਰ ਤੇਜ਼ਾਬੀ ਹੋਵੇਗਾ। ਕੁਝ ਕੰਪਨੀਆਂ ਖਾਰਾ ਪਾਣੀ ਤਿਆਰ ਕਰਨ ਲਈ ਮਸ਼ੀਨਾਂ ਵੇਚਦੀਆਂ ਹਨ ਤੇ ਇਹ ਝੂਠ ਫੈਲਾਉਂਦੀਆਂ ਹਨ ਕਿ ਤੇਜ਼ਾਬੀ ਪਾਣੀ ਸਿਹਤ ਲਈ ਠੀਕ ਨਹੀਂ ਹੈ (ਇਸ ਦਾ ਪੀ. ਐਚ. ਲੈਵਲ 7 ਤੋਂ ਘੱਟ ਹੈ), ਸਿਰਫ ਸਾਦਾ ਤੇ ਸਾਫ ਪਾਣੀ ਐਚ2ਓ ਹੈ। ਸ਼ੁੱਧ ਤੇ ਸਾਫ ਪਾਣੀ ਕਾਫੀ ਹੱਦ ਤੱਕ ਤੇਜ਼ਾਬੀ ਹੈ? ਇਹ ਇਕ ਸਾਫ ਮੂਰਖਤਾ ਹੈ।



ਪ੍ਰੋ.ਐਚ. ਐਲ. ਕਪੂਰ

**(10) ਇਸ ਲਈ ਪਾਣੀ ਦਾ ਪੀ.ਐਚ. (P.H) ਕੋਈ ਮਹ-ੱਤਤਾ ਨਹੀਂ ਰੱਖਦਾ?**

ਕੁਦਰਤੀ ਸ਼ੁੱਧ ਬਰਖਾ ਦੀਆਂ ਬੂੰਦਾਂ ਦਾ ਪੀ. ਐਚ. 6-7 ਹੈ। ਇਸ ਤਰ੍ਹਾਂ ਹੀ ਆਰ. ਓ. ਦਾ ਵੀ ਹੁੰਦਾ ਹੈ। ਉਹ ਲੋਕ ਜੋ ਇਹ ਆਰ. ਓ. (R.O.) ਖਰੀਦਣਾ ਚਾਹੁੰਦੇ ਹਨ, ਅਕਸਰ ਇਹ ਗੱਲ ਕਰਦੇ ਹਨ ਕਿ ਇਸ ਦਾ ਪੈਦਾ ਕੀਤਾ ਹੋਇਆ ਪਾਣੀ ਸਿਹਤਮੰਦ ਹੁੰਦਾ ਹੈ ਪਰ ਸਾਡਾ ਸਰੀਰ ਇਸ ਤਰ੍ਹਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਕਰਦਾ।

ਸੰਤਰੇ ਦੇ ਜੂਸ ਦਾ ਪੀ. ਐਚ. 4 ਹੁੰਦਾ ਹੈ। ਇਸ ਤਰ੍ਹਾਂ ਇਹ ਤਾਂ ਬਹੁਤ ਤੇਜ਼ਾਬੀ ਹੋਇਆ। ਲਗਭਗ ਸਾਰੇ ਜੂਸ ਤੇਜ਼ਾਬੀ ਹੁੰਦੇ ਹਨ। ਚਾਹ ਅਤੇ ਕੌਫੀ ਦਾ ਪੀ. ਐਚ. 5 ਤੋਂ ਘੱਟ ਹੁੰਦਾ ਹੈ ਪਰ ਲੋਕ ਇਹ ਕਦੇ ਨਹੀਂ ਕਹਿੰਦੇ ਕਿ ਚਾਹ ਅਤੇ ਕੌਫੀ ਅਸੀਂ ਤੇਜ਼ਾਬੀ ਹੋਣ ਕਰਕੇ ਅਸੀਂ ਨਹੀਂ ਪੀਣੀ। ਚੀਨ ਦੀ ਚਾਹ ਵਿਚ ਬਹੁਤ ਤੇਜ਼ਾਬੀ ਮਾਦਾ ਹੁੰਦਾ ਹੈ ਪਰ ਉਥੋਂ ਦੇ ਲੋਕ ਚਾਹ ਪੀਣ ਦੇ ਬਹੁਤ ਸ਼ੌਕੀਨ ਹਨ। ਸਾਰੇ ਮਿਹਦੇ ਦਾ ਗੈਸੀ ਤੇਜ਼ਾਬੀ ਮਾਦੇ ਦਾ ਪੀ. ਐਚ. ਲਗਭਗ 2 ਹੁੰਦਾ ਹੈ। ਇਸ ਤੋਂ ਜ਼ਿਆਦਾ ਤੇਜ਼ਾਬੀ ਮਾਦਾ ਹੋਰ ਕਿੰਨਾ ਕੁ ਹੋ ਸਕਦਾ ਹੈ? ਸ਼ੁੱਧ ਪਾਣੀ ਤੇਜ਼ਾਬੀ ਮਾਦੇ ਦੇ ਪ੍ਰਭਾਵ ਨੂੰ ਘਟਾਉਂਦਾ ਹੈ। ਇਹ ਮਿਹਦੇ ਵਿਚ ਜਾ ਕੇ ਖਾਰਾ ਤੇ ਤੇਜ਼ਾਬੀ ਨਹੀਂ ਰਹਿੰਦਾ। ਸ਼ੁੱਧ ਪਾਣੀ ਕੁਦਰਤੀ ਸਾਡੇ ਸਰੀਰ ਵਿਚ ਜਥੇ ਜਿਨ੍ਹਾਂ ਉਸ ਦਾ ਪੀ. ਐਚ. ਸਰੀਰ ਨੂੰ ਚਾਹੀਦਾ ਹੈ, ਦੀ ਜ਼ਰੂਰਤ ਮੁਤਾਬਕ ਆਪੇ ਉਸ ਦੇ ਅਨੁਕੂਲ ਹੋ ਜਾਂਦਾ ਹੈ। ਪੀਣ ਵਾਲੇ ਸ਼ੁੱਧ ਪਾਣੀ ਦੇ ਪੀ. ਐਚ. ਸਬੰਧੀ ਮਨੁੱਖੀ ਸਰੀਰਕ ਕਿਰਿਆ ਵਿਗਿਆਨ ਦਾ ਕੋਈ ਤੌਰ-ਤਰੀਕਾ ਨਹੀਂ ਹੈ।

**(11) ਜੇਕਰ ਪਾਣੀ ਦੇਖਣ ਨੂੰ ਸਾਫ ਲੱਗਦਾ ਹੈ ਤਾਂ ਸਾਨੂੰ ਮਹਿੰਗਾ ਬਾਇਓ ਪਿਓਰ ਸਿਸਟਮ (Bio Pure System) ਖਰੀਦਣ ਦੀ ਕੀ ਲੋੜ ਹੈ?**

ਦੂਰਬੀਨ ਦੀ ਮਦਦ ਨਾਲ, ਪਾਣੀ ਨੂੰ ਗੰਦਾ ਕਰਨ ਵਾਲੇ ਕਈ ਪਦਾਰਥਾਂ ਦਾ ਉਨ੍ਹਾਂ ਦੇ ਸਾਈਜ਼ ਮੁਤਾਬਕ ਵਰਗੀਕਰਨ ਕੀਤਾ ਗਿਆ ਹੈ। ਆਮ ਤੌਰ ’ਤੇ ਪਾਣੀ ਦੀ ਮਿਣਤੀ ’ਮਾਈਕਰੋਜ’ ਨਾਲ ਕੀਤੀ ਜਾਂਦੀ ਹੈ। ਜੇਕਰ ਇਕ ਮੀਟਰ ਲੰਬਾਈ ਨੂੰ ਬਰਾਬਰ 10 ਲੱਖ ਇਕਾਈਆਂ ਵਿਚ ਵੰਡ ਦਿੱਤਾ ਜਾਵੇ ਤਾਂ ਇਸ ਦੀ ਇਕ ਇਕਾਈ ਨੂੰ ਇਕ ਮਾਈਕਰੋਨ ਕਿਹਾ ਜਾਂਦਾ ਹੈ। ਅਸੀਂ 20 ਮਾਈਕਰੋਨ ਦੀ ਮੋਟਾਈ ਨੂੰ ਆਪਣੀ ਨੰਗੀ ਅੱਖ ਨਾਲ ਦੇਖ ਸਕਦੇ ਹਾਂ (ਇਕ ਵਾਲ ਦੀ ਮੋਟਾਈ 80 ਮਾਈਕ੍ਰੋਨ ਹੁੰਦੀ ਹੈ) ਕੋਈ ਵੀ ਛੋਟੀ ਇਕਾਈ ਅਦਿੱਸ ਹੁੰਦੀ ਹੈ। ਬਦਕਿਸਮਤੀ ਨਾਲ ਬੈਕਟੀਰੀਆ ਦੀ ਮੋਟਾਈ 0.2 ਤੋਂ। ਮਾਈਕਰੋਨ ਹੁੰਦੀ ਹੈ ਤੇ ਵਾਇਰਸ ਦੀ ਮੋਟਾਈ ਬੈਕਟੀਰੀਆ ਤੋਂ ਵੀ 10 ਗੁਣਾਂ ਘੱਟ ਹੁੰਦੀ ਹੈ। ਭਾਰੀਆਂ ਧਾਤਾਂ ਜਿਵੇਂ ਸੰਖੀਆ, ਸਿੱਕਾ, ਰਸਾਇਣ ਅਤੇ ਬੂਟੀਨਾਸ਼ਕ ਦਵਾਈਆਂ ਦੀ ਮੋਟਾਈ ਵਾਇਰਸ ਨਾਲੋਂ 10 ਤੋਂ 100 ਗੁਣਾਂ ਤੋਂ ਵੀ ਜ਼ਿਆਦਾ ਛੋਟੀ ਹੁੰਦੀ ਹੈ। ਇਹ ਤਾਂ ਸੱਚੀ-ਮੁੱਚੀ ਹੀ ਬਹੁਤ ਅਦਿੱਸ ਹਨ।

**(12) ਕੀ ਪਾਣੀ ਵਿਚ ਘੁਲੇ ਹੋਏ ਪਦਾਰਥ ਗੰਭੀਰ ਮਸਲਾ ਹੈ?**

ਮਨੁੱਖ ਨੇ ਹੀ ਪ੍ਰਦੂਸ਼ਣ ਫੈਲਾਇਆ ਹੈ। ਉਸਨੇ ਹੀ ਕੀੜੇਮਾਰ ਦਵਾਈਆਂ, ਬੂਟੀਨਾਸ਼ਕ ਦਵਾਈਆਂ, ਨਕਲੀ ਰਸ-ਾਇਣ, ਸਰੀਰ ਦੇ ਰਸ ਜੋ ਲਹੂ ਵਿਚ ਮਿਲ ਕੇ ਸਰੀਰਕ ਅੰਗਾਂ ਨੂੰ ਕਿਰਿਆਸ਼ੀਲ ਰੱਖਦੇ ਹਨ ਅਤੇ ਹੋਰ ਰਸਾਇਣਕ ਦਵਾਈਆਂ ਮਨੁੱਖ ਨੇ ਹੀ ਬਣਾਈਆਂ ਹਨ ਅਤੇ ਇਹ ਸਭ ਹਾਨੀਕਾਰਕ ਰਸਾਇਣ ਪਾਣੀ ਵਿਚ ਮਿਲੇ ਹੋਏ ਹਨ। ਅਜਿਹਾ ਪਾਣੀ ਪੀਣ ਨਾਲ ਅਸੀਂ ਆਪਣੀ ਸਿਹਤ ਨੂੰ ਲੰਬੇ ਸਮੇਂ ਤੱਕ ਤੰਦਰੁਸਤ ਨਹੀਂ ਰੱਖ ਸਕਦੇ। ਇਹ ਮਨੁੱਖੀ ਸਰੀਰਾਂ ਦੇ ਭਵਿੱਖ ਲਈ ਇਕ ਗੰਭੀਰ ਖਤਰਾ ਬਣਿਆ ਹੋਇਆ ਹੈ। ਪਾਣੀ ਵਿਚ ਅਜਿਹੇ ਖਤਰਨਾਕ ਮਿਲੇ ਹੋਏ ਰਸਾਇਣਾਂ ਨਾਲ ਮਨੁੱਖੀ ਜਾਨਾਂ ਤੇ ਸਿਹਤ ਜ਼ਿਆਦਾ ਦੇਰ ਤੱਕ ਸੁਰੱਖਿਅਤ ਨਹੀਂ ਰਹਿ ਸਕਦੀਆਂ। ਦੁਨਿਆਵੀ ਪੱਧਰ ’ਤੇ ਸੰਜੀਵੀ ਨਕਲੀ ਰਸਾਇਣਾਂ ਦੀ ਗਿਣਤੀ 34 ਮਿਲੀਅਨ ਦੇ ਕਰੀਬ ਹੈ ਤੇ ਹਰ ਰੋਜ਼ ਨਵੇਂ ਚਾਰ ਅਜਿਹੇ ਰਸਾਇਣਕ ਪਦਾਰਥਾਂ ਦਾ ਇਸ ਵਿਚ ਨਵਾਂ ਵਾਧਾ ਹੋ ਰਿਹਾ ਹੈ। ਇੱਥੋਂ ਤੱਕ ਕਿ ਕਲੋਰੀਨ ਜਿਹੜੀ ਪਾਣੀ ਵਿਚੋਂ ਬੈਕਟੀਰੀਆ ਮਾਰਨ ਦੇ ਕੰਮ ਆਉਂਦੀ ਹੈ। ਸੰਭਾਵੀ ਰੂਪ ਵਿਚ ਇਸ ਨਾਲ ਤਿਆਰ ਕੀਤੇ ਗਏ ਕੰਪਨੀਆਂ ਦੇ ਗੌਣ ਕਿਸਮ ਦੇ ਤਿਆਰ ਕੀਤੇ ਗਏ ਖਾਣਿਆਂ ਨਾਲ ਕੈਂਸਰ ਦੀ ਬਿਮਾਰੀ ਪੈਦਾ ਹੁੰਦੀ ਹੈ।

**(13) ਕੀ ਇਨ੍ਹਾਂ ਆਰ. ਓਜ਼. (R.O’s) ਨਾਲ ਤਿਆਰ ਹੋਇਆ ਪਾਣੀ ਸਾਰੇ ਤਰ੍ਹਾਂ ਦੇ ਘੁਲੇ ਹੋਏ ਰਸਾਇਣਕ ਪਦਾਰਥਾਂ ਤੋਂ ਮੁਕਤ ਹੈ?**

ਅਮਰੀਕਾ, ਕੈਨੇਡਾ, ਯੂਰਪ ਤੇ ਹੋਰ ਕਈ ਦੇਸ਼ਾਂ ਵਿਚ ਜਿੱਥੇ ਮਨੁੱਖਾਂ ਦੁਆਰਾ ਮਾਦਾ ਲਿੰਗ ਹਾਰਮੋਨਜ਼ ਗੋਲੀਆਂ ਅਤੇ ਦਵਾਈਆਂ ਜਿਵੇਂ ਪ੍ਰੋਜਕ ਆਦਿ ਦੀ ਵਰਤੋਂ ਕੀਤੀ ਜਾਂਦੀ

**(ਬਾਕੀ ਅਗਲੇ ਸਫੇ ‘ਤੇ)**

# ‘ਪਹਿਲਾਂ ਪਾਣੀ ਜੀਓ ਹੈ, ਜਿਤੁ ਹਰਿਆ ਸਭੁ ਕੋਇ’॥

(ਸਫਾ 19 ਦੀ ਬਾਕੀ)

ਹੈ। ਇਨ੍ਹਾਂ ਵਿਚੋਂ ਕੁਝ ਹਾਰਮੋਨਜ਼ ਅਤੇ ਰਸਾਇਣ ਪਦਾਰਥ ਸਾਫ ਕੀਤੇ ਗਏ ਪਾਣੀ ਵਿਚ ਮੌਜੂਦ ਰਹਿੰਦੇ ਹਨ, ਜਿੱਥੇ ਮੁੜ ਉਹੀ ਗੰਦਾ ਪਾਣੀ ਜਿਸ ਵਿਚ ਪਿਸ਼ਾਬ ਅਤੇ ਮੱਲ ਆਦਿ ਤੇ ਹੋਰ ਗੰਦਗੀ ਮੌਜੂਦ ਹੁੰਦੀ ਹੈ, ਨੂੰ ਪਾਣੀ ਸਾਫ ਕਰਨ ਵਾਲੇ ਪਲਾਂਟਾਂ ਰਾਹੀਂ ਸਾਫ ਕੀਤਾ ਜਾਂਦਾ ਹੈ ਤੇ ਸ਼ੁੱਧ ਪਾਣੀ ਪੀਣ ਦੇ ਯੋਗ ਬਣਾਇਆ ਜਾਂਦਾ ਹੈ ਪਰ ਅਜਿਹੇ ਗੰਦੇ ਪਾਣੀ ਵਿਚੋਂ ਇਹ ਪਲਾਂਟ ਵੀ ਉਕਤ ਦੱਸੇ ਗਏ ਰਸਾਇਣਕ ਪਦਾਰਥਾਂ ਨੂੰ ਪੂਰੀ ਤਰ੍ਹਾਂ ਸਾਫ ਕਰਨ ਤੋਂ ਅਸਮਰਥ ਹੁੰਦੇ ਹਨ। ਇਹ ਰਸਾਇਣਕ ਪਦਾਰਥ ਪਾਣੀ ਵਿਚ ਪਿਸ਼ਾਬ ਦੁਆਰਾ ਰਲਦੇ ਹਨ ਕਿਉਂਕਿ ਮਨੁੱਖ ਉਕਤ ਦਵਾਈਆਂ ਤੇ ਗੋਲੀਆਂ ਆਦਿ ਦੀ ਵਰਤੋਂ ਕਰਦਾ ਹੈ। ਸਿੱਕਾ ਜਿਸ ਤੋਂ ਪਾਈਪਾਂ ਨੂੰ ਜੋੜਨ ਵਾਲੇ ਜੁਆਇੰਟ ਬਣਦੇ ਹਨ, ਨਾਲ ਜਾਂ ਪਾਈਪਾਂ ਨੂੰ ਟਾਂਕਾ ਲਾਉਣ ਵਾਲੇ ਮਸਾਲੇ ਨਾਲ ਬਣਦੇ ਸੰਖੀਆ ਤੇ ਹੋਰ ਨੁਕਸਾਨਦਾਇਕ ਰਸਾਇਣ ਸਾਰੇ ਸੰਸਾਰ ਦੇ ਪਾਣੀਆਂ ਵਿਚ ਪਾਏ ਗਏ ਹਨ।

**(14) ਉਹ ਕਿਹੜਾ ਤਰੀਕਾ ਹੈ ਜਿਸ ਨਾਲ ਘੁਲੇ ਹੋਏ ਹਾਨੀਕਾਰਕ ਰਸਾਇਣਾਂ ਤੋਂ ਮੁਕਤੀ ਪਾਈ ਜਾ ਸਕਦੀ ਹੈ?**

ਸਧਾਰਨ ਫਿਲਟਰ ਪਾਣੀ ਵਿਚ ਘੁਲੀ ਹੋਈ ਰੇਤਾ, ਗੰਦਗੀ ਜਾਂ ਧੂੜ ਨੂੰ ਭੋਰਾ ਕੁ ਹੀ ਮਾਤਰਾ ਵਿਚ ਸਾਫ ਕਰਦਾ ਹੈ। ਸਾਇੰਸ ਆਰ. ਓ. ਸਿਸਟਮ ਦੇ ਬਣੇ ਹੋਏ ਫਿਲਟਰਾਂ ਨੂੰ ਪਾਣੀ ਸਾਫ ਕਰਨ ਲਈ, ਵਰਤਣ ਲਈ ਹੀ ਹਾਮੀ ਭਰਦਾ ਹੈ। ਸਾਰੇ ਸੰਸਾਰ ਵਿਚ ਇਕ ਇਹੀ ਆਰ. ਓ. ਸਿਸਟਮ ਦੀ ਵਿਧੀ ਹੀ ਪਾਣੀ ਵਿਚ ਘੁਲੇ ਹੋਏ ਹਾਨੀਕਾਰਕ ਰਸਾਇਣਾਂ ਨੂੰ ਬਾਹਰ ਕੱਢਣ ਲਈ ਇਕ ਸਰਵ-ਪ੍ਰਵਾਨਿਤ ਵਿਧੀ ਹੈ। ਇਸ ਵਿਧੀ ਨੂੰ ਵਿਗਿਆਨਕ ਤਰੀਕੇ ਨਾਲ ਪਰਖਿਆ ਤੇ ਅਜ਼ਮਾਇਆ ਗਿਆ ਹੈ। ਪਾਣੀ ਦੀ ਸ਼ੁੱਧਤਾ ਠੀਕ ਪਾਈ ਗਈ ਹੈ। ਸਾਰੇ ਸੰਸਾਰ ਵਿਚ ਪਾਣੀ ਦੀਆਂ ਵੱਡੀਆਂ ਤੇ ਛੋਟੀਆਂ ਬੋਤਲਾਂ ਭਰਨ ਵਾਲੀਆਂ ਕੰਪਨੀਆਂ, ਫਾਸਟ ਫੂਡ ਤਿਆਰ ਕਰਨ ਵਾਲੀਆਂ ਕੰਪਨੀਆਂ ਦੀ ਲੜੀ ਅਤੇ ਸਾਫਟ ਡਰਿੰਕਸ ਬਣਾਉਣ ਵਾਲੀਆਂ ਕੰਪਨੀਆਂ ਆਦਿ ਸਭ ਇਹੀ ਆਰ. ਓ. ਸਿਸਟਮ ਦੇ ਲੱਗੇ ਫਿਲਟਰਾਂ ਨਾਲ ਪਾਣੀ ਸਾਫ ਕਰਕੇ ਇਹੀ ਪਾਣੀ ਆਪਣੇ ਉਤਪਾਦਾਂ ਲਈ ਵਰਤਦੀਆਂ ਹਨ।

ਪਿੱਛੇ ਜਿਹੇ ਆਏ ਸੁਨਾਮੀ ਨਾਲ ਹੋਏ ਪਾਣੀ ਦੇ ਨੁਕਸਾਨ ਨੂੰ ਆਰ. ਓ. ਸਿਸਟਮ ਦੇ ਫਿਲਟਰਾਂ ਨਾਲ ਜਿਨ੍ਹਾਂ ਇਲਾਕਿਆਂ ਵਿਚ ਪਾਣੀ ਦਾ ਨੁਕਸਾਨ ਹੋਇਆ ਹੈ, ਸਾਫ ਕਰਨਾ ਆਰੰਭ ਕੀਤਾ ਗਿਆ ਹੈ। ਸੁਨਾਮੀ ਦੇ ਆਉਣ ਨਾਲ ਪੀਣ ਵਾਲੇ ਪਾਣੀ ਵਿਚ ਕਈ ਤਰ੍ਹਾਂ ਦੇ ਹਾਨੀਕਾਰਕ ਰਸਾਇਣਕ ਪਦਾਰਥ, ਸਮੁੰਦਰ ਦਾ ਪਾਣੀ, ਸੜਨ ਤੇ ਇਤਨਾ ਹਾਨੀਕਾਰਕ ਗੰਦ ਜਿਸ ਦੀ ਮਨੁੱਖ ਕਦੇ ਕਲਪਨਾ ਵੀ ਨਹੀਂ ਕਰ ਸਕਦਾ ਸੀ, ਮਿਲ ਗਿਆ ਹੈ। ਦੁਨੀਆਂ ਦਾ ਸਮੁੰਦਰ ਦਾ ਪਾਣੀ ਸਾਫ ਕਰਨ ਦਾ ਸਭ ਤੋਂ ਵੱਡਾ ਕਾਰਖਾਨਾ ਸਿੰਘਾਪੁਰ ਵਿਚ ਹੈ ਜੋ ਉਪਰ ਦੱਸੀ ਆਰ. ਓ. ਸਿਸਟਮ ਦੀ ਪਾਣੀ ਸਾਫ ਕਰਨ ਦੀ ਬਾਇਓ-ਪਿਓਰ ਵਿਧੀ ਅਪਣਾ ਕੇ ਸਮੁੰਦਰ ਦਾ ਪਾਣੀ ਸਾਫ ਕਰਕੇ ਲੋਕਾਂ ਲਈ ਤਾਜ਼ਾ ਪਾਣੀ ਪੀਣ ਦੇ ਯੋਗ ਬਣਾਉਣਾ ਹੈ।

**(15) ਆਰ. ਓ. ਸਿਸਟਮ ਕਿੰਨਾ ਮਸ਼ਹੂਰ ਹੈ?**

ਸਾਰੀ ਦੁਨੀਆਂ ਵਿਚ ਵੱਡੀਆਂ-ਵੱਡੀਆਂ ਕੰਪਨੀਆਂ ਪਾਣੀ ਨੂੰ ਸਾਫ ਕਰਨ ਦੀ ਤਕਨੀਕ ਆਰ. ਓ. ਸਿਸਟਮ ਵਾਲੀ ਹੀ ਵਰਤਦੀਆਂ ਹਨ। ਯੂਰਪ ਵਿਚ ਇਸ ਵਿਧੀ ਨਾਲ ਹੀ ਬੋਤਲਾਂ ਦਾ ਪਾਣੀ ਭਰ ਕੇ ਲੋਕਾਂ ਨੂੰ ਸਪਲਾਈ ਕੀਤਾ ਜਾਂਦਾ ਹੈ। ਦੁਨੀਆਂ ਦੀ ਕੋਈ ਵੀ ਕੰਪਨੀ ਜਾਂ ਨਿਗਮ ਖਾਰੇ ਪਾਣੀ ਦੀ ਵਿਧੀ ਨੂੰ ਵਰਤੋਂ ਵਿਚ ਨਹੀਂ ਲਿਆਉਂਦਾ ਕਿਉਂਕਿ ਇਸ ਵਿਧੀ ਨਾਲ ਪਾਣੀ ਵਿਚਲੇ ਹਾਨੀਕਾਰਕ ਰਸਾਇਣਕ ਪਦਾਰਥ ਜਿਵੇਂ ਕਿ ਕੀਟਾਣੂਆਂ ਤੋਂ ਉਤਪੰਨ ਵਿਸ਼ ਜਾਂ ਜ਼ਹਿਰ ਜਾਂ ਇਸ ਨੂੰ ਜੀਵ ਵਿਸ਼ ਵੀ ਆਖਿਆ ਜਾ ਸਕਦਾ ਹੈ, ਨੂੰ ਪਾਣੀ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਇਹੋ ਜਿਹੀਆਂ ਸਾਰੀਆਂ ਤਕਨੀਕਾਂ ਇਕ ਢਕਵੰਜ ਹਨ ਤੇ ਅਣਵਿਗਿਆਨਕ ਵੀ, ਸਾਨੂੰ ਕਿਸੇ ਪ੍ਰਕਾਰ ਦੀ ਕੋਈ ਖੁਸ਼ੀ ਜਾਂ ਆਨੰਦ ਨਹੀਂ ਦੇ ਸਕਦੀਆਂ। ਇਸ ਲਈ ਪਾਣੀ ਸਾਫ ਕਰਨ ਦੀ ਇਹ ਵਿਧੀ ਕਿਤੇ ਵੀ ਨਹੀਂ ਵਰਤੀ ਜਾਂਦੀ।

**(16) ਆਰ. ਓ. ਕਿਵੇਂ ਕੰਮ ਕਰਦਾ ਹੈ?**

ਸਧਾਰਨ ਵਿਧੀ ਨਾਲ ਕਾਰਬਨ ਤੇ ਹੋਰ ਹਾਨੀਕਾਰਕ ਰਸਾਇਣਕ ਪਦਾਰਥ ਕੁਝ ਮਾਤਰਾ ਤੱਕ ਹੀ ਸਾਫ ਕੀਤੇ ਜਾ ਸਕਦੇ ਹਨ। ਆਰ. ਓ. ਸਿਸਟਮ ਨਾਲ ਪਾਣੀ ਵਿਚ ਘੁਲੇ ਹਾਨੀਕਾਰਕ ਰਸਾਇਣਕ ਪਦਾਰਥ 99.99 ਫੀਸਦੀ ਤੱਕ ਸਾਫ ਕੀਤੇ ਜਾ ਸਕਦੇ ਹਨ, ਭਾਵੇਂ ਉਹ ਘੁਲੇ ਹੋਏ ਪਦਾਰਥ 0.0001 ਮਾਈਕ੍ਰੋਨ ਦੀ ਇਕਾਈ ਜਿੰਨੇ ਬਰੀਕ ਕਿਉਂ ਨਾ ਹੋਣ। ਇਸ ਆਰ. ਓ. ਸਿਸਟਮ ਦੇ ਫਿਲਟਰ ਪਾਣੀ ਵਿਚੋਂ ਬੈਕਟੀਰੀਆ, ਵਾਇਰਸ, ਧਾਤਾਂ, ਖਣਿਜ ਪਦਾਰਥ ਤੇ ਰਸਾਇਣਕ ਪਦਾਰਥ ਆਦਿ ਨੂੰ ਚੰਗੀ ਤਰ੍ਹਾਂ ਸਾਫ ਕਰ ਦਿੰਦਾ ਹੈ। ਇਸ ਤਰ੍ਹਾਂ ਇਹ ਵਿਧੀ ਸਾਨੂੰ ਸਾਫ ਤੇ ਸ਼ੁੱਧ ਪਾਣੀ ਉਪਲਬਧ ਕਰਾਉਂਦੀ ਹੈ।

**(17) ਕੀ ਸਾਰੇ ਆਰ. ਓ. ਸਿਸਟਮ ਵਿਚ ਵਰਤੇ ਜਾਂਦੇ ਫਿਲਟਰ ਚੰਗੇ ਹਨ?**

ਇਹ ਗਲਤ ਹੈ ਕਿਉਂਕਿ ਇਹ ਆਰ. ਓ. ਦੀ ਕੀਮਤ ’ਤੇ ਨਿਰਭਰ ਕਰਦਾ ਹੈ ਕਿਉਂਕਿ ਮਹਿੰਗੇ ਅਤੇ ਵਧੀਆ ਫਿਲਟਰ ਹੀ ਵਧੀਆ ਨਤੀਜਾ ਦੇ ਸਕਦੇ ਹਨ ਕਿਉਂਕਿ ਸਾਰੇ ਫਿਲਟਰ ਉਪਰੋਂ ਢਕੇ ਹੋਏ ਹੁੰਦੇ ਹਨ ਤੇ ਵਿੱਚੋਂ ਸਾਡੀ ਨਜ਼ਰ ਇਨ੍ਹਾਂ ’ਤੇ ਨਹੀਂ ਪੈਂਦੀ।ਤੁਸੀਂ ਇਨ੍ਹਾਂ ਦੇ ਕੰਮ ਕਰਨ ਦੇ ਹੁਨਰ ਬਾਰੇ ਨਹੀਂ ਦੇਖ ਸਕਦੇ। ਇਸ ਨੂੰ ਸਪਲਾਈ ਕਰਨ ਵਾਲੇ ਇਸ ਵਿਚ ਕਿਸ ਸਟੈਂਡਰਡ ਦੇ ਪੁਰਜ਼ੇ ਫਿੱਟ ਕਰਦੇ ਹਨ, ਜਿਨ੍ਹਾਂ ਕੋਲ ਅੰਤਰ ਰਾਸ਼ਟਰੀ ਪੱਧਰ ਦਾ, ਕਿਸੇ ਸੰਸਥਾ ਦਾ ਜੋ ਪਾਣੀ ਦੀ ਗੁਣਵੱਤਾ ਸਥਾਪਤ ਕਰਦੀ ਹੈ, ਦਾ ਸਰਟੀਫਿਕੇਟ ਨਹੀਂ ਹੁੰਦਾ। ਇਸ ਵਿਚ ਹਲਕੀ ਕਿਸਮ ਦੇ ਆਰ. ਓ. ਸਿਸਟਮ ਦੇ ਫਿਲਟਰ ਪਾ ਦਿੰਦੇ ਹਨ। ਅਜਿਹੇ ਹਲਕੀ ਕਿਸਮ ਦੇ ਫਿਲਟਰ ਪਾਣੀ ਵਿਚੋਂ ਪੂਰੀ ਤਰ੍ਹਾਂ ਮਲੀਨਤਾ ਸਾਫ ਨਹੀਂ ਕਰਦੇ।

**(18) ਆਰ. ਓ. ਲਈ ਕਿਸ ਸੰਸਥਾ ਦਾ ਸਰਟੀਫਿਕੇਟ ਵਧੀਆ ਹੈ?**

ਦੁਨੀਆਂ ਦੀ ਸਭ ਤੋਂ ਚੰਗੀ ਪਾਣੀ ਦੀ ਗੁਣਵੱਤਾ ਪਰਖਣ ਵਾਲੀ ਯੂ. ਐਸ. ਏ. ਦੀ ਸੰਸਥਾ ਡਬਲਿਊ. ਕਿਊ. ਏ. (WQA) (Water Quality Association) ਹੈ। ਜੋ ਪਾਣੀ ਦੇ ਵਧੀਆਪਣ ਦਾ ਸਰਟੀਫਿਕੇਟ ਦਿੰਦੀ ਹੈ। ਇਹ ਅੰਤਰ ਰਾਸ਼ਟਰੀ ਸੰਸਥਾ ਬਿਨਾਂ ਕੋਈ ਲਾਭ ਕਮਾਇਆਂ ਕੰਮ ਕਰਦੀ ਹੈ।ਇਹ ਦੁਨੀਆਂ ਦੀਆਂ ਪਾਣੀ ’ਤੇ ਕੰਮ ਕਰਨ ਵਾਲੀਆਂ ਸਾਰੀਆਂ ਵੱਡੀਆਂ ਤੇ ਛੋਟੀਆਂ ਕੰਪਨੀਆਂ ਤੇ ਸੰਸਥਾਵਾਂ ਦੀ ਨੁਮਾਇੰਦਗੀ ਕਰਦੀ ਹੈ। ਡਬਲਿਊ. ਕਿਊ. ਏ. ਪਾਣੀ ’ਤੇ ਕੰਮ ਕਰਨ ਵਾਲੀ ਸੰਸਥਾ ਦਾ ਇਕ-ਇਕ ਵੇਰਵਾ ਬੜੀ ਤਫ਼ਸੀਲ ਵਿਚ ਚੈੱਕ ਕਰਦੀ ਹੈ। ਪਾਣੀ ਸਬੰਧੀ ਉਸ ਸੰਸਥਾ ਦੀ ਗੁਣਵੱਤਾ ਦਾ ਰਿਕਾਰਡ ਦੇਖਦੀ ਹੈ। ਉਸ ਸੰਸਥਾ ਨੇ ਕਿਸ ਸਟੈਂਡਰਡ ਦਾ ਮਾਲ ਖਰੀਦਿਆ ਹੈ। ਉਹ ਖਾਸ ਤੌਰ ’ਤੇ ਉਸ ਸੰਸਥਾ ਵੱਲੋਂ ਬਾਇਓ-ਪਿਓਰ ਵਿਚ ਲਗਾਏ ਜਾਣ ਵਾਲੇ ਫਿਲਟਰਾਂ ਦੇ ਸਟੈਂਡਰਡ ਨੂੰ ਚੈੱਕ ਕਰਦੀ ਹੈ। ਇਕ ਸਧਾਰਨ ਵਿਅਕਤੀ, ਸਧਾਰਨ ਤੇ ਵਧੀਆ ਫਿਲਟਰ ਦਾ ਫਰਕ ਨਹੀਂ ਜਾਣ ਸਕਦਾ। ਦੁਨੀਆਂ ਭਰ ਦੇ ਪਾਣੀ ’ਤੇ ਕੰਮ ਕਰਨ ਵਾਲੇ ਸਲਾਹਕਾਰ (ਵਿਗਿਆਨੀ) ਇਸ ਸੰਸਥਾ ਦੇ ਪਾਣੀ ਦੀ ਵਧੀਆ ਗੁਣਵੱਤਾ ਲਈ ਦਿੱਤੇ ਗਏ ਆਰ. ਓ. ਪ੍ਰਤੀ ਸਰਟੀਫਿਕੇਟ ਨੂੰ ਵਧੀਆ ਮੰਨਦੇ ਹਨ। ਇਹ ਸੰਸਥਾ ਪਾਣੀ ਦੀ ਵਧੀਆ ਗੁਣਵੱਤਾ ਕਰਕੇ ਆਰ. ਓ. ਬਣਾਉਣ ਵਾਲੀਆਂ ਕੰਪਨੀਆਂ ਨੂੰ ਉਨ੍ਹਾਂ ਦੇ ਤਿਆਰ ਕੀਤੇ ਪਾਣੀ ਗੁਣਵੱਤਾ ਪਰਖ ਕੇ S-300 ਗੋਲਡ ਸੀਲ ਨਾਲ ਨਿਵਾਜਦੀ ਹੈ।

**(19) ਕੀ ਕੋਈ ਹੋਰ ਅੰਤਰ ਰਾਸ਼ਟਰੀ ਸੰਸਥਾ ਵੀ ਪਾਣੀ ਦੀ ਗੁਣਵੱਤਾ ’ਤੇ ਸਰਟੀਫਿਕੇਟ ਦਿੰਦੀ ਹੈ?**

ਜੀ ਹਾਂ, ਅੰਤਰ ਰਾਸ਼ਟਰੀ ਸੰਸਥਾ ਐਨ. ਐਸ. ਐਫ NSF (National Sanitation Foundation, USA) ਵੀ ਪਾਣੀ ਦੀ ਗੁਣਵੱਤਾ ਲਈ ਕਿਸੇ ਪਾਣੀ ਤਿਆਰ ਕਰਨ ਵਾਲੀ ਕੰਪਨੀ ਦੇ ਸਾਰੇ ਟੈਸਟ ਕਰਦੀ ਹੈ ਤੇ ਉਸ ਨੂੰ ਉਸਦੀ ਗੁਣਵੱਤਾ ਅਨੁਸਾਰ ਸਰਟੀਫਿਕੇਟ ਦਿੰਦੀ ਹੈ। ਇਹ ਸੰਸਥਾ ਵੀ ਬਿਨਾਂ ਕੋਈ ਲਾਭ ਕਮਾਏ ਅੰਤਰ ਰਾਸ਼ਟਰੀ ਪੱਧਰ ’ਤੇ ਕੰਮ ਕਰਦੀ ਹੈ। ਇਹ ਖਾਸ ਤੌਰ ’ਤੇ ਲੋਕਾਂ ਦੀ ਵਧੀਆ ਸਿਹਤ ਬਾਰੇ ਤੇ ਪੀਣ ਲਈ ਸਾਫ-ਸੁਥਰਾ ਪਾਣੀ ਉਪਲਬਧ ਹੋਵੇ ’ਤੇ ਕੰਮ ਕਰਦੀ ਹੈ। ਇਹ ਰੈਸਟੋਰੈਂਟਾਂ ਵਿਚ ਵਰਤੇ ਜਾਣ ਵਾਲੇ ਸਾਜ਼ੋ-ਸਮਾਨ ਦੀ ਪਰਖ ਵੀ ਕਰਦੀ ਹੈ। ਪੀਣ ਵਾਲੇ ਪਾਣੀ ਦੀਆਂ ਬੋਤਲਾਂ ਭਰਨ ਵਾਲੇ ਪਲਾਂਟਾਂ ਦੀ ਪਰਖ ਕਰਦੀ ਹੈ, ਖੁਰਾਕ ਪੈਦਾ ਕਰਨ ਵਾਲੀਆਂ ਕੰਪਨੀਆਂ ਦੇ ਸਾਜ਼ੋ ਸਮਾਨ ਦੀ ਪਰਖ ਕਰਦੀ ਹੈ।ਪੀਣ ਵਾਲੇ ਪਾਣੀ ਦੀਆਂ ਬੋਤਲਾਂ ਭਰਨ ਵਾਲੇ ਪਲਾਂਟਾਂ ਦੀ ਪਰਖ ਕਰਦੀ ਹੈ, ਖੁਰਾਕ ਪੈਦਾ ਕਰਨ ਵਾਲੀਆਂ ਕੰਪਨੀਆਂ ਦੇ ਸਾਜ਼ੋ-ਸਮਾਨ ਦੀ ਪਰਖ ਕਰਦੀ ਹੈ। ਪੰਜ ਤਾਰਾ ਹੋਟਲਾਂ ਵਿਚ ਪਰੋਸੀ ਜਾਣ ਵਾਲੀ ਖੁਰਾਕ ਤੇ ਸਾਜ਼ੋ-ਸਮਾਨ ਦੀ ਪਰਖ ਕਰਦੀ ਹੈ ਤੇ ਇਸ ਨਾਲ ਹੋਰ ਵੀ ਸਾਰੇ ਸਬੰਧਤ ਚੀਜ਼ਾਂ ਦੀ ਵੀ ਪਰਖ ਕਰਦੀ ਹੈ। ਇਨ੍ਹਾਂ ਕੋਲ ਆਪਣਾ ਪੀਣ ਦੇ ਪਾਣੀ ਦਾ ਇਕ ਡਵੀਜ਼ਨ ਹੈ। ਇਹ ਪਾਣੀ ਨੂੰ ਟੈਸਟ ਕਰਨ ਲਈ ਸਮ-ਰਪਿਤ ਹੈ ਅਤੇ ਪਾਣੀ ’ਤੇ ਉਤਪਾਦਾਂ ਨੂੰ ਪ੍ਰਮਾਣਿਕਤਾ ਸਰਟੀ-ਫਿਕੇਟ ਦਿੰਦੀ ਹੈ।

**(20) ਐਨ. ਐਸ. ਐਫ. ਸੰਸਥਾ ਤੋਂ ਮਾਨਤਾ ਪ੍ਰਾਪਤ ਕਰਨੀ ਕਿੰਨੀ ਔਖੀ ਹੈ?**

ਐਨ. ਐਸ. ਐਫ. ਸੰਸਥਾ ਬਾਇਓ-ਪਿਓਰ ਦੇ ਟੈਸਟ ਸੰਨ ਫਰਵਰੀ, 2005 ਤੋਂ ਕਰਦੀ ਆ ਰਹੀ ਹੈ। ਇਨ੍ਹਾਂ ਟੈਸਟਾਂ ਨਾਲ ਲੋਕਾਂ ਵਿਚੋਂ ਪਾਣੀ ਪ੍ਰਤੀ ਬੇ-ਭਰੋਸਗੀ ਸਮਾਪਤ ਕਰਨੀ, ਇਸ ਸਬੰਧੀ ਬਣੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ, ਆਗਿਆ ਦਾ ਪਾਲਣ ਕਰਨਾ ਤੇ ਸੰਸਾਰ ਵਿਚ ਉੱਚ ਗੁਣਵੱਤਾ ਨੂੰ ਬਣਾਈ ਰੱਖਣਾ, ਇਸ ਸੰਸਥਾ ਦਾ ਮੁੱਖ ਕੰਮ ਹੈ। ਇਹ ਸੰਸਥਾ ਇਕ-ਇਕ ਕਲਪੁਰਜ਼ੇ ਦੀ ਪਰਖ ਕਰਦੀ ਹੈ ਤੇ ਇਸ ਵਿਚ ਜ਼ਹਿਰ ਪੈਦਾ ਕਰਨ ਵਾਲੇ ਪਦਾਰਥਾਂ ਦੀ ਵੀ ਵਿਗਿਆਨਕ ਜਾਂਚ ਕਰਦੀ ਹੈ ਤੇ ਇਸ ’ਤੇ ਆਪਣੀ ਰਾਏ ਵੀ ਦਿੰਦੀ ਹੈ। ਇਸ ਦੀ ਕੀਮਤ, ਸਮਾਂ, ਤਾਕਤ ਤੇ ਪੇਪਰ ਵਰਕ ਬੜੇ ਭਿਆਨਕ ਤੇ ਡਰਾਉਣੇ ਹੁੰਦੇ ਹਨ। ਬਹੁਤੀਆਂ ਕੰਪਨੀਆਂ ਨੂੰ ਆਪਣੇ ਕੀਤੇ ਹੋਏ ਕੰਮ ਤੇ ਬਣਾਏ ਗਏ ਉਤਪਾਦਾਂ ’ਤੇ ਭਰੋਸਾ ਨਹੀਂ ਹੁੰਦਾ। ਉਹ ਐਨ. ਐਸ. ਐਫ. ਸੰਸਥਾ ਤੋਂ ਪ੍ਰਵਾਨਿਕਤਾ ਸਰਟੀਫਿਕੇਟ ਲੈਣ ਬਾਰੇ ਸੋਚ ਵੀ ਨਹੀਂ ਸਕਦੀਆਂ ਕਿਉਂਕਿ ਇਨ੍ਹਾਂ ਦੇ ਟੈਸਟਾਂ ਵਿਚੋਂ ਲੰਘਣਾ ਤੇ ਪਾਸ ਹੋਣਾ ਬੜਾ ਮੁਸ਼ਕਿਲ ਹੈ ਕਿਉਂਕਿ ਇਨ੍ਹਾਂ ਦੇ ਟੈਸਟ ਬੜੇ ਔਖੇ ਹਨ। ਇਨ੍ਹਾਂ ਟੈਸਟਾਂ ਨੂੰ ਪਾਸ ਕਰਾਉਣ ਲਈ ਬੜਾ ਸਮਾਂ ਲੱਗਦਾ ਹੈ।

**(21) ਕੀ ਕੰਪਨੀਆਂ ਲਈ ਅਜਿਹੇ ਟੈਸਟਾਂ ’ਚੋਂ ਲੰਘਣਾ ਜ਼ਰੂਰੀ ਹੈ?**

ਕਈ ਵੱਡੀਆਂ ਕੰਪਨੀਆਂ ਇਨ੍ਹਾਂ ਟੈਸਟਾਂ ’ਚੋਂ ਲੰਘਣ ਲਈ ਲੱਖਾਂ ਡਾਲਰ ਖਰਚ ਕਰਦੀਆਂ ਹਨ। ਉਹ ਇਹ ਪੈਸਾ ਕੋਈ ਸ਼ੁਗਲ ਦਾ ਪਾਲਣ ਕਰਕੇ ਨਹੀਂ ਹੈ। ਇਸ ਨੂੰ ਦੁਬਾਰਾ-ਦੁਬਾਰਾ ਇਸ ਲਈ ਕਰਵਾਉਂਦੀਆਂ ਹਨ ਤਾਂ ਜੋ ਉਨ੍ਹਾਂ ਦੇ ਉਤਪਾਦਾਂ ਦਾ ਸਟੈਂਡਰਡ ਬਣਿਆ ਰਹੇ ਤੇ ਇਸ ਵਿਚ ਭਰੋਸਗਤਾ ਬਣੀ ਰਹੇ। ਉਹ ਆਪਣੇ ਗਾਹਕਾਂ ਤੋਂ ਇਹ ਬੜੀ ਆਜ਼ਾਦੀ ਨਾਲ ਬਿਨਾਂ ਕਿਸੇ ਝਿਜਕ ਦੇ, ਇਸ ਦੀ ਉੱਤਮਤਾ ਦਾ ਸਬੂਤ ਸਾਡੇ ਕੋਲੋਂ ਮੰਗਣ ਤੇ ਅਸੀਂ ਆਪਣੇ ਬਾਇਓ-ਪਿਓਰ ਨੂੰ ਉਕਤ ਸਬੂਤਾਂ ਨਾਲ ਵਧੀਆ ਸਾਬਤ ਕਰ ਸਕੀਏ। ਇਸ ਲਈ ਪਾਣੀ ਦੀ ਸਰਵ-ਉਚਮਤਾ ਬਣਾਈ ਰੱਖਣ ਲਈ ਵੱਡੀਆਂ ਕੰਪਨੀਆਂ, ਇਨ੍ਹਾਂ ਟੈਸਟਾਂ ਵਿਚੋਂ ਗੁਜ਼ਰਦੀਆਂ ਹਨ। ਕੀ ਭਵਿੱਖ ਵਿਚ ਪਾਣੀ ਦੀ ਸਾਫ ਕਰਨ ਦੀ ਤਕਨਾਲੌਜੀ ਬਦਲ ਜਾਏਗੀ? ਹਾਂ, ਖੋਜ ਤੇ ਵਿਕਾਸ ਇਸ ਪ੍ਰਗਤੀ ਭਵਿੱਖ ’ਚ ਜਾਰੀ ਰਹੇਗਾ।

ਭਾਵੇਂ ਸੰਯੁਕਤ ਰਾਸ਼ਟਰ ਅਸੈਂਬਲੀ ਨੇ 22 ਦਸੰਬਰ 1992 ਨੂੰ ਸੰਸਾਰ ਪੱਧਰ ’ਤੇ ਲੋਕਾਈ ਨੂੰ ਸਾਫ-ਸੁਥਰਾ ਤੇ ਸ਼ੁੱਧ ਪਾਣੀ ਮੁਹੱਈਆ ਕਰਾਉਣ ਲਈ ਮਤਾ ਏ/ਆਰਈਐਸ/47/193 ਨੂੰ ਅਪਣਾਇਆ ਤੇ ਇਸ ਨੂੰ ਸਾਲ 1993 ਦੀ 22 ਮਾਰਚ ਤੋਂ ’ਵਿਸ਼ਵ ਜਲ ਦਿਵਸ’ ਦੇ ਤੌਰ ’ਤੇ ਮਨਾਉਣਾ ਸ਼ੁਰੂ ਕੀਤਾ। ਪਰ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅੱਜ ਤੋਂ ਕੋਈ500 ਸਾਲਾਂ ਤੋਂ ਵੀ ਪਹਿਲਾਂ ਸਾਫ-ਸੁਥਰੇ ਤੇ ਸ਼ੁੱਧ ਪਾਣੀ ਦੀ ਮਾਨਵਤਾ ਤੇ ਹਰ ਪ੍ਰਕਾਰ ਦੇ ਜੀਵਾਂ ਲਈ ਤੇ ਉਨ੍ਹਾਂ ਸਭ ਦੇ ਜਿਊਂਦੇ ਰਹਿਣ ਲਈ ਲੋੜ ਤੇ ਮਹਾਨਤਾ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਪਾਣੀ ਇਕ ਜੀਵਨ ਅੰਮ੍ਰਿਤ ਹੈ। ਉਨ੍ਹਾਂ ਨੇ ਗੁਰਬਾਣੀ ’ਚ ਪਾਣੀ ਦੀ ਮਹਾਨਤਾ ਨੂੰ ਬਿਆਨ ਕਰਦਿਆਂ ਕਿਹਾ ਹੈ ਕਿ, ’ਪਹਿਲਾਂ ਪਾਣੀ ਜੀਓ ਹੈ, ਜਿਤੁ ਹਰਿਆ ਸਭੁ ਕੋਇ॥’ ਭਾਵ ਮਾਨਵਤਾ ਤੇ ਹੋਰ ਸਭ ਜੀਵਾਂ ਤੇ ਧਰਤੀ ਨੂੰ ਹਰਿਆ ਭਰਿਆ ਰੱਖਣ ਲਈ ਤੇ ਜਿਊਂਦੇ ਰਹਿਣ ਲਈ ਪਾਣੀ ਦੀ ਬਹੁਤ ਮਹਾਨਤਾ ਹੈ। ਇਸ ਲਈ ਇਸ ਨੂੰ ਗੰਧਲਾ ਨਹੀਂ ਕਰਨਾ ਚਾਹੀਦਾ। ਇਸੇ ਹੀ ਤਰ੍ਹਾਂ ਉਹ ’ਜਪੁਜੀ ਸਾਹਿਬ’ ਜੀ ਦੀ ਇਕ ਰਚਨਾ ਵਿਚ ਪਵਨ ਭਾਵ ਹਵਾ ਨੂੰ ’ਗੁਰੂ’ ਦਾ ਦਰਜਾ, ਪਾਣੀ ਨੂੰ ’ਪਿਤਾ’ ਦਾ ਦਰਜਾ ਤੇ ਧਰਤੀ ਨੂੰ ‘ਮਾਤਾ’ ਦਾ ਦਰਜਾ ਦਿੰਦੇ ਹਨ: ’’ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤੁ ਮਹਤੁ॥’

ਅੱਜ ਸੰਸਾਰ ’ਤੇ ਪਾਣੀ ਬਹੁਤ ਮਲੀਨ ਤੇ ਗੰਧਲਾ ਹੋ ਗਿਆ ਹੈ। ਅੱਜ ਇਹ ਮਨੁੱਖਤਾ ਤੇ ਹੋਰ ਜੀਵਾਂ ਤੇ ਫਸਲਾਂ ਲਈ ਘਾਤਕ ਹੋ ਗਿਆ ਹੈ। ਇਸ ’ਚ ਕਈ ਤਰ੍ਹਾਂ ਦੇ ਰਸਾਇਣ, ਜ਼ਹਿਰਾਂ ਤੇ ਮਲ-ਮੂਤਰ ਮਿਲ ਰਿਹਾ ਹੈ। ਇਸ ਧਰਤੀ ’ਤੇ ਉਨ੍ਹਾਂ ਜੀਵਾਂ ਦਾ ਰਹਿਣਾ ਮੁਸ਼ਕਿਲ ਬਣ ਗਿਆ ਹੈ ਅਤੇ ਉਹ ਅਨੇਕਾਂ ਘਾਤਕ ਤੇ ਜਾਨਲੇਵਾ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਲਈ ਸਮੁੱਚੀ ਮਾਨਵਤਾ ਦਾ ਇਹ ਇਖਲਾਕੀ ਫਰਜ਼ ਬਣਦਾ ਹੈ ਕਿ ਉਹ ਪਾਣੀ ਨੂੰ ਗੰਧਲਾ ਨਾ ਕਰਨ ਸਗੋਂ ਸਮੁੱਚੀ ਮਾਨਵਤਾ, ਹੋਰ ਜੀਵਾਂ ਤੇ ਧਰਤੀ ਨੂੰ ਹਰਿਆ-ਭਰਿਆ ਰੱਖਣ ਲਈ ਸ਼ੁੱਧ ਤੇ ਸਾਫ-ਸੁਥਰਾ ਪਾਣੀ ਉਪਲਬਧ ਕਰਾਉਣ ਲਈ ਯਤਨਸ਼ੀਲ ਰਹਿਣ ਤਾਂ ਜੋ ਮਾਨਵਤਾ ਤੇ ਹੋਰ ਜੀਵਾਂ ਦੇ ਜੀਵਨ ਨੂੰ ਸੁਰੱਖਿਅਤ ਰੱਖਿਆ ਜਾ ਸਕੇ ਤੇ ਧਰਤੀ ਹਰੀ ਭਰੀ ਰਹਿ ਸਕੇ। ਸੱਚੀਂ ਸਾਫ-ਸੁਥਰਾ ਤੇ ਸ਼ੁੱਧ ਪਾਣੀ ਇਕ ਜੀਵਨ ਅੰਮ੍ਰਿਤ ਹੈ।

# ਰਾਜਪੁਰਾ ਵਿਖੇ ਅੰਤਰਰਾਸ਼ਟਰੀ ਇਸਤਰੀ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਹੋਇਆ ਸੰਪੰਨ

**ਰਾਜਪੁਰਾ (ਪੰਜਾਬ) (ਪ੍ਰਮਿੰਦਰ ਸਿੰਘ ਪ੍ਰਵਾਨਾ, ਡਾ. ਅਮਨ)-** ਬੀਤੇ ਦਿਨੀਂ ਇਹ ਵਿਸ਼ਾਲ ਸਮਾਗਮ ਡਾਕਟਰ ਗੁਰਵਿੰਦਰ ਸਿੰਘ ’ਅਮਨ’ ਪ੍ਰਧਾਨ ਲੋਕ ਸਾਹਿਤ ਸੰਗਮ ਰਾਜਪੁਰਾ ਅਤੇ ਬੀਬੀ ਸੁਰਿੰਦਰ ਕੌਰ ’ਬਾੜਾ’ ਪ੍ਰਧਾਨ ਪੰਜਾਬੀ ਸਭਿਆਚਾਰਕ ਵਿਰਸਾ ਨਾਰੀ ਮੰਚ ਦੇ ਸਾਂਝੇ ਉੱਦਮ ਨਾਲ ਰੋਟਰੀ ਭਵਨ ਵਿਖੇ ਹੋਇਆ। ਡਾ. ਅਮਨ ਵੱਲੋਂ ਪੁੱਜੇ ਸਾਹਿਤਕ ਅਦੀਬਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਸਮਾਗਮ ਦਾ ਆਰੰਭ ਅਵਤਾਰ ਸਿੰਘ ਪਵਾਰ ਦੀ ਕਵਿਤਾ ਨਾਲ ਹੋਇਆ। ਪ੍ਰੋ. ਬੇਗਮ ਰੁਬੀਨਾ ਸ਼ਬਨਮ ਦੇ ਵਿਚਾਰ ਸਨ ਕਿ ਔਰਤ ਸੰਵੇਦਨਾ ਦੀ ਮੂਰਤ, ਜੋ ਸਿਰਫ਼ ਸਤਿਕਾਰ ਲੋਚਦੀ ਹੈ। ਰਾਜਿੰਦਰ ਸਿੰਘ ਚਾਨੀ ਨੇ ਪਾਰਕਾਂ ਵਿਚ ਰੁਲਦੀ ਜਵਾਨੀ ਦੀ ਗੱਲ ਕਹੀ। ਅੰਗਰੇਜ਼ ਸਿੰਘ ਵਿਰਕ ਨੇ ਰਚਨਾ- ਕਾਲੇ ਬੱਦਲ ਘੁੱਪ ਹਨੇਰਾ ਮਾਹੀ ਘਰ ਨਹੀਂ ਆਇਆ, ਸੁਣਾ ਕੇ ਖੂਬ ਵਾਹ-ਵਾਹ ਖੱਟੀ। ਨਿਰਮਲਾ ਹਾਰਰਾ, ਸੁਖਵਿੰਦਰ ਆਹੀ ਤੇ ਗੀਤਾ ਬਨੂੜ ਨੇ ਸੁਰੀਲੀ ਆਵਾਜ਼ ਵਿਚ ਗੀਤ ਸੁਣਾਏ। ਦੀਪਾ ਸੰਧੂ ਲਵਲੀ ਪੰਨੂ, ਸਲੂਜਾ ਨੇ ਪੁਆਧੀ ਬੋਲੀ ਵਿਚ ਬਾਤ ਪਾਈ। ਬੇਅੰਤ ਕੌਰ ਗਿੱਲ ਦੀ ਕਵਿਤਾ- ਟੁੱਟ ਚੁੱਕੀ ਹਾਂ ਬਿਖਰ ਚੁੱਕੀ ਹਾਂ ਨੇ ਮਾਹੌਲ ਸੰਜੀਦਾ ਬਣਾਇਆ। ਸੁਰਿੰਦਰ ਕੌਰ ਸੈਣੀ ਤੇ ਹਰਜਿੰਦਰ ਕੌਰ ਸੱਧਰ ਦੀਆਂ ਕਵਿਤਾਵਾਂ ਭਾਵਪੂਰਕ ਸਨ। ਸਰਬਜੀਤ ਕੌਰ ਬਾਠ, ਸੁਖਬੀਰ ਨਾਮਧਾਰੀ, ਰਣਜੀਤ ਸਿੰਘ ਫਤਿਹਗੜ੍ਹ ਸਾਹਿਬ, ਹਾਜ਼ੀ ਅਨਵਰ ਚੌਹਾਨ, ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ, ਰਵਿੰਦਰ ਕ੍ਰਿਸ਼ਨ, ਸੰਤ ਸਿੰਘ ਸੋਹਲ, ਗੁਰਦਰਸ਼ਨ ਸਿੰਘ ਗੁਸੀਲ, ਡੀ. ਐਸ. ਪੀ. ਭੁੱਲਰ ਆਦਿ ਨੇ ਉਮਦਾ ਸ਼ਾਇਰੀ ਦਾ ਮੁਜ਼ਾਹਰਾ ਕੀਤਾ। ਮੰਚ ਦੀ ਚੇਅਰਪਰਸਨ ਜਤਿੰਦਰ ਕੌਰ ਸੰਧੂ ਗਿੱਲ, ਰਘਬੀਰ ਸਿੰਘ ਡੀ. ਐਸ. ਪੀ. ਨੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਨਾਰੀ ਸ਼ਕਤੀ ਤੇ ਚਾਨਣਾ ਪਾਇਆ। ਲੋਕ ਗਾਇਕ ਸਰਬਜੀਤ ਕੌਰ ਚਿਮਟੇਵਾਲੀ ਨੇ ਆਪਣੇ ਸਹੁਰਾ ਸਾਹਿਬ ਲਾਲ ਚੰਦ ਯਮਲਾ ਜੱਟ ਦਾ ਗੀਤ ਚਿਮਟੇ ਦੀ ਤਾਲ ਤੇ ਗਾ ਕੇ ਸੰਗੀਤਕ ਮਾਹੌਲ ਸਿਰਜਿਆ। ਜਨਾਬ ਮੁਹੰਮਦ ਰਫ਼ੀ, ਰਾਮਲਾਲ ਭਗਤ ਦੀਆਂ ਕਵਿਤਾਵਾਂ ਕਾਬਲੇ ਤਾਰੀਫ਼ ਸਨ। ਲੋਕ ਗੀਤਕਾਰ ਧਰਮ ਕਮਿਆਣਾ ਨੇ ਆਪਣੇ ਚਰਚਿਤ ਗੀਤਾਂ ਦੀ ਗੱਲ ਕਹੀ।




ਬਲਦੇਵ ਸਿੰਘ ਖੁਰਾਣਾ, ਦੇਸ ਰਾਜ, ਸੁਨੀਤਾ ਦੇਸ ਰਾਜ, ਸ਼ਕੰਤ ਚੌਧਰੀ ਤੇ ਮੈਡਮ ਮਧੂ ਦੀਆਂ ਉਮਦਾਂ ਰਚਨਾਵਾਂ ਸਨ। ਚੇਅਰਮੈਨ ਹਰਜੀਤ ਸਿੰਘ ਸੱਧਰ ਨੇ ਆਪਣੀ ਮਧੁਰ ਆਵਾਜ਼ ਵਿਚ ਗੀਤ ਸੁਣਾ ਕੇ ਹਾਜ਼ਰੀਨ ਦਾ ਧੰਨਵਾਦ ਕੀਤਾ। ਬੀਬੀ ਸੁਰਿੰਦਰ ਕੌਰ ਬਾੜਾ ਪ੍ਰਧਾਨ ਮੰਚ ਨੇ ਬਾਖੂਬੀ ਮੰਚ ਸੰਚਾਲਨ ਨਿਭਾਇਆ।

# ਹੈਪੀ ਬਰਥ-ਡੇਅ

ਹਰ ਸਾਲ ਦੀ ਤਰ੍ਹਾਂ ਭਤੀਜੇ ਦਾ ਫੋਨ ਆਇਆ,'ਭੂਆ ਤੁਸੀਂ ਮੇਰੇ ਬਡ-ਡੇਅ 'ਤੇ ਆਉਗੇ?

ਹਾਂ ਫ਼ਤਿਹ ਆਵਾਂਗੀ । ਦੱਸ ਕੀ ਲੈ ਕੇ ਆਵਾਂ?

ਭੂਆ ਮੇਰੇ ਲਈ ਰਿਮੋਟ ਵਾਲੀ ਜੇਬੀਸੀ ਲਿਆ ਦੋ ਪਲੀਜ਼ ।'

'ਅੱਛਾ ਕਿੰਨੀਆਂ ਜੇਬੀਸੀਆਂ ਚਾਹੀਦੀਆਂ ਤੈਨੂੰ? ਕੋਈ ਹੋਰ ਚੀਜ਼ ਦੱਸ, ਜੇਬੀਸੀਆਂ ਤਾਂ ਤੇਰੇ ਕੋਲ ਬਹੁਤ ਨੇ ।'

'ਨਹੀਂ ਭੂਆਂ ਮੈਨੂੰ ਜੇਬੀਸੀ ਹੀ ਚਾਹੀਦੀ ਹੈ ਰਿਮੋਟ ਵਾਲੀ ।'

'ਚੰਗਾ ਲੈ ਆਵਾਂਗੀ । ਹੋਰ ਕੁਝ ਵੀ ਦੱਸ ਕੀ ਲੈ ਕੇ ਆਵਾਂ?

'ਚਾਕਲੇਟ ਵਾਲਾ ਕੇਕ ਚਾਕਲੇਟ ਲੈ ਆਣਾ ।''

ਚੰਗਾ ਪੁੱਤ ਮੈਂ ਲੈ ਕੇ ਆਵਾਂਗੀ । ਪੱਕਾ ਲੈ ਕੇ ਆਵਾਂਗੀ ।'

ਭੂਆ ਕੇ ਕਰੇ । ਹਰ ਸਾਲ ਦੀ ਤਰ੍ਹਾਂ ਫੋਨ ਉਡੀਕਦੀ ਰਹੀ ਕਿ ਕੋਈ ਫੋਨ ਕਰਕੇ ਕਹੇਗਾ ਕਿ ਫ਼ਤਿਹ ਦਾ ਜਨਮ-ਦਿਨ ਮੁਨਾਉਣਾ ਹੈ ਭਾਈ ਜ਼ਰੂਰ ਆਉਣਾ । ਪਰ ਨਹੀਂ ਇਹ ਸਾਲ ਵੀ ਕੋਈ ਫੋਨ ਨਹੀਂ ਆਇਆ । ਫੇਰ ਸੋਚਿਆ ਮਨਾਂ ਬੱਚੇ ਨੂੰ ਕਿਸੇ ਨਾ ਕਿਸੇ ਤਰ੍ਹਾਂ ਉਸਦੀ ਗਿਫ਼ਟ ਤਾਂ ਜ਼ਰੂਰ ਦੇਣੀ ਕੋਈ ਨਾ ਅੱਗੇ ਪਿੱਛੇ ਦੇ ਆਵਾਂਗੀ।

'ਅੱਜ ਖੁਸ਼ ਦੇ ਹੰਝੂਆਂ ਨਾਲ ਮੇਰੇ ਪੁੱਤ ਫ਼ਤਿਹ ਨੂੰ ਬਹੁਤ ਸਾਰੀਆਂ ਮੁਬਾਰਕਾਂ ਹੋਣ । ਰੱਬ ਕਰੇ ਤੈਨੂੰ ਪੁੱਤਾਂ ਸਾਰੀਆਂ ਖੁਸ਼ੀਆਂ ਮਿਲਣ। ਤੇਰੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋਣ । ਇੱਦਾਂ ਦਾ ਭੂਆਂ ਨਾਲ ਮੋਹ ਬਣਿਆ ਰਹੇ।

ਹੈਪੀ ਬਰਥ-ਡੇਅ ਫ਼ਤਿਹਵੀਰ ਸਿੰਘ ਤੇਰੀ ਭੂਆ।



**ਬਲਜਿੰਦਰ ਕੌਰ ਸ਼ੇਰਗਿੱਲ**
**ਮੁਹਾਲੀ**
**91-98785-19278**

# ਕਾਂਸੀ ਰਾਮ ਸਾਹਿਬ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼

**ਪ੍ਰਗਟ ਸਿੰਘ ਬੀਰ**

ਕਾਂਸੀ ਰਾਮ ਸਾਹਿਬ ਦੀ ਮਿਹਨਤ ਤੇ ਰਾਜਨੀਤਕ ਸਿਆਣਪ ਨੂੰ ਸਲਾਮ ਕਰਦੇ ਹਾਂ ਜਿਨ੍ਹਾਂ ਨੇ ਵੱਡੇ ਵੱਡੇ ਘਾਗ ਸਿਆਸਤਦਾਨਾਂ ਦੇ ਸਾਰੇ ਗਣਿਤ ਵਿਗਾੜ ਦਿੱਤੇ ਸਨ ਬਾਬਾ ਸਾਹਿਬ ਨੂੰ ਲੋਕਾਂ ਚ ਲੈ ਕੇ ਆਉਣ ਵਾਲੇ ਜਾ ਕਹੋ ਦੁਬਾਰਾ ਜੀਉਂਦਾ ਕਰਨ ਵਾਲੇ ਕਾਂਸੀ ਰਾਮ ਸਾਹਿਬ ਹਨ। ਬਾਬਾ ਸਾਹਿਬ ਨੇ ਦੁਨੀਆ ਦੇ ਇਤਿਹਾਸ ਤੇ ਰਾਜਨੀਤਕ ਤੇ ਸਮਾਜਿਕ ਸਿਸਟਮ ਦਾ ਅਧਾਇਣ ਕਰਕੇ ਭਾਰਤ ਵਿਚਲੀ ਜਾਤੀ ਵਿਵਸਥਾ ਨੂੰ ਕੱਟਣ ਲਈ ਸੰਵਿਧਾਨ ਤਿਆਰ ਕੀਤਾ। ਬਾਬਾ ਸਾਹਿਬ ਨੂੰ ਇਹ ਚੰਗੀ ਤਰਾ ਇਲਮ ਸੀ ਕੇ ਭਾਰਤ ਚ ਕੋਈ ਕ੍ਰਾਂਤੀ ਇਕ ਦਮ ਜਾ ਬਹੁਤ ਘਟ ਸਮੇਂ ਚ ਨਹੀਂ ਵਾਪਰ ਸਕਦੀ ਕਿਉਂਕਿ ਧਰਮ ਦੇ ਜਾਲ ਨੇ ਲੋਕਾਂ ਦੀ ਖਾਸ ਕਰ ਦਲਿਤ ਸਮਾਜ ਦੀ ਮਾਨਸਿਕਤਾ ਬਹੁਤ ਬੁਰੀ ਤਰਾਂ ਖੂੰਡੀ ਕੀਤੀ ਹੋਈ ਹੈ ਇਸ ਕਰਕੇ ਏਥੇ ਕ੍ਰਾਂਤੀ ਜਾ ਬਦਲਾਅ ਹੌਲੀ ਹੌਲੀ ਆਉਣਗੇ ਇਸ ਕਰਕੇ ਓਨਾ ਨੇ ਸੰਵਿਧਾਨ 'ਚ ਜਾਤੀਆਂ ਨੂੰ ਸ੍ਰੇਣੀਆਂ ਚ ਲੈ ਕੇ ਆਉਣਾ ਇਸ ਲਈ ਸਹੀ ਸੀ ਕਿਉਂਕਿ ਦੁਨੀਆ ਚ ਵਰਗ ਸੰਘਰਸ਼ ਚਲਦਾ ਹੈ ਪਰ ਭਾਰਤ 'ਚ ਵਰਗ ਹੈ ਹੀ ਨਹੀਂ ਜਾਤੀਆਂ ਹਨ ਜਾਤੀਆਂ ਨੂੰ ਸ੍ਰੇਣੀਆਂ ਚ ਲੈ ਕੇ ਆਉਣਾ ਫੇਰ ਓਨਾ ਸੈਂਕੜੇ ਹਜਾਰਾਂ ਜਾਤੀਆਂ ਨੂੰ ਸ੍ਰੇਣੀਆਂ ਤੋ ਬਾਅਦ ਵਰਗ ਚ ਤਬਦੀਲ ਕਰਨ ਦਾ ਕੰਮ ਕਾਂਸੀ ਰਾਮ ਸਾਹਿਬ ਨੇ ਬਹੁਜਨ ਸਮਾਜ ਦੀ ਪ੍ਰਭਾਸ਼ਾ ਦੇ ਕੇ ਕੀਤਾ।

ਹਜਾਰਾਂ ਜਾਤੀਆਂ ਚੋ ਸੰਵਿਧਾਨ ਚ ਓਨਾ ਨੂੰ SC ST OBC ਸ੍ਰੇਣੀਆਂ ਚ ਬਾਬਾ ਸਾਹਿਬ ਨੇ ਬਦਲਿਆ ਫੇਰ ਏਨਾ ਤਿੰਨ ਸ੍ਰੇਣੀਆਂ ਨੂੰ ਬਹੁਜਨ ਸਮਾਜ ਜਾਣੀ ਵਰਗ ਚ ਕਾਂਸੀ ਰਾਮ ਸਾਹਿਬ ਨੇ ਬਦਲਿਆ ਜਿਸਦਾ ਨਤੀਜਾ ਅੱਜ ਬਹੁਜਨ ਸਮਾਜ ਭਾਰਤ ਦੀ ਦੂਜੀ ਵੱਡੀ ਤਾਕਤ ਹੈ ਜਾਤੀਆਂ 'ਚ ਵੰਡੇ ਦੇਸ਼ ਨੂੰ ਦੁਨੀਆ ਨਾਲ ਵਰਗ ਸੰਘਰਸ਼ 'ਚ ਸ਼ਾਮਲ ਕਰਨ ਵਾਲੇ ਬਾਬਾ ਸਾਹਿਬ ਤੇ ਕਾਂਸੀ ਰਾਮ ਸਾਹਿਬ ਦੇ ਮਿਹਨਤ ਤੇ ਸੂਝ ਬੂਝ ਨੇ ਬਹੁਜਨ ਸਮਾਜ ਨੂੰ ਸਤਾ ਤਕ ਪਹੁੰਚਾ ਦਿੱਤਾ ਹੈ ਅੱਜ ਭਾਰਤ ਦੀ ਸੱਤਾ ਨਾ ਬਾਬਾ ਸਾਹਿਬ ਦੇ ਨਾਮ ਬਿਨਾ ਚਲ ਸਕਦੀ ਹੈ ਨਾ ਕਾਂਸੀ ਰਾਮ ਸਾਹਿਬ ਦੇ ਨਾਮ ਬਿਨਾ ਕਾਂਸੀ ਰਾਮ ਸਾਹਿਬ ਦਾ ਜਨਮ ਦਿਨ 15 ਮਾਰਚ ਨੂੰ ਹੈ ਸਾਰੇ ਬਹੁਜਨ ਸਮਾਜ ਨੂੰ ਹੀ ਨਹੀਂ ਪੂਰੇ ਦੇਸ਼ ਨੂੰ ਮੁਬਾਰਕ ਵਾਦ ਹੈ ਕਿਉਂਕਿ ਇਹੋ ਜਿਹੇ ਵਿਸ਼ੇਸ਼ ਆਤਮਾ ਵਾਲੇ ਮਨੁੱਖ ਕਦੇ ਕਦੇ ਸਦੀਆਂ ਬਾਅਦ ਹੀ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਜ਼ਮਾਨਾ ਹੀ ਬਦਲ ਦੇਣਾ ਹੁੰਦਾ ਹੈ ਖੁਆਸ ਪੂਰਾ ਪਿੰਡ ਸ੍ਰੀ ਅਨੰਦਪੁਰ ਸਾਹਿਬ ਦੀ ਬੁੱਕਲ ਚ ਵਸਿਆ ਪਿੰਡ ਹੈ ਜਿਥੋਂ ਕਦੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਗ਼ਰੀਬ ਲੋਕਾਂ ਨੂੰ ਸਿਰ, ਸ਼ਾਸਤਰ, ਪੱਗ ਤੇ ਜੁੱਤੀ ਪਹਿਨ ਕੇ ਘੋੜੇ ਤੇ ਸਵਾਰ ਕਰਕੇ ਹਿੰਦੂ ਪਹਾੜੀ ਰਾਜਿਆ ਦੇ ਬਰਾਬਰ ਰਾਜੇ ਬਣਾ ਦਿੱਤਾ ਸੀ ਓਹੀ ਕੰਮ ਕਾਂਸੀ ਰਾਮ ਸਾਹਿਬ ਨੇ ਮੋਚੀ ਮਜ਼ਦੂਰੀ ਰਿਕਸੇ ਵਾਲੇ ਲੋਕਾਂ ਨੂੰ ਮਲਅ ਮਪ ਬਣਾ ਕੇ ਕੁਰਸੀਆ ਤੇ ਬਿਰਾਜਮਾਨ ਕਰ ਦਿੱਤਾ ਸੀ ਇਕ ਓਨਾ ਲੋਕਾਂ ਨੂੰ ਵੱਡੇ ਵਡੇ ਅਹੁਦੇ ਬਖਸ਼ ਦਿੱਤੇ ਸਨ ਜਿਨ੍ਹਾਂ ਨੂੰ ਕੋਈ ਪਿੰਡ ਚ ਪੰਚ ਨਹੀਂ ਬਣਨ ਦਿੰਦੇ ਸਨ ਜਿਵੇਂ ਗੁਰੂ ਗੋਬਿੰਦ ਸਿੰਘ ਨੇ ਗ਼ਰੀਬ ਲੋਕਾਂ ਨੂੰ ਪਾਤਸਾਹੀ ਦਿੱਤੀ ਓਦਾ ਦੀ ਕਾਂਸੀ ਰਾਮ ਸਾਹਿਬ ਮੰਤਰੀ ਸੰਤਰੀ ਚਮ ਓਹ ਲੋਕ ਬਣੇ ਜਿਨ੍ਹਾਂ ਦੇ ਮੋਢੇ ਤੇ ਕਾਂਸੀ ਰਾਮ ਸਾਹਿਬ ਹੱਥ ਰੱਖਿਆ। ਭਾਵੇਂ ਕਾਂਸੀ ਰਾਮ ਸਾਹਿਬ ਅੱਜ ਦੁਨੀਆ ਚ ਨਹੀਂ ਰਹੇ ਪਰ ਓਨਾ ਦੇ ਬੋਲ ਤੇ ਲਿਖਤਾਂ ਮਨੂੰਵਾਦੀ ਲੋਕਾਂ ਦੀ ਨੀਂਦ ਹਰਾਮ ਕਰਦੇ ਰਹਿਣਗੇ ਓਨਾ ਸਾਰੀ ਉਮਰ ਵਾਸਤੇ ਅਪਣਾ ਆਪ ਤਿਆਗ ਦਿੱਤਾ ਸੀ ਘਰ ਵਾਰ ਪਰਵਾਰ ਤਾਂ ਬਹੁਤ ਪਿੱਛੇ ਰਹਿ ਗਏ ਸਨ ਸਾਈਕਲ ਤੇ ਸਾਰਾ ਦੇਸ਼ ਘੁੰਮਿਆ ਫੇਰ ਜਹਾਜ਼ ਤੇ ਦੇਸ਼ ਘੁੰਮਿਆ ਅਟਲ ਬਿਹਾਰੀ ਵਾਜਪਾਈ ਵਰਗੇ ਲੋਕ ਸਾਨੀ ਭਰਦੇ ਸਨ ਇਕ ਵਾਕਿਆ ਜਦੋਂ ਸਾਹਿਬ ਮੈਂਬਰ ਪਾਰਲੀਮੈਂਟ ਸਨ ਓਦੋਂ ਓਹ ਲੋਕ ਸਭਾ ਚ ਬੋਲ ਰਹੇ ਸਨ ਜਦੋਂ ਓਨਾ ਨੂੰ ਖਤਮ ਕਰਨ ਨੂੰ ਕਿਹਾ ਓਨਾ ਕਿਹਾ ਜੇਕਰ ਸਾਡੀ ਗਲ ਸਭਾ ਅੰਦਰ ਨਹੀਂ ਸੁਣੀ ਜਾਂਦੀ ਤਾਂ ਕਾਂਸੀ ਰਾਮ ਲੋਕ ਸਭਾ ਤੋ ਬਾਹਰ ਬੋਲੇਗਾ ਫੇਰ ਸਾਰੇ ਤਰਲੇ ਕਰਨ ਲੱਗੇ ਇਹ ਹੁੰਦਾ ਹੈ ਲੀਡਰ। ਜਦੋਂ ਕਾਂਸੀ ਰਾਮ ਸਾਹਿਬ ਨੂੰ ਵਾਜਪਾਈ ਵਲੋ ਰਾਸਟਰਪਤੀ ਬਣਾਉਣ ਦਾ ਪ੍ਰਸਤਾਵ ਆਇਆ ਓਨਾ ਕਿਹਾ ਕਿ ਤੁਸੀ ਸਾਨੂੰ ਕੁਰਸੀ ਦੇਣਾ ਚਾਹੁੰਦੇ ਹੋ ਤਾਕਤ ਨਹੀਂ ਮਤਲਬ ਮੈ ਜਾਣਦਾ ਹਾਂ ਤਾਕਤ ਪ੍ਰਧਾਨ ਮੰਤਰੀ ਦੀ ਕੁਰਸੀ 'ਚ ਹੈ ਤੁਸੀ ਮੈਨੂੰ ਰਾਸ਼ਟਰਪਤੀ ਦੀ ਕੁਰਸੀ ਦੇਣਾ ਚਾਹੁੰਦੇ ਹੋ ਨਹੀਂ ਮੈ ਕੁਰਸੀ ਆਪਣੇ ਬਹੁਜਨ ਸਮਾਜ ਦੀ ਏਕਤਾ ਦੇ ਦਮ ਤੇ ਲਵਾਂਗਾ ਇਹੋ ਜਿਹੇ ਲੀਡਰ ਕਰਕੇ ਕੋਈ ਕੌਮ ਬਹੁਤ ਅੱਗੇ ਜਾ ਸਕਦੀ ਹੈ ਪਰ ਕਈ ਨਲਾਇਕ ਆਗੂਆਂ ਕਰਕੇ ਕੌਮ ਬਹੁਤ ਪਿੱਛੇ ਧੱਕੀ ਜਾ ਸਕਦੀ ਹੈ ਜੋ ਅੱਜ ਹੋ ਰਿਹਾ ਹੈ।

ਇਕ ਵਾਕਿਆ ਮੇਰਾ ਨਿੱਜੀ 2020 ਵਾਲੇ ਹੋਲੇ ਮੁਹੱਲੇ ਤੇ ਡਿਊਟੀ ਸੀ ਅਸੀਂ ਚਾਰ ਜਣੇ ਗੱਡੀ ਚ ਜਾ ਰਹੇ ਸਾਂ ਅਸੀਂ ਆਪਣੇ ਆਪਣੇ ਸੁਪਨੇ ਤੇ ਗਲ ਕਰਨ ਲਗੇ ਮੈ ਗੱਡੀ ਚਲਾ ਰਿਹਾ ਸੀ ਬਾਕੀ ਤਿੰਨ ਬੰਦਿਆ ਨੇ ਦੱਸਿਆ ਕਿ ਮੈ ਇਹ ਬਣਨਾ ਹੈ ਮੈਂ ਚੁੱਪ ਰਿਹਾ ਫੇਰ ਮੈਨੂੰ ਪੁੱਛਣ ਲੱਗੇ ਮੈਂ ਕਿਹਾ ਕਿ ਜੇਕਰ ਬਣਨ ਦੇ ਆਸਾਰ ਬਣੇ ਮੈਂ ਕਾਂਸੀ ਰਾਮ ਜੀ ਦੇ ਰਸਤੇ ਤੇ ਜਾਣਾ ਪਸੰਦ ਕਰੂਗਾ ਇਹ ਗੱਲ ਬਹੁਤ ਵੱਡੀ ਹੈ। ਪਰ ਮੈਂ ਜਦੋਂ ਚਮਚਾ ਯੁੱਗ ਕਿਤਾਬ ਪੜ੍ਹੀ ਤਾਂ ਸ਼ਾਇਦ ਅੱਜ ਰਾਜਨੀਤਕ ਰਿਜ਼ਰਵੇਸ਼ਨ ਖਤਮ ਕਰਨ ਦੀ ਮੰਗ ਕਰਦੇ ਤੇ ਬਹੁਜਨ ਸਮਾਜ ਨੂੰ ਆਪਣੇ ਬਲ ਬੂਤੇ ਅੱਗੇ ਵਧਣ ਦਾ ਮਾਰਗ ਦਰਸ਼ਨ ਕਰਦੇ ।ਜਿਹੜਾ ਓਨਾ ਨੇ ਬਹੁਜਨ ਸਮਾਜ ਪਾਰਟੀ ਬਣਾ ਕੇ ਕੀਤਾ ਸੀ। ਮੇਰੇ ਵਲੋਂ ਕਾਂਸੀ ਰਾਮ ਸਾਹਿਬ ਦੇ ਜਨਮ ਦਿਨ ਤੇ ਇਹ ਚਾਰ ਸ਼ਬਦ ਲਿਖੇ ਕਬੂਲ ਕਰੋ ਜੀ।




## ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ

ਜਦੋ ਜੁਲਮ ਉਤੇ ਜਿੱਤ ਦੀ ਗੱਲ ਹੋਵੇ,<br>
ਜਦੋ ਦੁਖੀਆਂ ਦੇ ਦਰਦ ਦਾ ਨਾ ਕੋਈ ਹੱਲ ਹੋਵੇ,<br>
ਜਦੋ ਭੋਲੇ ਭਾਲੇ ਲੋਕਾਂ ਨਾਲ ਕਿਤੇ ਜਾਂਦੇ ਛੱਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ।

ਜਿੱਥੇ ਅੰਧ ਵਿਸ਼ਵਾਸ਼ਾਂ ਦਾ ਹੜ੍ਹ ਹੋਵੇ,<br>
ਜਿੱਥੇ ਖੁਦ ਦੇ ਹੱਕਾਂ ਦੇ ਮਰਨ ਦਾ ਡਰ ਹੋਵੇ,<br>
ਜਿੱਥੇ ਮਾਨਸਿਕ ਗੁਲਾਮੀ ਨਾ ਜਰ ਹੋਵੇ<br>
ਲੰਡੇ ਲੁੱਚਿਆਂ ਨੂੰ ਪਾਉਣੀ ਠੱਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ।

ਜਿੱਥੇ ਮਜ਼ਦੂਰਾਂ ਲਈ ਦਿਨ ਨਾ ਸ਼ਾਮ ਹੋਵੇ,<br>
ਜਿੱਥੇ ਔਰਤ ਪੈਰ ਦੀ ਜੁੱਤੀ ਤੇ ਸਮਾਨ ਹੋਵੇ,<br>
ਜਿੱਥੇ ਗਰੀਬਾਂ ਦੇ ਲਈ ਵੱਖਰੇ ਭਗਵਾਨ ਹੋਵੇ,<br>
ਜਿੱਥੇ ਕੌਡੀਆਂ ਦੇ ਭਾਅ ਵਿਕਦਾ ਇਮਾਨ ਹੋਵੇ,<br>
ਜਿੱਥੇ ਪੜਾਈ ਨੂੰ ਧਕਿਆ ਵਿੱਚ ਦਲਦਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ।

ਜਿੱਥੇ ਜਾਤ ਪਾਤ ਦਾ ਚੱਲਦਾ ਬੰਬਾਲ ਹੋਵੇ,<br>
ਜਿੱਥੇ ਧਰਮਾਂ ਦੇ ਨਾ ਉਤੇ ਚੱਲਦਾ ਵਿਵਾਦ ਹੋਵੇ<br>
ਜਿੱਥੇ ਆਪਣੀ ਮਰਜੀ ਨਾ ਆ , ਨਾ, ਜਾ ਹੋਵੇ,<br>
ਜਿੱਥੇ ਬਲਵਾਨ ਨੂੰ ਵੀ ਕੀਤਾ ਜਾਂਦਾ ਨਿਰਬਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ,<br>
ਬਾਬਾ ਸਾਹਿਬ ਦੀ ਉਥੇ ਹੀ ਫਿਰ ਗੱਲ ਹੋਵੇ।

**ਡਾਕਟਰ ਸੰਦੀਪ ਸੜੋਆ**
91-97815-05271



## ਪੰਜਾਬ ਸਰਕਾਰ ਨੇ ਇਕ ਸਾਲ 'ਚ 27 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਦਿੱਤਾ ਰੋਜ਼ਗਾਰ : ਬ੍ਰਹਮ ਸ਼ੰਕਰ ਜਿੰਪਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ ਵਿਚ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦੀ ਮੁੱਖ ਤਰਜ਼ੀਹ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਪਹਿਲਾ ਫੈਸਲਾ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦਾ ਸੀ, ਜਿਸ ਦਾ ਨਤੀਜਾ ਇਹ ਹੈ ਕਿ ਇਕ ਸਾਲ ਵਿਚ ਪੰਜਾਬ ਸਰਕਾਰ ਨੇ 27 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਹੈ।

ਉਹ ਅੱਜ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਮਾਡਰਨ ਕੈਰੀਅਰ ਸੈਂਟਰ ਵਲੋਂ ਰੋਜ਼ਗਾਰ ਬਿਊਰੋ ਵਿਚ ਲਗਾਏ ਗਏ ਰੋਜ਼ਗਾਰ ਮੇਲੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਰਬਾਰਾ ਸਿੰਘ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਮਾਡਰਨ ਕੈਰੀਅਰ ਸੈਂਟਰ ਵਲੋਂ ਆਯੋਜਿਤ ਰੋਜ਼ਗਾਰ ਮੇਲੇ ਵਿਚ ਅੱਜ 400 ਤੋਂ ਵੱਧ ਨੌਜਵਾਨਾਂ ਨੇ ਹਿੱਸਾ ਲਿਆ ਅਤੇ 175 ਦੇ ਕਰੀਬ ਨੌਜਵਾਨਾਂ ਦੀ ਵੱਖ-ਵੱਖ ਕੰਪਨੀਆਂ ਤੇ ਸੰਸਥਾਵਾਂ ਵਿਚ ਚੋਣ ਹੋਈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕੰਪਨੀਆਂ ਤੇ ਸੰਸਥਾਵਾਂ ਵਿਚ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ, ਉਸ ਵਿਚ ਸੋਨਾਲੀਕਾ, ਕੋਕਾ ਕੋਲਾ, ਰਿਲਾਇੰਸ ਇੰਡਸਟਰੀ, ਸੈਂਚੂਰੀ ਪਲਾਈਵੁੱਡ, ਊਸ਼ਾ ਮਾਰਟਿਨ, ਐਲ.ਪੀ.ਯੂ, ਗਿਆਨਮ ਇੰਸਟੀਚਿਊਟ, ਹੁਸ਼ਿਆਰਪੁਰ ਆਟੋਮੋਬਾਇਲ, ਆਈ. ਸੀ. ਆਈ. ਸੀ. ਆਈ ਬੈਂਕ ਆਦਿ ਸ਼ਾਮਿਲ ਹਨ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਸੰਸਥਾਵਾਂ ਵਲੋਂ ਚੁਣੇ ਗਏ ਨੌਜਵਾਨਾਂ ਨੂੰ ਆਫਰ ਲੈਟਰ ਦਿੱਤੇ ਅਤੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ।




## ਦਸ ਸਾਲਾਂ 'ਚ 1403 ਕਿਸਾਨਾਂ ਤੇ 403 ਮਜ਼ਦੂਰਾਂ ਨੇ ਕੀਤੀ ਖ਼ੁਦਕਸ਼ੀ, ਮਾਨਸਾ 'ਚ ਸੱਭ ਤੋਂ ਵੱਧ ਮਾਮਲੇ

**ਚੰਡੀਗੜ੍ਹ–** ਅੰਨਦਾਤਾ ਦੀਆਂ ਖ਼ੁਦਕਸ਼ੀਆਂ ਦਾ ਰੁਝਾਨ ਰੁਕਣ ਦਾ ਨਾਂ ਨਹੀਂ ਲੈ ਰਿਹਾ। ਜਲੰਧਰ, ਗੁਰਦਾਸਪੁਰ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਨੂੰ ਛੱਡ ਕੇ ਬਾਕੀ ਸਾਰੇ ਜ਼ਿਲ੍ਹਿਆਂ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਮੌਤ ਨੂੰ ਗ਼ਲ ਨਾਲ ਲਾਇਆ ਹੈ। ਸਰਕਾਰ ਦੇ ਅੰਕੜੇ ਦੱਸਦੇ ਹਨ ਕਿ ਪਿਛਲੇ ਇਕ ਦਹਾਕੇ ਦੌਰਾਨ ਸੂਬੇ ਦੇ 1403 ਕਿਸਾਨਾਂ ਅਤੇ 403 ਖੇਤ ਮਜ਼ਦੂਰਾਂ ਨੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਹੈ। ਮਾਨਸਾ ਵਿਚ ਸੱਭ ਤੋਂ ਵੱਧ 314 ਕਿਸਾਨਾਂ ਤੇ 89 ਮਜ਼ਦੂਰਾਂ ਨੇ ਖ਼ੁਦਕਸ਼ੀ ਕੀਤੀ ਹੈ। ਇਸੇ ਤਰ੍ਹਾਂ ਬਠਿੰਡਾ ਵਿਚ 269 ਕਿਸਾਨਾਂ ਨੇ ਖ਼ੁਦਕਸ਼ੀ ਕੀਤੀ ਹੈ। ਇਨ੍ਹਾਂ ਖ਼ੁਦਕਸ਼ੀ ਕਰਨ ਵਾਲਿਆਂ ਵਿਚੋਂ ਸਰਕਾਰ ਨੇ 846 ਕਿਸਾਨਾਂ ਅਤੇ 93 ਖੇਤ ਮਜ਼ਦੂਰਾਂ ਦੇ ਪਰਿਵਾਰਾਂ ਦੀ ਮਦਦ ਵਜੋਂ 26.05 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਨਵਾਂਸ਼ਹਿਰ ਤੋਂ ਬਸਪਾ ਦੇ ਵਿਧਾਇਕ ਡਾ ਨਛੱਤਰ ਪਾਲ ਦੁਆਰਾ 1 ਮਾਰਚ 2012 ਤੋਂ ਲੈ ਕੇ 28 ਫਰਵਰੀ 2023 ਤੱਕ ਖ਼ੁਦਕਸ਼ੀ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਇਹ ਜਾਣਕਾਰੀ ਦਿੱਤੀ ਹੈ।

ਜਾਣਕਾਰੀ ਅਨੁਸਾਰ ਪੁਲਿਸ ਜ਼ਿਲ੍ਹਾ ਲੁਧਿਆਣਾ (ਕਮਿਸ਼ਨ-ਰੇਟ) 'ਚ 12 ਕਿਸਾਨਾਂ, ਅੰਮ੍ਰਿਤਸਰ ਦਿਹਾਤੀ 'ਚ 9, ਬਟਾਲਾ 'ਚ 8, ਪਠਾਨਕੋਟ 'ਚ 6, ਹੁਸ਼ਿਆਰਪੁਰ 'ਚ 4, ਕਪੂਰਥਲਾ 'ਚ 25, ਪਟਿਆਲਾ 'ਚ 2 ਕਿਸਾਨਾਂ ਤੇ 11 ਮਜ਼ਦੂਰਾਂ, ਸੰਗਰੂਰ 'ਚ 35, ਮਲੇਰਕੋਟਲਾ 'ਚ 143 ਕਿਸਾਨਾਂ ਤੇ 70 ਖੇਤ ਮਜ਼ਦੂਰਾਂ, ਬਰਨ-ਾਲਾ 'ਚ 9 ਕਿਸਾਨਾਂ ਤੇ 3 ਮਜ਼ਦੂਰਾਂ, ਲੁਧਿਆਣਾ ਦਿਹਾਤੀ 'ਚ 82 ਕਿਸਾਨਾਂ ਤੇ 68 ਕਿਸਾਨਾਂ, ਖੰਨਾਂ 'ਚ 48 ਕਿਸਾਨਾਂ ਤੇ 4 ਮਜ਼ਦੂਰਾਂ, ਸ਼ਹੀਦ ਭਗਤ ਸਿੰਘ ਨਗਰ 'ਚ 2, ਰੂਪਨਗਰ 'ਚ 14, ਮੋਹਾਲੀ 'ਚ 5, ਫਿਰੋਜ਼ਪੁਰ 'ਚ 2, ਫਾਜ਼ਿਲਕਾ 'ਚ 10 ਕਿਸਾਨਾਂ ਤੇ 4 ਮਜ਼ਦੂਰਾਂ, ਤਰਨਤਾਰਨ 'ਚ 23 ਕਿਸਾਨਾਂ ਤੇ ਛੇ ਮਜ਼ਦੂਰਾਂ, ਫਰੀਦਕੋਟ 'ਚ 109 ਕਿਸਾਨਾਂ ਤੇ 22 ਮਜ਼ਦੂਰਾਂ, ਮੋਗਾ 'ਚ 39 ਕਿਸਾਨਾਂ ਤੇ 59 ਮਜ਼ਦੂਰਾਂ, ਸ੍ਰੀ ਮੁਕਤਸਰ ਸਾਹਿਬ 'ਚ 46 ਕਿਸਾਨਾਂ ਤੇ 36 ਮਜ਼ਦੂਰਾਂ, ਬਠਿੰਡਾ 'ਚ 269 ਕਿਸਾਨਾਂ ਤੇ 17 ਮਜ਼ਦੂਰਾਂ, ਮਾਨਸਾ 'ਚ 314 ਕਿਸਾਨਾਂ 'ਤੇ 89 ਮਜ਼ਦੂਰਾਂ ਨੇ ਖ਼ੁਦਕਸ਼ੀ ਕੀਤੀ ਹੈ। ਇਸੇ ਤਰ੍ਹਾਂ ਰੇਲਵੇ ਪੁਲਿਸ ਦੇ ਰਿਕਾਰਡ ਮੁਤਾਬਿਕ 187 ਕਿਸਾਨਾਂ ਅਤੇ 14 ਮਜ਼ਦਰਾਂ ਨੇ ਜੀਵਨ ਲੀਲਾ ਸਮਾਪਤ ਕੀਤੀ ਹੈ। ਇਹ ਅੰਕੜੇ ਉਹ ਹਨ ਜਿਹੜੇ ਪੁਲਿਸ ਨੇ ਕੇਸ ਦਰਜ ਕੀਤੇ ਹਨ ਜਦਕਿ ਹਕੀਕਤ ਕੁੱਝ ਹੋਰ ਦੱਸੀ ਜਾਂਦੀ ਹੈ।



ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਜਵਾਬ ਵਿਚ ਦੱਸਿਆ ਕਿ ਫ਼ਸਲੀ ਕਰਜ਼ਾ ਰਾਹਤ ਸਕੀਮ ਤਹਿਤ 5,63,198 ਕਿਸਾਨਾਂ ਦਾ ਕੁੱਲ 4610.71 ਕਰੋੜ ਰੁਪਏ ਫ਼ਸਲੀ ਕਰਜ਼ੇ ਮਾਫ਼ ਕੀਤੇ ਗਏ ਹਨ। ਇਸੇ ਤਰ੍ਹਾਂ ਸਕੀਮ ਤਹਿਤ 1,06,244 ਹੋਰ ਕਿਸਾਨਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਦੇ 1199.20 ਕਰੋੜ ਰੁਪਏ ਦੇ ਕਰਜ਼ੇ ਮਾਫ਼ ਕੀਤੇ ਜਾਣਗੇ। ਇਸੇ ਤਰ੍ਹਾਂ 2,64,924 ਬੇਜ਼ਮੀਨੇ ਖੇਤੀ ਕਾਮਿਆ ਨੂੰ 442.52 ਕਰੋੜ ਰੁਪਏ ਦੀ ਕਰਜ਼ਾ ਰਾਹਤ ਦਿੱਤੀ ਗਈ ਹੈ।

# ਬਿਹਤਰ ਜ਼ਿੰਦਗੀ ਦਾ ਰਾਹ



ਕੇਹਰ ਸ਼ਰੀਫ
+49 173 3546050

ਮਨੁੱਖੀ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ, ਇਸ ਦੀ ਖੂਬਸੂਰਤੀ ਦੇ ਵਾਧੇ ਵਿਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਮਨੁੱਖ ਜੀਊਂਦਿਆਂ ਬਹੁਤ ਸਾਰੇ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਵਾਸਤੇ ਪੂਰੀ ਵਾਹ ਲਾਉਂਦਾ ਹੈ। ਕਿਤਾਬਾਂ ਪੜ੍ਹਦਿਆਂ ਸੋਚਣ ਦੇ ਨਵੇਂ ਢੰਗ-ਤਰੀਕੇ ਸਿੱਖਦਾ ਹੈ ਅਤੇ ਉਨ੍ਹਾਂ ਉੱਤੇ ਅਮਲ ਕਰਨ ਵਲ ਰੁਚਿਤ ਹੁੰਦਾ ਹੈ। ਜਦੋਂ ਸਮਾਜ ਦੀ ਵਰਤਮਾਨ ਅੰਦਰਲੀ ਦਸ਼ਾ ਬਾਰੇ ਸੋਝੀ ਹੁੰਦੀ ਹੈ ਤਾਂ ਨਵੇਂ ਰਾਹ ਭਾਲਦਾ ਅਤੇ ਉਨ੍ਹਾਂ 'ਤੇ ਤੁਰਨ ਦਾ ਜਤਨ ਕਰਦਾ ਹੈ। ਗਿਆਨ ਬੰਦੇ ਨੂੰ ਇਸ ਰਾਹੇ ਤੋਰਨ ਦਾ ਸਬੱਬ ਬਣਦਾ ਹੈ, ਜਿਸ ਦੇ ਆਸਰੇ ਮਨੁੱਖ ਜਗਿਆਸੂ ਬਿਰਤੀ ਨਾਲ ਆਪਣੀ ਮਿੱਥੀ ਹੋਈ ਮੰਜ਼ਿਲ ਵਲ ਸੌਖਿਆਂ ਵਧ ਸਕਦਾ ਹੈ।

ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਖਾਣ-ਪੀਣ ਅਤੇ ਰਹਿਣ ਆਦਿ ਦੀਆਂ ਸਹੂਲਤਾਂ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਜਿਨ੍ਹਾਂ ਲੋਕਾਂ ਨੇ ਬੌਧਿਕਤਾ ਵਲ ਤੁਰਨਾ ਹੁੰਦਾ ਹੈ ਉਨ੍ਹਾਂ ਨੂੰ ਕਿਤਾਬਾਂ ਦੀ ਉਂਗਲ ਫੜਨੀ ਹੀ ਪੈਂਦੀ ਹੈ ਤਾਂ ਜੋ ਗਿਆਨ/ਸੂਝ ਦੇ ਦਰ ਤੱਕ ਪਹੁੰਚ ਸਕਣ। ਅੱਜ ਉਹ ਵਕਤ ਹੈ ਜਦੋਂ ਕਿਤਾਬ ਬਹੁਤ ਸਾਰੇ ਲੋਕਾਂ ਦੇ ਵਸੋਂ ਬਾਹਰੀ 'ਸ਼ੈਅ' ਨਹੀਂ, ਲੋੜ ਤਾਂ ਇਸ ਪਾਸੇ ਰੁਖ ਕਰਕੇ ਤੁਰਨ ਦੀ ਹੈ। ਆਦਤ ਜਾਂ ਗੇਜ੍ਹ ਪਾਉਣ ਦੀ ਹੈ। ਇਸਦਾ ਸਬੰਧ ਮਨ ਦੀ ਜਗਿਆਸੂ ਬਿਰਤੀ ਨਾਲ ਹੈ। ਇਸ ਵਾਸਤੇ ਸੁੱਤੇ ਮਨ ਨੂੰ ਜਗ-ਾਉਣਾ ਪੈਂਦਾ ਹੈ। ਉਂਜ ਵੀ ਅਕਲ ਦੇ ਵਿਹੜੇ ਪੈਰ ਰੱਖਣ ਤੋਂ ਝਿਜਕ/ਸ਼ਰਮ ਕਾਹਦੀ? ਹਰ ਜਗਿਆਸੂ ਮਨੁੱਖ ਕਿਤਾਬ ਨੂੰ ਆਪਣੀ ਲੋੜ ਸਮਝੇ ਤੇ ਇਸਦੇ ਸਿੱਟੇ ਵਜੋਂ ਸਮਾਜ ਜਾਂ ਸਮਾਜਾਂ ਅੰਦਰ ਨਿੱਤ ਪੈਦਾ ਹੁੰਦੇ ਬੇਲੋੜੇ ਤਣਾਵਾਂ/ਟਕਰਾਵਾਂ/ਝਗੜਿਆਂ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ। ਮੈਕਸਿਮ ਗੋਰਕੀ ਦੇ ਕਹਿਣ ਅਨੁਸਾਰ "ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿਚੋਂ ਹੋ ਕੇ ਜਾਂਦਾ ਹੈ।" ਅਜਿਹੇ ਮੁੱਲਵਾਨ ਕਥਨਾਂ ਨੂੰ ਪੱਲੇ ਬੰਨ੍ਹ ਕੇ ਅਮਲ ਕਰ ਲੈਣਾ ਚਹੀਦਾ ਹੈ। ਅਜਿਹਾ ਸਮਾਂ ਜ਼ਿੰਦਗੀ 'ਚ ਸੂਝ ਦੀ ਬਹਾਰ ਵਰਗੀ ਰੁੱਤ ਦਾ ਅਹਿਸਾਸ ਪੈਦਾ ਕਰਦਾ ਹੈ।

ਹਰ ਮਨੁੱਖ ਹੀ ਆਪਣੇ ਘਰ ਦੀ ਖੂਬਸੂਰਤੀ ਵਾਸਤੇ ਲੋੜ ਦੀਆਂ ਚੀਜ਼ਾਂ ਆਪਣੇ ਵਸੋਂ ਬਾਹਰਾ ਹੋ ਕੇ ਖਰੀਦਦਾ ਹੈ, ਪਰ ਗਿਆਨ ਦਾ ਭਰਪੂਰ ਖਜ਼ਾਨਾ ਕਿਤਾਬਾਂ ਖਰੀਦਣ ਵੇਲੇ ਕੰਜੂਸੀ ਕਿਉਂ ਕਰਦਾ ਹੈ? ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਂਦੇ ਲੋਕ ਘਰ ਦੇ ਖਰਚ ਨੂੰ ਸਾਵਾਂ ਰੱਖਣ ਵਾਸਤੇ (ਜਾਂ ਦੂਜਿਆਂ ਸਾਹਮਣੇ ਆਪਣੇ ਆਪ ਨੂੰ ਐਵੇਂ ਹੀ ਸਿਆਣਾ ਦੱਸਣ ਵਾਸਤੇ) ਘਰ ਦਾ ਬੱਜਟ ਬਣਾਉਂਦੇ ਹਨ। ਪਰ ਕਿੰਨੇ ਕੁ ਘਰ ਹੋਣਗੇ ਜਿੱਥੇ ਕਿਤਾਬਾਂ ਲਈ ਖਰਚਣ ਵਾਸਤੇ ਵੀ ਘਰੇਲੂ ਬੱਜਟ ਵਿਚ ਕੁੱਝ ਰੱਖਿਆ ਗਿਆ ਹੋਵੇ ? ਪੰਜਾਬੀ ਲੇਖਕਾਂ ਵਿਚ ਇਹ ਰੁਚੀ ਬਹੁਤ ਹੀ ਘੱਟ ਦੇਖੀ ਗਈ ਹੈ ਕਿ ਉਹ ਖੁਦ ਖਰੀਦ ਕੇ ਕਿਤਾਬਾਂ ਪੜ੍ਹਦੇ ਹੋਣ। ਬਹੁਤੇ ਤਾਂ ਮੁਫਤ ਮਿਲਣ ਵਾਲੀਆਂ ਕਿਤਾਬਾਂ ਦੀ ਹੀ ਉਡੀਕ ਕਰੀ ਜਾਂਦੇ ਹਨ। ਇਸ ਕਰਕੇ ਹੀ ਜਦੋਂ ਕਿਸੇ ਪੁਸਤਕ ਉਤੇ ਹੋ ਰਹੀ ਗੋਸ਼ਟੀ/ਵਿਚਾਰ ਚਰਚਾ ਵਿਚ ਭਾਗ ਲੈਣ ਜਾਂਦੇ ਹਨ ਤਾਂ 'ਮੂੰਹ-ਜ਼ੁਬਾਨੀ' ਭਾਵ ਬਿਨਾ ਕਿਤਾਬ ਪੜ੍ਹਿਆਂ ਹੀ ਉਸ ਕਿਤਾਬ ਬਾਰੇ 'ਵਿਦਵਤਾ ਭਰਪੂਰ' ਲੈਕਚਰ ਝਾੜ ਦੇਣਗੇ। ਜੇ ਕੋਈ ਪੁੱਛ ਲਵੇ ਕਿ ਜਦੋਂ ਕਿਤਾਬ ਪੜ੍ਹੀ ਹੀ ਨਹੀਂ ਤਾਂ ਐਵੇਂ ਹੀ ਬਿਨਾਂ ਕਿਤਾਬ ਪੜ੍ਹਿਆਂ ਕਮ.ਲ ਘੋਟਣ ਦਾ ਕੀ ਫਾਇਦਾ? ਅੱਗਿਓਂ ਬੇ-ਸ਼ਰਮੀ ਭਰਿਆ ਜਵਾਬ ਦੇਣਗੇ, 'ਸੱਦਾ ਭੇਜਣ ਵਾਲੇ ਪ੍ਰਬੰਧਕਾਂ ਦਾ ਮਾਣ ਵੀ ਤਾਂ ਰੱਖਣਾਂ ਹੋਇਆ'। ਜਿਨ੍ਹਾਂ ਸਮਾਜਾਂ ਨੇ ਤਰੱਕੀ/ਵਿਕਾਸ ਕਰਨਾ ਹੁੰਦਾ ਹੈ ਉਨ੍ਹਾਂ ਨੂੰ ਨਵੀਂ ਸੋਚ ਦੀ ਲੋੜ ਪੈਂਦੀ ਹੈ। ਫਲਸਫਿਆਂ ਨੂੰ ਜਨਮ ਦੇਣ ਵਾਲੇ, ਆਮ ਲੋਕਾਂ ਦੀ ਅਗਵਾਈ ਕਰਨ ਦੇ ਐਵੇਂ ਹੀ ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੀ ਨਵੀਂ ਦ੍ਰਿਸ਼ਟੀ/ਨਵੇਂ ਵਿਚਾਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਸਦਕਾ ਕੋਈ ਨਵੀਂ ਲੀਹ ਤੁਰਦੀ ਹੈ। ਜਦੋਂ ਧਾਰਮਿਕ ਬਿਰਤੀ ਵਾਲੇ ਕਹੇ ਜਾਂਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ 'ਰੱਬ ਦੇ ਘਰ' ਦਾ ਰਸਤਾ ਦੱਸਣ ਵਾਸਤੇ ਵੇਦ ਗ੍ਰੰਥ ਰਚੇ ਦੁਨੀਆਂ ਤੇ ਵੱਖੋ-ਵੱਖ ਸਮਾਜਾਂ ਅੰਦਰ ਸੰਚਾਰ ਦੇ ਬਹੁਤ ਘੱਟ ਸਾਧਨ ਮੌਜੂਦ ਸਨ। ਉਦੋਂ ਪੱਤਿਆਂ ਆਦਿ 'ਤੇ ਲਿਖਣ ਦੇ ਯੁੱਗ ਵਿਚ ਵੀ ਗ੍ਰੰਥ ਲਿਖੇ ਗਏ। ਲਗਨ ਮਨੁੱਖ ਨੂੰ ਅਣਦਿਸਦੇ ਰਾਹਾਂ ਉੱਤੇ ਤੁਰਨ ਵਾਲੀ ਸੋਝੀ ਬਖਸ਼ ਦਿੰਦੀ ਹੈ। ਜਦੋਂ ਲਗਨ ਜਨੂਨ ਬਣ ਜਾਵੇ ਤਾਂ ਬੰਦਾ ਕੁੱਝ ਵੀ ਕਰ ਸਕਦਾ ਹੈ। ਸੂਝਵਾਨਾਂ ਵਲੋਂ ਸੰਸਾਰ ਨੂੰ ਪਿਆਰ ਕਰਨ ਵਾਲੇ ਹਾਂ ਪੱਖੀ ਲਗਨ/ਜਨੂਨ



ਨੇ ਦੁਨੀਆਂ ਨੂੰ ਬਹੁਤ ਬਦਲਿਆ ਹੈ। ਅੱਜ ਤੱਕ ਅਸੀਂ ਕਿਵੇਂ ਪਹੁੰਚੇ ਹਾਂ ਇਸ ਇਤਿਹਾਸਕ ਵਿਕਾਸ ਦੇ ਰਾਹ ਬਾਰੇ ਪੜ੍ਹਨ/ਜਾਨਣ ਦੀ ਬਹੁਤ ਲੋੜ ਪੈਂਦੀ ਹੈ। ਯਾਦ ਰਹੇ ਉਜਲਾ ਭਵਿੱਖ ਸਿਰਜਣ ਵਾਸਤੇ ਵਰਤਮਾਨ ਨੇ ਬੀਤ ਗਏ ਤੋਂ ਵੀ ਸੇਧ ਲੈਣੀ ਹੁੰਦੀ ਹੈ।

ਬ੍ਰਾਹਮਣਵਾਦੀ ਗਲਬੇ ਦੇ ਦੌਰ ਵਿਚ ਭਾਰਤੀ ਸਮਾਜ ਅੰਦਰ ਅਕਲ ਦੀਆਂ ਗੱਲਾਂ ਦੱਸਦੇ ਇਨ੍ਹਾਂ ਵੇਦ-ਗ੍ਰੰਥਾਂਤੇ ਹੋਰ ਲਿਖਤਾਂ ਨੂੰ ਵਰਤਣ/ਪਰਖਣ/ਸਮਝਣ ਉੱਤੇ ਵੀ ਮਨੁੱਖਾਂ ਨਾਲ ਮੱਤਭੇਦ ਕੀਤਾ ਗਿਆ ਜੋ ਅਜ ਤੱਕ ਵੀ ਨਫਰਤੀ ਦੌਰ ਕਰਕੇ ਵੀ ਜਾਣਿਆ ਜਾਂਦਾ ਹੈ। ਬਹੁਤ ਸਮਾਂ ਬਾਅਦ ਸਮਾਜ ਨੂੰ ਅਸਲੋਂ ਮਨੁੱਖ ਵਾਸਤੇ ਸੁਚੱਜਾ ਬਨਾਉਣ ਵਾਲਿਆਂ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਤਾਹੀ ਨਹੀਂ ਕੀਤੀ। ਜੇ ਗੱਲ ਦਰਸ਼ਨ ਦੇ ਪੱਧਰ 'ਤੇ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿਆਣੇ ਵਿਚਾਰਾਂ ਨਾਲ ਮਨੁੱਖ ਨੂੰ ਸਦਾ ਹੀ ਨਵੀਂ ਵਿਚਾਰਧਾਰਕ ਧਰਤ ਅਤੇ ਨਵੀਂ ਸੇਧ ਮਿਲੀ ਹੈ। ਜਦੋਂ ਨਿਰੀ "ਧਾਰਮਿਕਤਾ" ਦੀਆਂ ਭਰਮਾਊ ਬਾਤਾਂ ਪਾ ਕੇ ਲੋਕਾਂ ਨੂੰ ਇਸ ਧੁੰਦਵਾਦ ਨਾਲ ਹੀ ਪ੍ਰਚਾਇਆ ਜਾਂਦਾ ਹੋਵੇ ਤਾਂ ਸਮਾਜ ਦੀ ਸੱਚੀ ਨਿਰਖ-ਪਰਖ ਕਰਨ ਵਾਲੇ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਆਪਣਾ ਯੋਗਦਾਨ ਪਾਉਂਦੇ ਹਨ। ਸਦੀਆਂ ਪਹਿਲਾਂ ਭਾਰਤ ਅੰਦਰ ਭਗਤੀ ਲਹਿਰ ਸਮੇਂ ਅਤੇ ਗੁਰੂ ਕਾਲ ਵੇਲੇ ਇਸੇ ਤਰ੍ਹਾਂ ਸੰਵਾਦ ਛੇੜਿਆ ਗਿਆ। ਬਾਬਾ ਨਾਨਕ ਵਲੋਂ ਗੋਸ਼ਟਿ ਦਾ ਸਿਧਾਂਤ ਸਾਡੇ ਸਭ ਦੇ ਸਾਹਮਣੇ ਹੈ। ਅੱਜ ਵੀ ਮਸਲੇ ਸੁਲਝਾਣ ਵੇਲੇ "ਕਿਛੁ ਸੁਣੀਐ ਕਿਛੁ ਕਹੀਐ" ਦਾ ਸਿਧਾਂਤਕ ਵਿਚਾਰ ਹੀ ਕੰਮ ਆਉਂਦਾ ਹੈ।

ਚਿਰ ਬਾਅਦ ਨਵੇਂ ਯੁੱਗ ਵਿਚ ਕਾਰਲ ਮਾਰਕਸ ਵਰਗੇ ਮਹਾਨ ਮਨੁੱਖ ਅਤੇ ਉਹਦੇ ਸਾਥੀ ਆਉਂਦੇ ਹਨ ਤੇ ਆਪਣੀਆਂ ਲਿਖਤਾਂ/ਕਿਤਾਬਾਂ ਰਾਹੀਂ ਨਵੇਂ ਵਿਚਾਰਾਂ ਨਾਲ ਮਨੁੱਖਾਂ/ ਸਮਾਜਾਂ ਨੂੰ ਹਲੂਣ ਕੇ ਨਵੇਂ 'ਰਾਹ' ਤੋਰਨ ਦਾ ਸਬੱਬ ਬਣ ਜਾਂਦੇ ਹਨ। (ਕਾਰਲ ਮਾਰਕਸ ਦੀਆਂ ਲਿਖਤਾਂ ਖਾਸ ਕਰਕੇ 'ਸਰਮਾਇਆ' ਲੁੱਟ ਰਹਿਤ ਦੁਨੀਆਂ ਦੇਖਣ ਚਾਹੁਣ ਵਾਲਿਆਂ ਦਾ ਪੱਥ ਪ੍ਰਦਰਸ਼ਕ ਬਣੀ ਅਤੇ ਜਦੋਂ ਤੱਕ ਲੁੱਟ ਰਹਿਤ ਸਮਾਜ ਨਹੀਂ ਬਣਦਾ, ਬਣੀ ਰਹੇਗੀ) ਨਵੀਆਂ ਲੀਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਆਪ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਸੰਗੀਆਂ-ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਨੂੰ ਵੀ ਇਸੇ ਰਾਹੇ ਤੁਰਨ ਵਾਸਤੇ ਪ੍ਰੇਰਿਤ ਕੀਤਾ। ਧਾਰਮਿਕ ਖੇਤਰ ਵਿਚ ਸ਼ਰਧਾਵਾਨ ਤਾਂ ਕਰੋੜਾਂ ਹੀ ਨਿੱਤ ਦੇਖੇ ਜਾ ਸਕਦੇ ਹਨ, ਇਨ੍ਹਾਂ ਵਿਚੋਂ ਸ਼ਬਦ ਨਾਲ ਕਿੰਨੇ ਕੁ ਜੁੜੇ ਹੋਏ ਹਨ? ਇੱਥੇ ਸਵਾਲੀਆ ਨਿਸ਼ਾਨ ਕਾਫੀ ਵੱਡਾ ਨਜ਼ਰ ਆਉਂਦਾ ਹੈ। ਸੰਸਾਰ ਵਿਚ ਹਰ ਧਾਰਮਕ ਜਾਂ ਗੈਰ-ਧਾਰਮਕ ਮਨੁੱਖ ਦਾ ਗੁਰੂ - ਸ਼ਬਦ / ਗਿਆਨ ਹੀ ਹੈ।

ਜਾਗਦੇ ਮਨੁੱਖ ਦੇ ਮਨ ਦੀ ਜਗਿਆਸਾ ਮਨੁੱਖ ਨੂੰ ਟਿਕ ਕੇ ਬਹਿਣ ਨਹੀਂ ਦਿੰਦੀ। ਇਹ ਟਿਕ ਕੇ ਨਾ ਬਹਿਣ ਦੀ ਬਿਰਤੀ ਹੀ ਮਨੁੱਖ ਨੂੰ ਕ੍ਰਿਆਸ਼ੀਲ ਰਖਦੀ ਹੈ। ਪੱਛਮੀ ਸਮਾਜਾਂ ਵਿਚ ਜਿੱਧਰ ਵੀ ਜਾਓ ਲੋਕਾਂ ਦੇ ਘਰਾਂ ਵਿਚ ਹੋਰ ਲੋੜ ਵਾਲੀਆਂ ਵਸਤਾਂ ਦੇ ਨਾਲ ਤੁਹਾਨੂੰ ਕਿਤਾਬਾਂ ਵੀ ਨਜ਼ਰੀਂ ਪੈਣਗੀਆਂ। ਬਹੁਤ ਸਾਰੇ ਲੋਕ ਵਿਹਲ ਦੇ ਸਮੇਂ ਨੂੰ ਪੜ੍ਹਨ ਲਈ ਵਰਤਦੇ ਹਨ। ਜਨਮ ਦਿਨਾਂ, ਵਿਆਹ-ਸ਼ਾਦੀਆਂ, ਵਰ੍ਹੇ-ਗੰਢਾਂ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਲੋਕ ਕਿਤਾਬਾਂ ਦੇ ਤੋਹਫੇ ਦਿੰਦੇ ਹਨ। ਸਾਡਾ ਸਮਾਜ ਅਜੇ ਵੀ ਝੱਗਿਆਂ/ਫਰਾਕਾਂ, ਲਹਿੰਗਿਆਂ ਆਦਿ ਵਿਚ ਹੀ ਕਿਉਂ ਫਸਿਆਂ ਬੈਠਾ ਹੈ? ਅਸੀਂ ਵੀ ਜੇ ਸੰਸਾਰ ਦੇ ਹਾਣ ਦਾ ਹੋਣਾ ਹੈ ਤਾਂ ਸਾਨੂੰ ਆਪਣੀ ਸੌੜੀ ਸੋਚ ਤਿਆਗ ਕੇ, ਭਰਮਾਂ ਵਿਚੋਂ ਨਿਕਲ ਕੇ ਵਿਗਿਆਨ ਵਾਲੇ ਯੁੱਗ ਦੇ ਹਾਣੀ ਹੋ ਕੇ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ। ਲੋੜ ਹੈ ਅਗਿਆਨ ਦੀਆਂ ਆਪਣੀਆਂ ਹਨੇਰੀਆਂ ਖੁੱਡਾਂ ਵਿਚੋਂ ਨਿਕਲ ਕੇ ਦਿਨ ਦੇ ਚਾਨਣ ਨੂੰ ਫੜਨ ਦੀ। ਇਸ ਚਾਨਣ ਦੇ ਆਸਰੇ ਸੰਸਾਰ ਬਹੁਤ ਹੀ ਖੂਬਸੂਰਤ ਨਜ਼ਰ ਆਵੇਗਾ- ਸਾਨੂੰ ਨਵੇਂ ਨਜ਼ਰੀਏ / ਦ੍ਰਿਸ਼ਟੀਕੋਣ ਦੇ ਲੜ ਲੱਗ ਕੇ ਨਵੀਂ ਧਰਤ ਨੂੰ ਸਿਰਜਣ ਦੀ ਲੋੜ ਹੈ। ਕਿਤਾਬਾਂ ਸ਼ੀਸ਼ਾ ਬਣ ਕੇ ਸਾਡੇ ਸਾਹਮਣੇ ਹਨ ਉਨ੍ਹਾਂ ਵਿਚ ਆਪਣਾ ਆਪ ਦੇਖਣ ਦਾ, ਲੱਭਣ ਦਾ ਤੇ ਆਪਣੀਆਂ ਘਾਟਾਂ ਦੂਰ ਕਰਨ ਦਾ ਜਤਨ ਤਾਂ ਕਰੀਏ। ਉਨ੍ਹਾਂ ਵਿਚ ਪੇਸ਼ ਕੀਤੇ ਵਿਚਾਰਾਂ ਤੋਂ ਸਿੱਖਣ ਦੇ ਰਾਹੇ ਤਾਂ ਪਈਏ। ਕਿਤਾਬਾਂ ਸਾਨੂੰ ਸਹਿਣਸ਼ੀਲ, ਦਇਆਵਾਨ ਤੇ ਚੰਗੇ ਇਨਸਾਨ ਬਣਾਉਂਦੀਆਂ ਹਨ।

ਆਪਣੇ 'ਸਫਰਨਾਮਾ' ਮਾਰਕਾ ਲੇਖਕ ਜਦੋਂ ਵੀ ਬਾਹਰ ਜਾਂਦੇ ਹਨ ਤਾਂ ਖਾਧੇ ਹੋਏ ਪਕੌੜਿਆਂ-ਸਮੋਸਿਆਂ ਜਾਂ ਪੀਤੀਆਂ ਹੋਈਆਂ ਸ਼ਰਾਬਾਂ ਦਾ ਹੀ ਜ਼ਿਕਰ ਕਰੀ ਜਾਣਗੇ। ਬਾਹਰਲੇ ਸਮਾਜ, ਜਿਸ ਬਾਰੇ ਲਿਖਣ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੁੰਦਾ ਹੈ ਬਹੁਤਿਆਂ ਨੂੰ ਉਸਦੀ ਸਮਝ ਨਾ ਹੋਣ ਕਰਕੇ ਉਹਦਾ ਨਿਗੂਣਾ ਜਾਂ ਚਲਵਾਂ ਜਿਹਾ ਹੀ ਜ਼ਿਕਰ ਹੁੰਦਾ ਹੈ ਜਿਸ ਨਾਲ ਆਪਣੇ ਆਪ ਨੂੰ ਇਹ 'ਸਿਆਣੇ' ਕਹਾਉਣ ਵਾਲੇ ਭੰਬ.ਲਭੂਸੇ ਭਰੀ ਧੁੰਦ ਖਿਲਾਰਨ ਤੋਂ ਵੱਧ ਕੁੱਝ ਵੀ ਨਹੀਂ ਕਰਦੇ। ਅਜਿਹੇ ਅਖੌਤੀ 'ਬੁੱਧੀਜੀਵੀਆਂ' ਨੂੰ ਬੌਧਿਕ ਗਰੀਬੀ ਢੋਣ ਵਾਲੇ ਗਰਜਾਂ ਬੱਧੇ ਦੋ-ਲੱਤੇ "ਜੀਵ" ਵੀ ਆਖਿਆ ਜਾ ਸਕਦਾ ਹੈ।

ਮਨੁੱਖ ਹਰ ਵੇਲੇ ਤਾਂ ਸਹਿਜ ਅਵਸਥਾ ਵਿਚ ਨਹੀਂ ਹੁੰਦਾ। ਕਦੇ ਮਨ ਵਿਚ ਕਿਸੇ ਗੱਲ ਦੀ ਕੁੜੱਤਣ, ਕਦੇ ਘਰੇਲੂ ਪ੍ਰੇਸ਼ਾਨੀਆਂ ਜਾਂ ਸਮਾਜ ਵਿਚ ਵਾਪਰ ਰਹੇ ਨਵੇਂ ਦਿਲ-ਢਾਹੂ ਵਰਤਾਰੇ ਸੰਵੇਦਨਸ਼ੀਲ ਮਨੁੱਖ ਨੂੰ ਦੁਖੀ ਕਰਦੇ ਹਨ। ਇਨ੍ਹਾਂ ਜਾਂ ਇਨ੍ਹਾਂ ਵਰਗੀਆਂ ਹੋ ਰਹੀਆਂ ਹੋਰ ਗੱਲਾਂ ਦੇ ਕਾਰਨਾਂ ਬਾਰੇ ਸੋਚਣ ਵਾਸਤੇ ਮਨ ਨੂੰ ਇਕਾਗਰ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਮੌਕੇ ਮਨੁੱਖ ਵਾਸਤੇ ਕਿਤਾਬਾਂ ਤੋਂ ਵੱਡਾ ਹੋਰ ਕੌਣ ਸਹਾਈ ਹੋ ਸਕਦਾ ਹੈ? ਵਿਅਕਤੀ ਕੋਈ ਕਵਿਤਾ, ਕਹਾਣੀ, ਲੇਖ ਜਾਂ ਕੁੱਝ ਵੀ ਪੜ੍ਹੇ ਮਨ ਹੋਰ ਤਰ੍ਹਾਂ ਸੋਚਣ ਲਗਦਾ ਹੈ। ਇਹ 'ਹੋਰ' ਤਰ੍ਹਾਂ ਸੋਚਣਾਂ ਮਨ ਅੰਦਰ ਨਵਾਂ ਵਿਚਾਰ ਪੈਦਾ ਕਰਨ ਦਾ ਵਸੀਲਾ ਬਣ ਜਾਂਦਾ ਹੈ। ਮਨ ਨੂੰ ਚੜ੍ਹਦੀ ਕਲਾ ਵਲ ਜਾਣ ਦਾ ਰਸਤਾ ਮਿਲ ਜਾਂਦਾ ਹੈ। ਪਰ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਾਧਨ ਵੀ ਹੋਵੇ। ਭਾਵ ਜੇ ਘਰ ਵਿਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਘਰੇਲੂ ਔਰਤਾਂ ਵੀ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਜਾਂ ਘਰੇਲੂ ਕੰਮਾਂ ਵਿਚੋਂ ਵਿਹਲ ਕੱਢ ਕੇ ਹਨੇਰ ਖਲਾਰਦੇ ਟੀ. ਵੀ ਸੀਰੀਅਲਾਂ ਦੀ ਥਾਂ ਪੜ੍ਹਨ ਵਲ ਰੁਚਿਤ ਹੋ ਸਕਦੀਆਂ ਹਨ। ਇਸ ਤਰ੍ਹਾਂ ਮਾਵਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪੜ੍ਹਨ ਦੀ ਆਦਤ ਵੀ ਪਾ ਸਕਦੀਆਂ ਹਨ। ਛੋਟੇ ਬੱਚਿਆਂ ਵਾਸਤੇ ਤਸਵੀਰਾਂ ਵਾਲੀਆਂ ਕਿਤਾਬਾਂ ਬੇਹੱਦ ਜਰੂਰੀ ਅਤੇ ਲਾਭਦਾਇਕ ਹਨ ਜੋ ਹਰ ਘਰ ਵਿਚ ਹੋਣੀਆਂ ਚਾਹੀਦੀਆਂ ਹਨ, ਤਸਵੀਰਾਂ ਦੇਖਦਿਆਂ ਬੱਚੇ ਸਹਿਜ ਨਾਲ ਹੀ ਨਾਲ ਲਿਖਿਆ ਹੋਇਆ ਪਾਠ ਵੀ ਪੜ੍ਹਨਾ ਸਿੱਖਣ ਦਾ ਜਤਨ ਵੀ ਕਰਨਗੇ, ਇਸ ਤਰ੍ਹਾਂ ਬੱਚਿਆਂ ਨੂੰ ਬਿਨਾਂ ਕਿਸੇ ਔਖ ਤੋਂ ਸ਼ਬਦ ਦੇ ਲੜ ਲਾਇਆ ਜਾ ਸਕਦਾ ਹੈ। ਬੱਚੇ ਨੂੰ ਬਚਪਨ ਵਿਚ ਕਿਤਾਬ ਦੇ ਕੇ ਉਸਨੂੰ ਸਾਰੀ ਉਮਰ ਵਾਸਤੇ ਕਿਤਾਬ ਨਾਲ ਜੋੜਿਆ ਜਾ ਸਕਦਾ ਹੈ। ਬੱਚਿਆਂ ਵਾਸਤੇ ਕਿਤਾਬਾਂ ਛਾਪਣ ਵਾਲਿਆਂ ਸਿਰ ਵੱਡੀ ਜ਼ੁੰਮੇਵਾਰੀ ਹੈ ਉਹ ਇਸ ਗੱਲ ਦਾ ਖਿਆਲ ਰੱਖਣ ਕਿ ਛੋਟੇ ਬੱਚੇ ਜੇ ਕਿਤਾਬ ਮੂੰਹ ਵਿਚ ਵੀ ਪਾ ਲੈਣ ਤਾਂ ਉਹ ਬੱਚੇ ਦੀ ਸਿਹਤ ਨੂੰ ਨੁਕਸਾਨ ਕਰਨ ਵਾਲਾ ਕੋਈ ਕਾਗਜ਼/ ਗੱਤਾ ਆਦਿ ਵਰਤੋਂ ਨਾ ਕਰਨ ।

ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਕਿਸੇ ਵੀ ਸਮਾਜ ਨੂੰ ਕਿਤਾਬਾਂ ਦੇ ਲੜ ਲਾ ਕੇ ਉਸ ਸਮਾਜ ਨੂੰ ਅਕਾਰਨ ਹੀ ਪੈਦਾ ਹੋਣ ਵਾਲੇ ਗੈਰ ਜਰੂਰੀ ਝਗੜਿਆਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਕਿਤਾਬਾਂ ਦੇ ਆਸਰੇ ਊਚ-ਨੀਚ, ਵਖਰੇਵਿਆਂ, ਪਾੜਿਆਂ, ਜੰਗਾਂ ਅਤੇ ਨਫ਼ਰਤਾਂ ਤੋਂ ਰਹਿਤ, ਸੁਹਣਾ-ਸੁਚੱਜਾ ਅਤੇ ਭਰੱਪਣ ਭਰਿਆ, ਸ਼ਾਂਤਮਈ ਸਮਾਜ / ਸੰਸਾਰ ਵੀ ਸਿਰਜਿਆ ਜਾ ਸਕਦਾ ਹੈ।

# ਹਜ਼ਾਰਾਂ ਪਾਬੰਦੀਆਂ ਤੋਂ ਬਾਅਦ ਵੀ ਮਜ਼ਬੂਤੀ ਦੇ ਨਾਲ ਕਿਵੇਂ ਖੜ੍ਹਾ ਹੈ ਰੂਸ

ਰੂਸ ਅਤੇ ਯੂਕਰੇਨ ਵਿਚਾਲੇ ਪਿਛਲੇ ਇੱਕ ਸਾਲ ਤੋਂ ਜੰਗ ਚੱਲ ਰਹੀ ਹੈ। ਹਾਲ ਹੀ ਵਿੱਚ ਰੂਸ-ਯੂਕਰੇਨ ਯੁੱਧ ਨੂੰ ਇੱਕ ਸਾਲ ਪੂਰਾ ਹੋਇਆ ਹੈ। ਇਸ ਦੇ ਬਾਵਜੂਦ ਦੋਵਾਂ ਦੇਸ਼ਾਂ ਵਿਚਾਲੇ ਕੋਈ ਸੁਲ੍ਹਾ ਨਹੀਂ ਹੋ ਸਕੀ ਹੈ। ਹਾਲਾਂਕਿ ਅਮਰੀਕਾ, ਯੂਰਪ ਸਮੇਤ ਕਈ ਦੇਸ਼ਾਂ ਨੇ ਯੂਕਰੇਨ ਲਈ ਆਪਣਾ ਸਮਰਥਨ ਦਿਖਾਇਆ ਹੈ, ਜਦਕਿ ਰੂਸ ਦੇ ਖਿਲਾਫ ਪਾਬੰਦੀਆਂ ਵੀ ਲਗਾਈਆਂ ਗਈਆਂ ਹਨ।

**ਰੂਸ 'ਤੇ ਇਕ ਸਾਲ 'ਚ 10,000 ਪਾਬੰਦੀਆਂ ਲਗਾਈਆਂ ਗਈਆਂ**

ਜਾਣਕਾਰੀ ਮੁਤਾਬਕ ਫਰਵਰੀ 2022 'ਚ ਸ਼ੁਰੂ ਹੋਈ ਰੂਸ-ਯੂਕਰੇਨ ਜੰਗ ਤੋਂ ਬਾਅਦ ਰੂਸ 'ਤੇ ਕਈ ਪਾਬੰਦੀਆਂ ਲਗਾਈਆਂ ਗਈਆਂ ਹਨ। ਇਸ ਸਾਲ ਫਰਵਰੀ ਦੀ ਸ਼ੁਰੂਆਤ ਤੱਕ ਰੂਸ 'ਤੇ 10,000 ਤੋਂ ਵੱਧ ਪਾਬੰਦੀਆਂ ਲਗਾਈਆਂ ਜਾ ਚੁੱਕੀਆਂ ਹਨ। ਇਨ੍ਹਾਂ ਵਿਚ ਤੇਲ, ਹਥਿਆਰਾਂ ਦੇ ਵਪਾਰ ਸਮੇਤ ਕਈ ਪਾਬੰਦੀਆਂ ਸ਼ਾਮਲ ਹਨ। ਇਸ ਤੋਂ ਇਲਾਵਾ ਕਈ ਦੇਸ਼ਾਂ ਵਿਚ ਮੌਜੂਦ ਰੂਸ ਦੀਆਂ ਜਾਇਦਾਦਾਂ ਨੂੰ ਵੀ ਜ਼ਬਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਰੂਸੀ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਨੇਤਾਵਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਰੂਸ 'ਤੇ ਲਗਾਈਆਂ ਗਈਆਂ ਪਾਬੰਦੀਆਂ ਦਾ ਅਸਰ ਇੱਥੋਂ ਦੇ ਨਾਗਰਿਕਾਂ ਅਤੇ ਕਾਰੋਬਾਰੀਆਂ 'ਤੇ ਵੀ ਪਿਆ ਹੈ, ਕਿਉਂਕਿ ਉਨ੍ਹਾਂ ਦੇ ਨਾਗਰਿਕ ਦੂਜੇ ਦੇਸ਼ਾਂ ਦੀ ਯਾਤਰਾ ਕਰਨ ਦੇ ਯੋਗ ਵੀ ਨਹੀਂ ਹਨ।

**ਯੁੱਧ ਕਾਰਨ ਰੂਸ ਨੂੰ ਆਰਥਿਕ ਨੁਕਸਾਨ ਹੋਇਆ**

ਇੱਕ ਸਾਲ ਬਾਅਦ ਵੀ ਰੂਸ-ਯੂਕਰੇਨ ਜੰਗ ਦੀ ਕੀਮਤ ਰੂਸ ਚੁਕਾ ਰਿਹਾ ਹੈ। ਇਸ ਜੰਗ ਕਾਰਨ ਰੂਸ ਨੂੰ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਸਥਿਤੀ ਇਹ ਹੈ ਕਿ ਇਸ ਦਾ



ਸਿੱਧਾ ਅਸਰ ਰੂਸ ਦੇ ਤੇਲ, ਹਥਿਆਰਾਂ, ਗੈਸ ਅਤੇ ਤਕਨੀਕੀ ਕਾਰੋਬਾਰ 'ਤੇ ਪਿਆ ਹੈ ਕਿਉਂਕਿ ਕਈ ਦੇਸ਼ਾਂ ਨੇ ਜੰਗ ਕਾਰਨ ਰੂਸ ਤੋਂ ਸਾਮਾਨ ਦੀ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ।

**ਰੂਸ-ਯੂਕਰੇਨ ਯੁੱਧ ਵਿੱਚ ਲੱਖਾਂ ਸੈਨਿਕਾਂ ਨੇ ਆਪਣੀ ਜਾਨ ਗਵਾਈ**

ਰੂਸ-ਯੂਕਰੇਨ ਯੁੱਧ ਵਿਚ ਰੂਸ ਦੇ 1.80 ਲੱਖ ਸੈਨਿਕ ਮਾਰੇ ਗਏ ਜਾਂ ਜ਼ਖਮੀ ਹੋਏ ਹਨ। ਇਸ ਤੋਂ ਇਲਾਵਾ ਯੂਕਰੇਨ ਦੇ 1 ਲੱਖ ਸੈਨਿਕ ਵੀ ਮਾਰੇ ਗਏ ਜਾਂ ਜ਼ਖਮੀ ਹੋਏ ਹਨ। ਹਾਲਾਂਕਿ, ਯੂਕਰੇਨ ਨੇ 23 ਫਰਵਰੀ 2023 ਤੱਕ ਰੂਸ ਦੇ 1 ਲੱਖ 45 ਹਜ਼ਾਰ ਤੋਂ ਵੱਧ ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ, ਪਰ ਯੂਕਰੇਨ ਦੁਆਰਾ ਆਪਣੇ ਸੈਨਿਕਾਂ ਬਾਰੇ ਕੋਈ ਅਧਿਕਾਰਤ ਅੰਕੜਾ ਸਾਂਝਾ ਨਹੀਂ ਕੀਤਾ ਗਿਆ ਹੈ।

**ਆਮ ਲੋਕਾਂ 'ਤੇ ਜੰਗ ਦਾ ਪ੍ਰਭਾਵ**

ਦੱਸ ਦੇਈਏ ਕਿ ਇਸ ਜੰਗ ਦਾ ਸਭ ਤੋਂ ਵੱਧ ਅਸਰ ਆਮ ਨਾਗਰਿਕਾਂ 'ਤੇ ਪਿਆ ਹੈ। ਜੰਗ ਪ੍ਰਭਾਵਿਤ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ ਆਪਣੇ ਘਰ ਛੱਡ ਕੇ ਹਿਜਰਤ ਕਰ ਗਏ ਹਨ। ਇਸ ਤੋਂ ਇਲਾਵਾ ਇਸ ਜੰਗ ਵਿੱਚ ਸੈਂਕੜੇ ਬੱਚੇ ਵੀ ਆਪਣੀ ਜਾਨ ਗੁਆ ਚੁੱਕੇ ਹਨ। ਇਸ ਦੇ ਨਾਲ ਹੀ ਲੱਖਾਂ ਲੋਕਾਂ ਨੇ ਦੂਜੇ ਦੇਸ਼ਾਂ ਵਿਚ ਸ਼ਰਨ ਲਈ ਹੈ। ਨਾਲ ਹੀ, ਰੂਸੀ ਹਮਲਿਆਂ ਵਿੱਚ ਯੂਕਰੇਨ ਦਾ $ 138 ਬਿਲੀਅਨ ਦਾ ਬੁਨਿਆਦੀ ਢਾਂਚਾ ਤਬਾਹ ਹੋ ਗਿਆ ਹੈ।

**ਜੰਗ ਤੋਂ ਬਾਅਦ ਵੀ ਰੂਸ ਮਜ਼ਬੂਤ**

ਹਾਲਾਂਕਿ ਇਸ ਜੰਗ ਕਾਰਨ ਰੂਸ ਨੂੰ ਕਈ ਆਰਥਿਕ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਤੋਂ ਬਾਅਦ ਵੀ ਰੂਸ ਡਟਿਆ ਹੋਇਆ ਹੈ। ਇਸ ਦੀ ਝਲਕ ਰੂਸ ਦੇ ਰਾਸ਼ਟਰਪਤੀ ਦੇ ਬਿਆਨਾਂ ਵਿਚ ਵੀ ਕਈ ਵਾਰ ਦੇਖਣ ਨੂੰ ਮਿਲੀ ਹੈ। ਯੁੱਧ ਦੇ ਇੱਕ ਸਾਲ ਪੂਰਾ ਹੋਣ ਤੋਂ ਪਹਿਲਾਂ ਇੱਕ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਮੈਂ ਦੁਹਰਾਉਣਾ ਚਾਹੁੰਦਾ ਹਾਂ, ਇਹ ਉਹ ਹਨ ਜੋ ਯੁੱਧ ਲਈ ਜ਼ਿੰਮੇਵਾਰ ਹਨ ਅਤੇ ਅਸੀਂ ਇਸ ਨੂੰ ਰੋਕਣ ਲਈ ਤਾਕਤ ਦੀ ਵਰਤੋਂ ਕਰ ਰਹੇ ਹਾਂ। ਪੁਤਿਨ ਨੇ ਇਹ ਵੀ ਦਾਅਵਾ ਕੀਤਾ ਕਿ ਰੂਸ ਨੇ ਯੂਕਰੇਨ ਦੇ ਵੱਖਵਾਦੀ ਡੋਨਬਾਸ ਖੇਤਰ ਨੂੰ ਸ਼ਾਂਤੀਪੂਰਵਕ ਆਪਣੇ ਨਾਲ ਮਿਲਾ ਲਿਆ ਹੈ।

**ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ 'ਤੇ ਦੋਸ਼ ਲਗਾਇਆ**

ਰੂਸ-ਯੂਕਰੇਨ ਜੰਗ ਦੇ ਵਿਚਕਾਰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੱਡਾ ਬਿਆਨ ਦਿੱਤਾ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਯੂਕਰੇਨ ਤੋਂ ਹਮਲਾਵਰ ਸਾਡੇ ਖੇਤਰ ਵਿੱਚ ਦਾਖ਼ਲ ਹੋਏ ਸਨ ਅਤੇ ਹਮਲਾ ਕੀਤਾ ਸੀ। ਹਾਲਾਂਕਿ ਮੰਨਿਆ ਜਾ ਰਿਹਾ ਹੈ ਕਿ ਇਸ ਘਟਨਾ ਤੋਂ ਬਾਅਦ ਰੂਸ ਅਤੇ ਯੂਕਰੇਨ ਵਿਚਾਲੇ ਤਣਾਅ ਹੋਰ ਵਧ ਸਕਦਾ ਹੈ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਸ 'ਤੇ ਸਖ਼ਤ ਰੁਖ਼ ਅਪਣਾ ਸਕਦੇ ਹਨ।

# ਪੰਜਾਬ ਦੇ ਅਸਲ ਨਾਇਕਾਂ ਉਪਰ ਬਣੀਆਂ ਫਿਲਮਾਂ

ਲਖਵਿੰਦਰ ਸੰਧੂ

ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਸੂਬੇ ਦੇ ਲੋਕ ਨਾਇਕਾਂ ਨੇ ਹੀ ਦਿੱਤੀਆਂ। ਇਨ੍ਹਾਂ ਨਾਇਕਾਂ ਦੇ ਜੀਵਨ ਨੂੰ ਸਿਨੇਮਾ ਉਤੇ ਦੇਖਣ ਦਾ ਅਨੁਭਵ ਸੱਚੀ ਅਨੋਖਾ ਸੀ। 1999 ਵਿਚ ਆਈ ਰਾਜ ਬੱਬਰ ਦੀ ਫਿਲਮ ਸ਼ਹੀਦ ਊਧਮ ਸਿੰਘ ਚਿੱਤਰਾਰਥ ਵੱਲੋਂ ਨਿਰਦੇਸ਼ਤ ਕੀਤੀ ਗਈ ਸੀ। ਇਸ ਵਿਚ ਗੁਰਦਾਸ ਮਾਨ, ਅਮਰੀਸ਼ ਪੁਰੀ, ਸ਼ਤਰੂਘਨ ਸਿਨਹਾ ਤੇ ਹੋਰ ਕਈ ਸਟਾਰਾਂ ਨੇ ਕੰਮ ਕੀਤਾ। ਫਿਲਮ ਵਿਚ 1919 ਦੇ ਅੰਮ੍ਰਿਤਸਰ ਦੇ ਕਤਲੇਆਮ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦੇ ਜੀਵਨ ਦੇ ਸੰਘਰਸ਼ ਨੂੰ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਉਤੇ ਬਣੀ ਫਿਲਮ ਸਰਾਭਾ : ਕਰਾਈ ਫਾਰ ਫਰੀਡਮ ਦਾ ਨਿਰਦੇਸ਼ਨ ਕਵੀ ਰਾਜ਼ ਨੇ ਕੀਤਾ। ਇਸ ਵਿਚ ਕਵੀ ਰਾਜ਼, ਅੰਕੁਰ ਰਾਤੀ, ਪੁਨੀਤ ਆਦਿ ਸਟਾਰਾਂ ਨੇ ਕੰਮ ਕੀਤਾ। ਗ਼ਦਰ ਲਹਿਰ ਤੇ ਆਜ਼ਾਦੀ

















ਘੁਲਾਟੀਏ ਕਰਤਾਰ ਸਿੰਘ ਸਰਾਭਾ ਦੇ ਜੀਵਨ ਦੇ ਆਲੇ-ਦੁਆਲੇ ਘੁੰਮਦੀ ਇਹ ਪੀਰੀਅਡ ਡਰਾਮਾ ਫਿਲਮ ਗਦਰ ਲਹਿਰ ਦੇ ਇਤਿਹਾਸ ਦੇ ਪੰਨਿਆਂ ਨੂੰ ਖੋਲ੍ਹਦੀ ਹੈ। ਓਮੀ ਬੇਦੀ ਦੀ ਫਿਲਮ ਅਮਰ ਸ਼ਹੀਦ ਭਗਤ ਸਿੰਘ ਵੀ ਇਸ ਸ਼੍ਰੇਣੀ ਵਿਚ ਆਉਂਦੀ ਹੈ। ਜਿਸ ਵਿਚ ਰਜਨੀ ਬਾਲਾ, ਸੋਮ ਦੱਤ, ਦਾਰਾ ਸਿੰਘ ਰੰਧਾਵਾ ਵਰਗੇ ਸਟਾਰ ਸਨ।

ਇਸ ਵਿਚ ਸ਼ਹੀਦ ਭਗਤ ਸਿੰਘ ਜੀਵਨ, ਆਦੇ ਸੰਘਰਸ਼ ਤੇ ਸ਼ਹਾਦਤ ਨੂੰ ਪੇਸ਼ ਕੀਤਾ ਗਿਆ। ਇਨ੍ਹਾਂ ਫਿਲਮਾਂ ਤੋਂ ਇਲਾਵਾ ਲਾਲਾ ਲਾਜਪਾਤ ਰਾਏ, ਮਦਨ ਲਾਲ ਢੀਗਰਾ ਤੇ ਗਦਰੀ ਬਾਬਿਆਂ ਦੇ ਜੀਵਨ ਉਤੇ ਕਈ ਲਘੂ ਫਿਲਮਾਂ ਦਾ ਨਿਰਮਾਣ ਵੀ ਹੋਇਆ।

### ਖਿਡਾਰੀ ਨਾਇਕ

ਜਗਦੀਪ ਸਿੱਧੂ ਦੀ ਲਿਖੀ ਤੇ ਵਿਜੇ ਕੁਮਾਰ ਅਰੋੜਾ ਦੀ ਨਿਰਦੇਸ਼ਤ ਕੀਤੀ ਫਿਲਮ ਹਰਜੀਤਾ ਪੰਜਾਬੀ ਨੌਜਵਾਨਾਂ ਵਿਚ ਖੇਡਾਂ ਦੇ ਪ੍ਰਤੀ ਪਿਆਰ ਨੂੰ ਬਹੁਤ ਸੁੰਦਰ ਢੰਗ ਨਾਲ ਪੇਸ਼ ਕਰਦੀ ਹੈ। ਇਸ ਵਿੱਚ ਐਮੀ ਵਿਰਕ, ਸਾਵਨ ਰੂਪੋਵਾਲੀ, ਸਮੀਪ ਰਣੌਤ, ਅਤੇ ਪੰਕਜ ਤ੍ਰਿਪਾਠੀ ਨੇ ਅਦਾਕਾਰੀ ਕੀਤੀ। ਫਿਲਮ ਹਾਕੀ ਖਿਡਾਰੀ ਹਰਜੀਤ ਸਿੰਘ ਦੇ ਜੀਵਨ ਉਤੇ ਆਧਾਰਿਤ ਹੈ। ਜੋ ਕਿ ਗਰੀਬ ਪਰਿਵਾਰ ਤੋਂ ਉੱਠ ਕੇ ਜੂਨੀਅਰ ਵਿਸ਼ਵ ਕੱਪ ਵਿੱਚ ਭਾਰਤੀ ਟੀਮ ਦੀ ਕਪਤਾਨੀ ਕਰਦਾ ਹੈ। ਇਸ ਫਿਲਮ ਵਿਚ ਬਾਲ ਕਲਾਕਾਰ ਵਜੋਂ ਸਮੀਪ ਰਣੌਤ ਨੇ ਸ਼ਾਨਦਾਰ ਅਦਾਕਾਰੀ ਕੀਤੀ, ਜਿਸ ਨੂੰ ਸਰਵੋਤਮ ਬਾਲ ਅਦਾਕਾਰ ਦੇ ਰਾਸ਼ਟਰੀ ਫਿਲਮ ਐਵਾਰਡ ਨਾਲ ਨਿਵਾਜ਼ਿਆ ਗਿਆ। ਫਿਲਮ ਨੂੰ ਸਰਵੋਤਮ ਪੰਜਾਬੀ ਫਿਲਮ ਦਾ ਐਵਾਰਡ ਵੀ ਮਿਲਿਆ। ਇਕ ਖ਼ਿਡਾਰੀ ਦੇ ਸੁਪਨੇ ਨੂੰ ਪੂਰਾ ਕਰਨ ਦੀ ਕਹਾਣੀ ਹਰਜੀਤਾ ਦਰਸ਼ਕਾਂ ਨੂੰ ਨਾਲ ਲੈ ਕੇ ਚੱਲਦੀ ਹੈ। ਫਿਲਮ ਲਈ ਐਮੀ ਵਿਰਕ ਨੇ ਕਾਫੀ ਮਿਹਨਤ ਕੀਤੀ। ਸੁਯਸ਼ ਤ੍ਰਿਵੇਦੀ ਦੀ ਲਿਖੀ ਤੇ ਸ਼ਾਦ ਅਲੀ ਦੀ ਨਿਰਦੇਸ਼ਿਤ ਕੀਤੀ ਫਿਲਮ ਸੂਰਮਾ ਵੀ ਹਾਕੀ ਖਿਡਾਰੀ ਸੰਦੀਪ ਸਿੰਘ ਦੇ ਜੀਵਨ 'ਤੇ ਆਧਾਰਿਤ ਹੈ। ਫਿਲਮ ਵਿੱਚ ਮੁੱਖ ਭੂਮਿਕਾਵਾਂ ਵਿੱਚ ਦਿਲਜੀਤ ਦੋਸਾਂਝ, ਅੰਗਦ ਬੇਦੀ ਅਤੇ ਤਾਪਸੀ ਪੰਨੂ ਮੁੱਖ ਭੂਮਿਕਾ ਵਿਚ ਹਨ।

ਇਹ ਭਾਰਤੀ ਹਾਕੀ ਵਿੱਚ ਫਲਿੱਕਰ ਸਿੰਘ ਵਜੋਂ ਮਸ਼ਹੂਰ ਸੰਦੀਪ ਸਿੰਘ ਦੀ ਕਹਾਣੀ ਹੈ। ਇਸ ਵਿਚ ਸੰਦੀਪ ਸਿੰਘ ਦੀ ਨਿਮਾਣੀ ਸ਼ੁਰੂਆਤ ਤੋਂ ਲੈ ਕੇ ਹਰਿਆਣਾ ਦੇ ਖੇਡ ਮੰਤਰੀ ਦਾ ਅਹੁਦਾ ਸੰਭਾਲਣ ਤੱਕ ਦੇ ਸਫ਼ਰ ਨੂੰ ਪੇਸ਼ ਕੀਤਾ ਗਿਆ ਹੈ। ਅਸਲ ਵਿਚ ਸੂਰਮਾ ਇਕ ਅਜਿਹੇ ਖਿਡਾਰੀ ਦੀ ਕਹਾਣੀ ਹੈ ਜੋ ਪੂਰੇ ਦ੍ਰਿੜ ਇਰਾਦੇ, ਸਖ਼ਤ ਮਿਹਨਤ ਤੇ ਖੇਡ ਦੇ ਅਣਥੱਕ ਜਨੂੰਨ ਨਾਲ ਮੌਤ ਨੂੰ ਨੇੜੇ ਤੋਂ ਅਨੁਭਵ ਕਰ ਕੇ ਮੈਦਾਨ ਵਿਚ ਚਮਤਕਾਰੀ ਵਾਪਸੀ ਕਰਦਾ ਹੈ।

### ਮਨੁੱਖਤਾ ਦੇ ਨਾਇਕ ਭਗਤ ਪੂਰਨ ਸਿੰਘ

ਹਰਜੀਤ ਸਿੰਘ ਵੱਲੋਂ ਨਿਰਦੇਸ਼ਤ ਤੇ ਤੇਜਿੰਦਰ ਦੀ ਲ਼ਿਖੀ ਏਹ ਜਨਮ ਤੁਮ੍ਹਾਰੇ ਲੇਖੇ ਫਿਲਮ ਪੰਜਾਬੀ ਸਿਨੇਮਾ ਦੀ ਇਕ ਸ਼ਾਨਦਾਰ ਪੇਸ਼ਕਾਰੀ ਹੈ। ਇਸ ਵਿਚ ਭਗਤ ਪੂਰਨ ਸਿੰਘ ਜੀ ਦੇ ਜੀਵਨ ਨੂੰ ਦਰਸ਼ਕਾਂ ਦੇ ਅੱਗੇ ਪੇਸ਼ ਕੀਤਾ ਗਿਆ। ਇਹ ਫਿਲਮ ਭਗਤ ਪੂਰਨ ਸਿੰਘ ਦੀ ਯਾਤਰਾ ਹੈ। ਜਿਨ੍ਹਾਂ ਨੇ ਅਜਿਹਾ ਸਫ਼ਰ ਤਹਿ ਕੀਤਾ ਜੋ ਇਨਸਾਨੀ ਨੂੰ ਇਕ ਨਵੀਂ ਸੇਧ ਦੇ ਗਿਆ। ਨੈਤਿਕ ਕਦਰਾਂ-ਕੀਮਤਾਂ ਜੋ ਉਨ੍ਹਾਂ ਨੇ ਆਪਣੀ ਮਾਂ ਤੋਂ ਪ੍ਰਾਪਤ ਕੀਤੀਆਂ ਤੇ ਹਿੰਮਤ, ਦ੍ਰਿਸ਼ਟੀ ਤੇ ਦ੍ਰਿੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ। ਉਨ੍ਹਾਂ ਦੇ ਦਿਲ ਵਿਚ ਸੇਵਾ ਦੀ ਜੋ ਊਰਜਾ ਸੀ, ਉਸ ਨੇ ਕਈ ਬੇਸਹਾਰਾ ਨੂੰ ਘਰ ਦੇ ਨਾਲ-ਨਾਲ ਸਮਾਜ ਵਿਚ ਖੜ੍ਹੇ ਹੋਣ ਦਾ ਬਲ ਬਖ਼ਸ਼ਿਆ। ਉਨ੍ਹਾਂ ਨੇ ਕਈ ਸਾਲਾਂ ਤੱਕ ਕਈ ਬੇਸਹਾਰਾ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਤੇ ਇਸ ਦੌਰਾਨ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ। ਇਹ ਇੱਕ ਮਨੁੱਖ ਦੀ ਪ੍ਰੇਰਨਾਦਾਇਕ ਯਾਤਰਾ ਹੈ ਜੋ ਮਨੁੱਖਤਾ ਦੀ ਸੇਵਾ ਤੇ ਵਾਤਾਵਰਨ ਦੀ ਸੰਭਾਲ ਲਈ ਜੀਵਨ ਭਰ ਸੰਘਰਸ਼ ਕਰਦਾ ਰਿਹਾ। ਫਿਲਮ ਵਿਚ ਪਵਨ ਮਲਹੋਤਰਾ ਨੇ ਭਗਤ ਜੀ ਦਾ ਕਿਰਦਾਰ ਬਹੁਤ ਹੀ ਖੂਬਸੂਰਤੀ ਨਾਲ ਨਿਭਾਇਆ ਹੈ। ਫਿਲਮ ਵਿਚ ਅਰਜੁਨ ਭੱਲਾ, ਸੁਧਾਂਸ਼ੂ ਅਗਰਵਾਲ, ਅਰਵਿੰਦਰ ਭੱਟੀ, ਅਵਰਿੰਦਰ ਕੌਰ ਆਦਿ ਨੇ ਅਦਾਕਾਰੀ ਕੀਤੀ।

### ਫੌਜੀ ਨਾਇਕ

ਗੁਰਪ੍ਰੀਤ ਸਿੰਘ ਪਲਹੇੜੀ ਦੀ ਲਿਖੀ ਤੇ ਪੰਕਜ ਬੱਤਰਾ ਦੀ ਡਾਇਰਕੈਟਰ ਕੀਤੀ ਫਿਲਮ ਸੱਜਣ ਸਿੰਘ ਰੰਗਰੂਟ ਪਹਿਲੇ ਵਿਸ਼ਵ ਯੁੱਧ ਦੌਰਾਨ ਲੜ ਰਹੇ ਬ੍ਰਿਟਿਸ਼ ਭਾਰਤੀ ਫੌਜ ਦੇ ਸਿੱਖ ਸਿਪਾਹੀਆਂ ਦੇ ਤਜ਼ਰਬਿਆਂ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ। ਫਿਲਮ ਸੱਜਣ ਸਿੰਘ ਰੰਗਰੂਟ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਅੰਦਰ ਦੇਸ਼ ਭਗਤੀ ਦੇ ਜਜ਼ਬਾ ਹੈ ਪਰ ਕਿਸੇ ਕਾਰਨ ਉਸ ਨੂੰ ਪਹਿਲੇ ਵਿਸ਼ਵ ਯੁੱਧ ਵਿਚ ਬ੍ਰਿਟਿਸ਼ ਸਰਕਾਰ ਵੱਲੋਂ ਲੜ ਲਈ ਭੇਜਿਆ ਜਾਂਦਾ ਹੈ। ਫਿਲਮ ਵਿਚ ਸਿੱਖ ਰੈਜੀਮੈਂਟ ਨਾਲ ਵਿਦੇਸ਼ ਵਿਚ ਹੋਣ ਵਾਲੇ ਭੈੜੇ ਸਲੂਕ ਨੂੰ ਦਿਖਾਇਆ ਗਿਆ ਹੈ ਕਿ ਕਿਵੇ ਗੁਲਾਮੀ ਦੀਆਂ ਜੰਜੀਰਾਂ ਹਰ ਸਮੇਂ ਭਾਰਤੀਆਂ ਦੇ ਪੈਰਾਂ ਵਿਚ ਹਨ। ਪਹਿਲੇ ਵਿਸ਼ਵ ਯੁੱਧ ਵਿਚ ਸਿੱਖ ਰੈਜੀਮੈਂਟ ਨੇ ਜੋ ਬਹਾਦਰੀ ਦਿਖਾਈ ਉਸ ਦੀ ਯਾਦ ਭਾਰਤ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਰਹੇਗੀ। ਇਸ ਫਿਲਮ ਵਿਚ ਦਲਜੀਤ ਦੌਸਾਂਝ, ਸੁਨੰਦਾ ਸ਼ਰਮਾ, ਜਗਜੀਤ ਸੰਧੂ ਤੇ ਯੋਗਰਾਜ ਸਿੰਘ ਨੇ ਅਦਾਕਾਰੀ ਕੀਤੀ।

ਸਿਮਰਜੀਤ ਸਿੰਘ ਦੀ ਫਿਲਮ ਸੂਬੇਦਾਰ ਜੋਗਿੰਦਰ ਸਿੰਘ ਵੀ ਇਸ ਸ਼੍ਰੇਣੀ ਵਿਚ ਹੀ ਆਉਂਦੀ ਹੈ। ਜਿਸ ਵਿਚ ਭਾਰਤੀ ਸਿਪਾਹੀ ਜੋਗਿੰਦਰ ਸਿੰਘ ਦੇ ਜੀਵਨ ਨੂੰ ਵਿਸ਼ਾ ਬਣਾਇਆ ਗਿਆ। ਜੋ 1962 ਦੀ ਚੀਨ-ਭਾਰਤ ਜੰਗ ਵਿੱਚ ਸ਼ਹੀਦ ਹੋਇਆ ਸੀ ਤੇ ਉਨ੍ਹਾਂ ਦੀ ਸ਼ਹਾਦਤ ਉਪਰੰਤ ਸਰਕਾਰ ਵੱਲ ਪਰਮਵੀਰ ਚੱਕਰ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ। ਇਸ ਫਿਲਮ ਵਿੱਚ ਕਈ ਲੰਮੀ ਸਟਾਰਕਾਸਟ ਸੀ। ਜਿਵੇਂ ਗਿੱਪੀ ਗਰੇਵਾਲ, ਅਦਿਤੀ ਸ਼ਰਮਾ, ਗੁੱਗੂ ਗਿੱਲ, ਕੁਲਵਿੰਦਰ ਬਿੱਲਾ, ਕਰਮਜੀਤ ਅਨਮੋਲ, ਲਵਲੀਨ ਕੌਰ, ਰਾਜਵੀਰ ਜਵੰਦਾ, ਸਰਦਾਰ ਸੋਹੀ ਨੇ ਅਦਾਕਾਰੀ ਕੀਤੀ।

ਅਕਸ਼ੈ ਕੁਮਾਰ ਤੇ ਪਰਣੀਤੀ ਚੋਪੜਾ ਦੀ ਫਿਲਮ ਕੇਸਰੀ ਦਾ ਨਿਰਦੇਸ਼ਕ ਅਨੁਰਾਗ ਸਿੰਘ ਨੇ ਕੀਤਾ। ਫਿਲਮ ਵਿਚ ਸਾਰਾਗੜ੍ਹੀ ਦੀ ਲੜਾਈ ਦੀ ਇੱਕ ਅਦੁੱਤੀ ਸੱਚੀ ਕਹਾਣੀ 'ਤੇ ਆਧਾਰਿਤ ਹੈ। ਜਿਸ ਵਿੱਚ 21 ਸਿੱਖਾਂ ਦੀ ਫੌਜ ਨੇ 1897 ਵਿੱਚ 10,000 ਅਫਗਾਨਾਂ ਲਈ ਲੜਾਈ ਕੀਤੀ ਸੀ। ਅਫਗਾਨਾਂ ਦੇ ਸਾਰਾਗੜ੍ਹੀ ਦੀ ਚੌਕੀ ਦੀ ਪੋਸਟ 'ਤੇ ਕਬਜ਼ਾ ਕਰਨ ਲਈ ਹਮਲਾ ਕਰ ਦਿੱਤਾ ਸੀ। ਹੌਲਦਾਰ ਈਸ਼ਰ ਸਿੰਘ ਦੀ ਅਗਵਾਈ ਵਿਚ 21 ਸਿਪਾਹੀਆਂ ਨੇ ਨੇ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹਾਦਤ ਆਉਣ ਤਕ ਦੁਸ਼ਮਣਾਂ ਨਾਲ ਲੜਦੇ ਰਹੇ। ਇਨ੍ਹਾਂ 21 ਸਿਪਾਹੀਆਂ ਨੂੰ ਸ਼ਹੀਦੀ ਉਪਰੰਤ ਇੰਡੀਅਨ ਆਰਡਰ ਆਫ਼ ਮੈਰਿਟ ਨਾਲ ਸਨਮਾਨਿਤ ਕੀਤਾ ਗਿਆ ਸੀ, ਜੋ ਕਿ ਉਸ ਸਮੇਂ ਇੱਕ ਭਾਰਤੀ ਸਿਪਾਹੀ ਨੂੰ ਪ੍ਰਾਪਤ ਹੋਣ ਵਾਲਾ ਸਭ ਤੋਂ ਉੱਚਾ ਬਹਾਦਰੀ ਪੁਰਸਕਾਰ ਸੀ।

### ਮਨੋਜ ਪੁੰਜ ਨੇ ਪੇਸ਼ ਕੀਤੀ ਵਾਰਿਸ ਸ਼ਾਹ ਦੀ ਹੀਰ

2006 ਵਿਚ ਨਿਰਦੇਸ਼ਕ ਮਨੋਜ ਪੁੰਜ ਦੀ ਫਿਲਮ ਵਾਰਿਸ ਸ਼ਾਹ : ਇਸ਼ਕ ਦਾ ਵਾਰਿਸ ਨੇ ਮਹਾਨ ਕਿੱਸਾਕਾਰ ਵਾਰਿਸ ਸ਼ਾਹ ਦੇ ਜੀਵਨ ਨੂੰ ਦਰਸ਼ਕ ਅੱਗੇ ਪੇਸ਼ ਕੀਤਾ। ਇਹ ਫਿਲਮ ਵਾਰਿਸ ਸ਼ਾਹ ਦੇ ਆਲੇ-ਦੁਆਲੇ ਘੁੰਮਦੀ ਹੈ ਜੋ ਆਪਣੇ ਗੁਰੂ ਸ਼ਾਹ ਮਖਦੂਮ ਦੇ ਪ੍ਰਭਾਵ ਹੇਠਾਂ ਆ ਕੇ ਹੀਰ-ਰਾਂਝਾ ਦਾ ਕਿੱਸਾ ਲਿਖਣਾ ਸ਼ੁਰੂ ਕਰਦਾ ਹੈ। ਇਸ ਦੌਰਾਨ ਮੁਗਲ ਬਾਦਸ਼ਾਹ ਔਰੰਗਜੇਬ ਵੱਲੋਂ ਲਗਾਈ ਗਈ ਸੰਗੀਤ ਉਤੇ ਪਾਬੰਦੀ ਉਸ ਦੇ ਰਾਹ ਵਿਚ ਰੁਕਾਵਟਾਂ ਪੈਦਾ ਕਰਦੀ ਹੈ। ਵਾਰਿਸ ਸ਼ਾਹ ਆਪਣੇ ਉਤੇ ਇਸ਼ਕ ਦੀ ਲੋਅ ਹੰਢਾ ਕੇ ਇਕ ਅਜਿਹੇ ਕਿੱਸੇ ਦਾ ਨਿਰਮਾਣ ਕਰਦਾ ਹੈ ਜੋ ਪੰਜਾਬੀ ਸਾਹਿਤ ਵਿਚ ਇਕ ਨਵਾਂ ਬੋਹੜ ਲਗਾਉਂਦਾ ਹੈ। ਇਸ ਫਿਲਮ ਵਿਚ ਗੁਰਦਾਸ ਮਾਨ, ਜੂਹੀ ਚਾਵਲਾ ਅਤੇ ਦਿਵਿਆ ਦੱਤਾ ਨੇ ਸ਼ਾਨਦਾਰ ਅਦਾਕਾਰੀ ਕੀਤੀ। ਇਸ ਫਿਲਮ ਦੀ ਅੰਤਰਰਾਸ਼ਟਰੀ ਪੱਧਰ 'ਤੇ ਕਾਫੀ ਪ੍ਰਸ਼ੰਸਾ ਹੋਈ ਤੇ 54ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਵਿੱਚ ਇਸ ਫਿਲਮ ਨੇ ਚਾਰ ਪੁਰਸਕਾਰ ਜਿੱਤੇ।

### ਜੱਟ ਜਿਊਣਾ ਮੌੜ ਤੇ ਸੁੱਚੇ ਸੂਰਮੇ ਦੀ ਕਹਾਣੀ

ਰਵਿੰਦਰ ਰਵੀ ਦੇ ਨਿਰਦੇਸ਼ਨ ਵਿਚ ਬਣੀ ਫਿਲਮ ਜੱਟ ਜਿਊਣਾ ਮੌੜ ਵਿਚ ਗੁੱਗੂ ਗਿੱਲ, ਗੁਰਕੀਰਤਨ, ਮਨਜੀਤ ਕੁਲਾਰ, ਮੁਹੰਮਦ ਸਦੀਕ ਤੇ ਸੁਰਿੰਦਰ ਸ਼ਿੰਦਾ ਨੇ ਅਦਾਕਾਰੀ ਕੀਤੀ। ਫਿਲਮ ਡਾਕੂ ਜੱਟ ਜਿਊਣਾ ਮੌੜ ਦੇ ਆਲੇ-ਦੁਆਲੇ ਘੁੰਮਦੀ ਹੈ। ਜੋ ਆਪਣੇ ਭਰਾ ਦਾ ਬਦਲਾ ਲੈਣ ਲਈ ਭਰਾ ਦੇ ਦੋਸਤ ਟੋਗਰ ਤੇ ਬ੍ਰਿਟਿਸ਼ ਸਰਕਾਰ ਨਾਲ ਟਕਰਾ ਲੈਂਦਾ ਹੈ। ਫਿਲਮ ਦਾ ਨਾਇਕ ਲੋਕਾਂ ਦਾ ਮਸੀਹਾ ਹੈ ਜੋ ਅਮੀਰਾਂ ਤੋਂ ਲੁੱਟ ਕੇ ਗਰੀਬ ਪਰਿਵਾਰਾਂ ਦੀ ਮਦਦ ਕਰਦਾ ਹੈ। ਡਾਕੂ ਹੋਣ ਦੇ ਨਾਲ-ਨਾਲ ਮਾਤਾ ਰਾਣੀ ਦਾ ਸੱਚਾ ਭਗਤ ਹੈ। ਜੱਟ ਜਿਊਣਾ ਮੌੜ ਦੀ ਕਬਰ ਹਿਮਾਚਲ ਵਿੱਚ ਨੈਣਾ ਦੇਵੀ ਮੰਦਿਰ ਦੇ ਨੇੜੇ ਸਥਿਤ ਹੈ।

1981 ਵਿਚ ਆਈ ਵਰਿੰਦਰ ਦੀ ਫਿਲਮ ਬਲਵੀਰੋ ਭਾਬੀ ਫਿਲਮ ਦੀ ਕਹਾਣੀ ਸੁੱਚਾ ਸੂਰਮਾ ਦੀ ਕਹਾਣੀ ਉਤੇ ਆਧਾਰਿਤ ਹੈ। ਫਿਲਮ ਦੀ ਕਹਾਣੀ ਤੇ ਅਸਲ ਕਹਾਣੀ ਵਿਚ ਕਾਫ਼ੀ ਫਿਕਰ ਨਆਉਂਦਾ ਹੈ। ਸੁੱਚੇ ਦਾ ਜਨਮ 1875, ਪਿੰਡ ਸਮਾਓਂ, ਮਾਨਸਾ ਵਿਖੇ ਸੁੰਦਰ ਸਿੰਘ ਤੇ ਮਾਤਾ ਭਾਗ ਕੌਰ ਦੇ ਘਰ ਹੋਇਆ ਸੀ। ਸੁੱਚੇ ਨੇ ਆਪਣੀ ਅਣਖ ਤੇ ਇੱਜਤ ਨੂੰ ਬਚਾਅ ਲਈ ਆਪਣੀ ਵੱਡੇ ਭਰਾ ਨਰੈਣ ਦੀ ਚਿੱਠੀ ਪੜ੍ਹ ਕੇ ਫੌਜੀ ਵਿਚੋਂ ਛੁੱਟੀ ਲੈ ਕੇ ਬਲਵੀਰੋ ਭਾਬੀ ਤੇ ਆਪਣੇ ਦੋਸਤ ਘੁੱਕਰ ਦਾ ਕਤਲ ਕਰ ਦਿੱਤਾ ਸੀ। ਇਸ ਤੋਂ ਬਾਅਦ ਸੁੱਚੇ ਨੇ ਇਕ ਔਰਤ ਦੀ ਪੁਕਾਰ ਉਤੇ ਗਊਆਂ ਮਾਰਨ ਵਾਲੇ ਪੰਜ ਜਾਂ ਸੱਤ ਬੱਛੜਾਂ ਦਾ ਕਤਲ ਕੀਤਾ ਤੇ ਲੋਕ ਉਸ ਨੂੰ ਸੁੱਚਾ ਸੂਰਮਾ ਕਹਿਣ ਲੱਗੇ। ਇਸ ਤੋਂ ਬਾਅਦ ਉਸ ਨੇ ਰਾਜ ਕੌਰ ਤੇ ਗੱਜਣ ਵੈਲੀ ਦਾ ਸੰਬੰਧਾਂ ਦੇ ਚੱਲਦੇ ਕਤਲ ਕਰ ਦਿੱਤਾ। ਜਿਸ ਦੇ ਦੋਸ਼ ਵਿਚ ਬ੍ਰਿਟਿਸ਼ ਸਰਕਾਰ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ।

### ਪੰਜਾਬ ਦੇ ਆਖ਼ਰੀ ਮਹਾਰਾਜੇ ਦੀ ਕਹਾਣੀ ਦ ਬਲੈਕ ਪ੍ਰਿੰਸ

ਨਿਰਦੇਸ਼ਕ ਕਵੀ ਰਾਜ਼ ਦੀ ਫਿਲਮ ਦ ਬਲੈਕ ਪ੍ਰਿੰਸ ਰਾਹੀ ਸਤਿੰਦਰ ਸਰਤਾਜ ਦੀ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ। ਇਹ ਸਿੱਖ ਸਾਮਰਾਜ ਤੇ ਪੰਜਾਬ ਖੇਤਰ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਹੈ, ਜਿਸ ਨੂੰ ਬ੍ਰਿਟਿਸ਼ ਸਰਕਾਰ ਸਾਜ਼ਿਸ਼ ਤਹਿਤ ਜਨਮ ਭੂਮੀ ਤੋਂ ਕਾਫੀ ਦੂਰ ਲੈ ਗਈ ਤੇ ਉਹ ਆਪਣੀ ਗੱਦੀ ਨੂੰ ਮੁੜ ਹਾਸਲ ਕਰਨ ਲਈ ਦੋ ਸਭਿਆਚਾਰਾਂ ਨਾਲ ਆਪਣੇ ਆਪ ਨੂੰ ਮੇਲ ਕੇ ਚੱਲਣ ਦੀ ਕੋਸ਼ਿਸ਼ ਕਰਦਾ ਹੈ। ਦ ਬਲੈਕ ਪ੍ਰਿੰਸ' ਮਹਾਰਾਣੀ ਵਿਕਟੋਰੀਆ ਤੇ ਪੰਜਾਬ ਦੇ ਆਖ਼ਰੀ ਰਾਜੇ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਹੈ। ਮਹਾਰਾਣੀ ਅੰਗਰੇਜ਼ੀ ਸਭਿਆਚਾਰ ਤੇ ਮਹਾਰਾਜਾ ਦਲੀਪ ਸਿੰਘ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਕਰਦਾ ਹੈ। ਬਲੈਕ ਪ੍ਰਿੰਸ ਨੇ ਆਪਣਾ ਰਾਜ ਹਾਸਲ ਕਰਨ ਲਈ ਜੋ ਸੰਘਰਸ਼ ਕੀਤਾ, ਉਹ ਉਸ ਨੂੰ ਅਸਾਧਾਰਨ ਯਾਤਰਾ 'ਤੇ ਲੈ ਗਿਆ।

# ਹਾਕੀ ਜਿਊਂਦੀ ਰੱਖਣ ਲਈ ਚੰਗੇ ਮੈਦਾਨਾਂ ਦੀ ਲਹਿਰ ਚਲਾਓ

ਪਰਮਜੀਤ ਸਿੰਘ ਰੰਧਾਵਾ

1980 ਦੇ ਨੇੜੇ-ਤੇੜੇ ਦੇ ਸਾਲਾਂ ਵਿਚ ਭਾਰਤ ਵਿਚ ਹਾਕੀ ਖੇਡ ਦੀ ਲੋਕਪ੍ਰਿਅਤਾ ਸਿਖਰਾਂ 'ਤੇ ਸੀ। ਕਾਰਨ ਸਿਰਫ਼ ਇਹ ਹੀ ਨਹੀਂ ਸੀ ਕਿ ਤੱਦ ਤੱਕ ਭਾਰਤ ਦੀ ਝੋਲੀ ਉਲੰਪਿਕ ਤਗਮਿਆਂ ਨਾਲ ਭਰੀ ਹੋਈ ਸੀ ਜਾਂ 1975 ਦੇ ਵਿਸ਼ਵ ਕੱਪ ਦੀ ਜਿੱਤ ਦੀ ਖ਼ੁਮਾਰੀ ਸਿਰਾਂ ਨੂੰ ਚੜ੍ਹੀ ਹੋਈ ਸੀ। ਠੋਸ ਤੇ ਵਜ਼ਨਦਾਰ ਕਾਰਨ ਇਹ ਸੀ ਕਿ ਹਾਕੀ ਘਾਹ ਦੇ ਮੈਦਾਨਾਂ 'ਤੇ ਖੇਡੀ ਜਾਂਦੀ ਸੀ। ਸ਼ਹਿਰਾਂ ਵਿਚ ਹਾਕੀ ਦੇ ਘਾਹ ਵਾਲੇ ਮੈਦਾਨ ਸਨ, ਪਿੰਡ ਤੇ ਕਸਬਿਆਂ 'ਵਿਚ ਵੀ ਘਾਹ ਵਾਲੇ ਹਾਕੀ ਮੈਦਾਨਾਂ ਦੀ ਭਰਮਾਰ ਸੀ। ਫਿਰ ਸੰਸਾਰ ਪੱਧਰ 'ਤੇ ਬਨਾਉਟੀ ਘਾਹ ਵਾਲੇ ਮੈਦਾਨਾਂ ਨੇ ਹੋਂਦ 'ਚ ਆਉਣਾ ਕਰ ਦਿੱਤਾ। ਐਸਟਰੋਟਰਫ ਮੈਦਾਨਾਂ ਤੋਂ ਬਗੈਰ ਹਾਕੀ ਖੇਡਣ ਦਾ ਸੰਕਲਪ ਹੀ ਖਤਮ ਹੋਣ ਲੱਗ ਪਿਆ। ਸਾਡੇ ਵਰਗੇ ਹੋਰ ਦੇਸ਼ਾਂ ਵਿਚ ਜਿਵੇਂ ਪਾਕਿਸਤਾਨ ਵਿਚ ਵੀ ਇਹੀ ਆਲਮ ਵੇਖਣ ਨੂੰ ਮਿਲਿਆ। ਹਾਕੀ ਜਾਦੂਗਰਾਂ ਦੇ ਦੇਸ਼ ਬਨਾਉਟੀ ਘਾਹ ਵਾਲੇ ਮੈਦਾਨਾਂ ਦੇ ਮੁਥਾਜ ਹੋ ਕੇ ਰਹਿ ਗਈ। ਮੇਜਰ ਧਿਆਨ ਚੰਦ ਦੀ, ਸ. ਬਲਬੀਰ ਸਿੰਘ ਦੀ ਹਾਕੀ ਦਾ ਜਾਦੂ ਹੌਲੀ-ਹੌਲੀ ਖ਼ਤਮ ਹੋਣ ਲੱਗ ਪਿਆ। ਕੌਮਾਂਤਰੀ ਹਾਕੀ ਫੈਡਰੇਸ਼ਨ, ਜਿਸ ਨੂੰ ਕਦੇ ਵੀ ਅਸੀਂ ਬਹੁਤ ਸਿਆਣੀ ਦੂਰ ਦ੍ਰਿਸ਼ਟੀ ਵਾਲੀ ਨਹੀਂ ਸਮਝਿਆ, ਨੇ ਹਾਕੀ ਖੇਡ ਨੂੰ ਤਬਾਹ ਕਰਨ ਦੇ ਨਵੇਂ-ਨਵੇਂ ਨਿਯਮ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਸਭ ਗੋਰਿਆਂ ਦੇ ਹੱਕ ਵਿਚ ਜਾਂਦੇ ਵਿਖਾਈ ਦਿੱਤੇ। ਭਾਰਤ ਪਾਕਿਸਤਾਨ ਵਰਗੇ ਦੇਸ਼ ਵਿਚ ਹਾਕੀ ਦੀ ਲੋਕਪ੍ਰਿਅਤਾ ਖ਼ਤਮ ਹੋਣ ਲੱਗੀ। ਦੋਵਾਂ ਦੇਸ਼ਾਂ 'ਚ ਕੌਮੀ ਟੀਮ ਦੇ ਚੰਗੇ ਪ੍ਰਦਰਸ਼ਨ ਦਾ ਰੌਲਾ ਪੈਣਾ ਲੱਗਾ, ਦੋਵਾਂ ਦੇਸ਼ਾਂ 'ਚ ਉਲੰਪਿਕ ਜਾਂ ਵਿਸ਼ਵ ਕੱਪ ਹਾਕੀ 'ਚ ਤਗਮੇ ਜਿੱਤਣ ਦੀ ਦੁਹਾਈ ਦਿੱਤੀ ਜਾਣ ਲੱਗੀ। ਸਭ ਕੁਝ ਦੇਸ਼ ਦੀ ਕੌਮੀ ਟੀਮ ਦਾ ਪ੍ਰਦਰਸ਼ਨ ਹੀ ਬਣ ਗਿਆ। ਐਸਟਰੋਟਰਫ ਮੈਦਾਨਾਂ ਦੀ ਘਾਟ ਦਾ ਸ਼ੋਰ ਹਰ ਪਾਸੇ ਸੁਣਾਈ ਦੇਣ ਲੱਗਾ। ਵਿਦੇਸ਼ੀ ਕੋਚਾਂ ਦੀਆਂ ਨਿਯੁਕਤੀਆਂ ਦਾ ਸ਼ੁਦਾਅ ਹਰ ਪਾਸੇ ਵੇਖਣ ਨੂੰ ਮਿਲਿਆ। ਦੇਸ਼ 'ਚ



ਐਸਟਰੋਟਰਫ ਮੈਦਾਨਾਂ ਦੀ ਘਾਟ ਕਰਕੇ ਸਰਕਾਰਾਂ ਨੂੰ ਕੋਸਣ, ਨਿੰਦਣ ਦਾ ਰੁਝਾਨ ਚੱਲ ਪਿਆ। ਪਰ ਅਫ਼ਸੋਸ ਭਾਰਤ ਦੀ ਕਿਸੇ ਕੌਮੀ ਫੈਡਰੇਸ਼ਨ ਨੇ, ਰਾਜ ਫੈਡਰੇਸ਼ਨ ਨੇ ਇਹ ਨਹੀਂ ਸੋਚਿਆ ਦੇਸ਼ 'ਚ ਘਾਹ ਦੇ ਮੈਦਾਨ 'ਤੇ ਨਾ ਖੇਡਣ ਕਰਕੇ ਹਾਕੀ ਦੀ ਲੋਕਪ੍ਰਿਅਤਾ ਨੂੰ ਜਿਹੜੀ ਢਾਅ ਲੱਗੀ ਹੈ, ਉਸ ਨੂੰ ਕਿੱਦਾਂ ਬਚਾਉਣਾ ਹੈ। ਭਲਿਓ ਮਾਣਸੋ ਸਾਰਾ ਕੁਝ ਦੇਸ਼ ਦੀ ਕੌਮੀ ਟੀਮ ਦਾ ਪ੍ਰਦਰਸ਼ਨ ਹੀ ਨਹੀਂ ਹੁੰਦਾ, ਬਲਕਿ ਉਹ ਖੇਡ ਜਿਸ ਕਰਕੇ ਉਹ ਦੇਸ਼ ਦੁਨੀਆ ਵਿਚ ਮਸ਼ਹੂਰ ਹੋਇਆ, ਉਸ ਖੇਡ ਦੀ ਲੋਕਪ੍ਰਿਅਤਾ ਨੂੰ ਉਸ ਦੇਸ਼ ਲਈ ਬਚਾਉਣਾ ਕਿਤੇ ਜ਼ਰੂਰੀ ਸੀ, ਦੂਜੇ ਪਾਸੇ ਕ੍ਰਿਕਟ ਦੀ ਖੇਡ ਗਲੀਆਂ, ਮੁਹੱਲਿਆਂ, ਚੌਕਾਂ, ਬਾਜ਼ਾਰਾਂ, ਪਾਰਕਾਂ, ਸੜਕਾਂ 'ਤੇ ਖੇਡੀ ਜਾਂਦੀ ਵੇਖੀ ਗਈ। ਸਾਰੇ ਥਾਵਾਂ 'ਤੇ ਕ੍ਰਿਕਟ ਦੇ ਕੌਮਾਂਤਰੀ ਮੈਦਾਨਾਂ ਵਰਗੇ ਮੈਦਾਨ ਨਹੀਂ ਹਨ। ਕੌਮਾਂਤਰੀ ਪਿੱਚਾਂ ਵਰਗੀਆਂ ਪਿੱਚਾਂ ਨਹੀਂ ਪਰ ਲੋਕ ਖੇਡੀ ਤੁਰੀ ਜਾਂਦੇ ਨੇ। ਪਰ ਅਸੀਂ ਹਾਕੀ ਵਾਲੇ ਐਸਟਰੋਟਰਫ ਮੈਦਾਨਾਂ ਨੂੰ ਘੁੱਟ ਕੇ ਜੱਫਾ ਮਾਰ ਕੇ ਬਹਿ ਗਏ। ਜੇ ਬਨਾਉਟੀ ਮੈਦਾਨ ਹਰ ਸ਼ਹਿਰ, ਹਰ ਕਸਬੇ, ਹਰ ਪਿੰਡ ਵਿਚ ਹੋਂਦ ਵਿਚ ਆਉਣਗੇ ਤਾਂ ਹਾਕੀ ਖਿਡਾਰੀ ਫਿਰ ਹੀ ਹਾਕੀ ਖੇਡਣਗੇ, 'ਨਾ ਨੌਂ ਮਣ ਤੇਲ ਹੋਵੇਗਾ ਨਾ ਰਾਧਾ ਨੱਚੇਗੀ।'

ਹਾਕੀ ਨੂੰ ਮੁਹੱਬਤ ਕਰਨ ਵਾਲਿਓ, ਹਾਕੀ ਨੂੰ ਇਸ਼ਕ ਕਰਨ ਵਾਲਿਓ, ਹੁਣ ਜਾਗਣ ਦਾ ਵੇਲਾ ਹੈ। ਉਲੰਪਿਕ ਦੀਆਂ ਜਿੱਤਾਂ ਨਾਲ ਵਿਸ਼ਵ ਕੱਪ ਦੀਆਂ ਜਿੱਤਾਂ ਨਾਲ ਦੇਸ਼ 'ਚ ਕਦੇ ਹਾਕੀ ਲੋਕਪ੍ਰਿਅਤਾ ਨਹੀਂ ਜੇ ਹੋਣੀ। ਇਹ ਦੇਸ਼ ਦੇ ਸਨਮਾਨ, ਦੇਸ਼ ਦੇ ਗੌਰਵ ਦਾ ਇਕ ਵੱਖਰਾ ਸੰਕਲਪ ਹੈ, ਪਰ ਹਾਕੀ ਖੇਡ ਦੇ ਸਨਮਾਨ ਤੇ ਸਤਿਕਾਰ ਦਾ ਸੰਬੰਧ ਉਸ ਦਾ ਵੱਧ ਤੋਂ ਵੱਧ ਹਰਮਨ-ਪਿਆਰਤਾ ਨਾਲ ਜੁੜਿਆ ਹੋਇਆ ਹੈ। ਆਓ, ਹੁਣ ਮੁੜ ਪਿੰਡਾਂ ਕਸਬਿਆਂ ਤੇ ਸ਼ਹਿਰਾਂ 'ਚ ਘਾਹ ਵਾਲੇ ਹਾਕੀ ਮੈਦਾਨ ਬਣਾਉਣ ਦਾ ਪ੍ਰਬੰਧ ਕਰੀਏ। ਦੇਸ਼ ਦੀ ਕੌਮੀ ਟੀਮ ਦੀ ਚਿੰਤਾ ਤੁਸੀਂ ਬਹੁਤ ਸਾਰੇ ਦਹਾਕੇ ਕਰ ਲਈ। ਹੁਣ ਹਾਕੀ ਖੇਡ ਦੀ ਹੋਂਦ ਨੂੰ ਬਚਾਉਣ ਦਾ ਖਿਆਲ ਕਰਨ ਦੀ ਜ਼ਰੂਰਤ ਹੈ। ਗਲੀ-ਮੁਹੱਲੇ, ਪਾਰਕਾਂ, ਬਜ਼ਾਰਾਂ, ਘਰ ਦੀਆਂ ਛੱਤਾਂ 'ਤੇ ਕ੍ਰਿਕਟ ਖੇਡਣ ਵਾਲੀ ਜਨਤਾ, ਦੇਸ਼ ਦੀ ਕੌਮੀ ਟੀਮ 'ਵਿਚ ਨਹੀਂ ਜਾਂਦੀ ਪਰ ਕ੍ਰਿਕਟ ਦੀ ਖੇਡ ਦੀ ਲੋਕਪ੍ਰਿਅਤਾ ਕਾਇਮ ਰੱਖਦੀ ਹੈ। ਕੌਮਾਂਤਰੀ ਕ੍ਰਿਕਟ ਖੇਡਣ ਦੇ ਨਿਯਮ ਭਾਵੇਂ ਜੋ ਮਰਜ਼ੀ ਹੋਣ, ਪਰ ਕ੍ਰਿਕਟ ਦੇ ਦੀਵਾਨੇ ਕਿਸੇ ਚੀਜ਼ ਦੀ ਪ੍ਰਵਾਹ ਨਾ ਕਰਦੇ ਕ੍ਰਿਕਟ ਖੇਡ ਨੂੰ ਜਿਊਂਦਾ ਰੱਖ ਰਹੇ ਹਨ। ਪਰ ਅਸੀਂ ਹਾਕੀ ਵਾਲੇ ਦੇਸ਼ ਦੀ ਕੌਮੀ ਟੀਮ ਦੀ ਚਿੰਤਾ ਹੀ ਕਰਦੇ ਰਹੇ। ਐਸਟਰੋਟਰਫ ਮੈਦਾਨਾਂ ਦੀ ਘਾਟ ਦਾ ਝੋਰਾ ਹੀ ਕਰਦੇ ਰਹੇ।

ਆਓ, ਦੇਸ਼ 'ਵਿਚ ਘਾਹ ਦੇ ਮੈਦਾਨਾਂ 'ਤੇ ਮੁੜ ਹਾਕੀ ਖੇਡਣ ਦੀ ਪਿਰਤ ਪਾਈਏ। ਫਿਰ ਭਾਰਤੀ ਟੀਮ ਦਾ ਕੌਮੀ ਪ੍ਰਦਰਸ਼ਨ ਹਾਕੀ ਦੀ ਲੋਕਪ੍ਰਿਅਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ। ਅਸੀਂ ਆਪਣੀ ਛੋਟੀ ਉਮਰੇ ਘਾਹ ਦੇ ਮੈਦਾਨਾਂ 'ਤੇ ਹਾਕੀ ਦਾ ਉਹ ਹੁਨਰ, ਉਹ ਜਾਦੂ, ਉਹ ਜਲਵਾ ਵੇਖਿਆ ਜੋ ਰੰਗ-ਬਰੰਗੇ ਬਨਾਉਟੀ ਮੈਦਾਨਾਂ 'ਤੇ ਕਦੇ ਨਜ਼ਰ ਨਹੀਂ ਆਇਆ। ਹਾਕੀ ਖੇਡ ਨੂੰ ਪਿਆਰਨ ਵਾਲਿਓ, ਹੁਣ ਦੇਸ਼ ਵਿਚ ਘਾਹ ਦੇ ਚੰਗੇ ਚੰਗੇ ਮੈਦਾਨਾਂ ਦੀ ਲਹਿਰ ਚਲਾਓ ਜੇ ਹਾਕੀ ਖੇਡ ਜਿਊਂਦੀ ਰੱਖਣੀ ਹੈ।

# ਮੈਂ ਤੇ ਮੇਰਾ ਸਾਇਕਲ

**ਜਗਨ ਉੱਗੋਕੇ ਧਾਲੀਵਾਲ**, 91-99155-98209

ਇਹ ਮੇਰਾ ਸਾਇਕਲ ਉਸ ਵਕਤ ਲਿਆ ਸੀ ਜਦੋਂ ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੁੰਦਾ ਸੀ।ਨਵਾ ਨਹੀਂ ਬੱਸ ਚਲਦਾ ਹੀ ਲਿਆ ਸੀ।ਇਹ ਸਾਈਕਲ ਤੇ ਮੈਂ ਪੜਨ ਵੀ ਜਾਂਦਾ ਰਿਹਾ ਹਾਂ ਉਸ ਵਕਤ ਵੀ ਸਾਇਕਲ ਦਾ ਬਹੁਤ ਜ਼ਿਆਦਾ ਸ਼ੌਕ ਸੀ।ਹਰ ਰੋਜ਼ ਦਿਨ ਚ ਦੋ ਤਿੰਨ ਵਾਰ ਕੱਪੜਾ ਮਾਰਨਾਂ ਜਦੋਂ ਕਿਤੇ ਵੀ ਜਾਣਾਂ ਦੂਰ ਨੇੜੇ ਤਾਂ ਵੀ ਸਾਇਕਲ ਤੇ ਹੀ ਜਾਣਾਂ ਸਮਾਂ ਲੰਘਦਾ ਗਿਆ ਪੜਦਾ ਰਿਹਾ ਆਪਾਂ ਸਭ ਨੂੰ ਹੀ ਪਤਾ ਹੈ ਕਿ ਸਾਇਕਲ ਚਲਾਉਣਾ ਸੇਹਤ ਲਈ ਇਕ ਬਹੁਤ ਵਧੀਆ ਖੁਰਾਕ ਹੈ ਦਵਾਈ ਹੈ। ਸਾਈਕਲ ਦਾ ਅੱਜ ਵੀ ਉਨ੍ਹਾਂ ਹੀ ਸ਼ੌਕ ਹੈ। ਅੱਜ ਵੀ ਇਸ ਸਾਈਕਲ ਦਾ ਮੈਂ ਆਪਣੇ ਆਪ ਤੋਂ ਵੱਧ ਖਿਆਲ ਰੱਖਦਾਂ ਹਾਂ।

ਹਰ ਇੱਕ ਇੰਨਸਾਨ ਦੀ ਆਪਣੀ ਆਪਣੀ ਸੋਚ ਹੁੰਦੀ ਹੈ। ਕੋਈ ਵੀ ਇੰਨਸਾਨ ਮਾੜਾ ਨਹੀਂ ਹੁੰਦਾ ਹੈ। ਆਪਣੀਂ ਆਪਣੀਂ ਥਾਂ ਤੇ



ਹਰ ਇੱਕ ਸਹੀ ਹੁੰਦਾ ਹੈ। ਇਸ ਕਰਕੇ ਮੈਨੂੰ ਕਈ ਇੰਨਸਾਨਾ ਨੇਂ ਕਿਹਾ ਵੀ ਹੈ ਕਿ ਤੂੰ ਜਿੰਦਗੀ ਚ ਕਦੇ ਵੀ ਸਾਈਕਲ ਤੋਂ ਅੱਗੇ ਨਹੀਂ ਵਧਿਆ ਤੇ ਨਾਂ ਹੀ ਤੂੰ ਵੱਧ ਸਕਦਾਂ।ਪਰ ਮੈਨੂੰ ਇਸ ਗੱਲ ਕੋਈ ਇਤਰਾਜ਼ ਨਹੀਂ ਕੋਈ ਗੁੱਸਾ ਨਹੀਂ ਆਉਂਦਾ ਮੈਨੂੰ ਇਹ ਸੁਣ ਕੇ ਖੁਸ਼ੀ ਹੁੰਦੀ ਹੈ, ਖੁਸ਼ੀ ਇਸ ਤਰ੍ਹਾਂ ਹੁੰਦੀ ਹੈ ਵੀ ਚਲੋਂ ਅਗਲਾ ਆਪਣੀ ਤਰੱਕੀ ਚਹੁੰਦਾ ਹੈ। ਪਰ ਹੁਣ ਜੋਂ ਮੇਰੇ ਦਿਮਾਗ ਚ ਗੱਲਾਂ ਬਾਤਾਂ ਨੇਂ ਕਿਤਾਬਾਂ ਚ ਵੀ ਪੜ੍ਹਿਆ ਹੈ। ਸਾਈਕਲ ਚਲਾਉਣ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ ਸਾਈਕਲ ਚਲਾਉਣ ਨਾਲ ਦਿਲ, ਦਿਮਾਗ, ਬਿਲਕੁਲ ਹੀ ਸਹੀ ਰਹਿੰਦਾ ਹੈ ਕੋਈ ਪ੍ਰੌਬਲਮ ਨਹੀਂ ਆਉਂਦੀ ਬਾਕੀ ਬਲੱਡ ਪਰੈਸ਼ਰ ਬਿਲਕੁਲ ਸਹੀ ਰਹਿੰਦਾ ਹੈ। ਸਾਰੇ ਦਾ ਸਾਰਾ ਸਰੀਰ ਹੀ ਬਿਲਕੁਲ ਸਹੀ ਰਹਿੰਦਾ ਹੈ। ਇਹ ਵੀ ਨਹੀਂ ਪਤਾ ਲੱਗਿਆ ਮੈਨੂੰ ਤਾਂ ਅਜੇ ਤੱਕ ਵੀ ਡਾਕਟਰ ਕੀਹਨੂੰ ਕਹਿੰਦੇ ਨੇ ਇਸ ਕਰਕੇ ਮੈਂ ਨਹੀਂ ਜ਼ਿਆਦਾ ਸੋਚਿਆ ਕਦੇ ਵੀ ਦੂਰ ਚਾਹੇ ਨੇੜੇ ਚਾਹੇਂ ਕੋਈ ਰਿਸ਼ਤੇਦਾਰੀ ਆ ਸਾਈਕਲਾਂ ਤੇ ਹੀ ਚਲਾ ਜਾਂਦਾ ਹਾਂ ਜਦੋਂ ਕਿਤੇ ਮਨ ਚ ਆ ਜਾਵੇ ਵੀ ਚਲ ਫਲਾਣੇ ਨੂੰ ਮਿਲ ਕੇ ਆਉਣਾ ਉਸੀ ਵਕਤ ਬੱਸ ਤੁਰ ਈ ਪੈਣਾ ਕੋਈ ਕਿਤੇ ਕੱਪੜਿਆਂ ਵੱਲ ਧਿਆਨ ਨਹੀਂ ਗਿਆ ਮੇਰਾ ਵੀ ਕੱਪੜੇ ਬਦਲ ਕੇ ਚੱਲਾਂਗੇ ਬੱਸ ਧਿਆਨ ਹੀ ਨਹੀਂ ਗਿਆ ਕਦੇ ਇੰਨਾ ਗੱਲਾਂਬਾਤਾਂ 'ਚ ਮੈਂ ਤਾਂ ਹੁਣ ਹੈ ਈ ਇਸ ਤਰ੍ਹਾਂ ਪਹਿਲਾਂ ਆਪਣੇ ਬੱਚਪਨ ਤੋਂ ਹੀ ਸੁਭਾਅ ਪਿਆ ਹੋਇਆ ਹੈ। ਇੱਕ ਵਾਰ ਮੇਰਾ ਬੈਠੇ ਬੈਠੇ ਦਾ ਵਿਚਾਰ ਬਣ ਗਿਆ ਵੀ ਚਲ ਭੂਆ ਕੋਲੇ ਚਲਦੇ ਹਾਂ।ਕੁਸ ਨਹੀਂ ਸੋਚਿਆ ਉਸੀ ਵਕਤ ਤੁਰ ਪਿਆ ਮੈਂ ਰਾਹ ਮੈਨੂੰ ਕੋਈ ਸਾਡੇ ਪਿੰਡ ਦਾ ਬੰਦਾ ਮਿਲਿਆ ਮੇਰੇ ਚਾਚੇ ਦੀ ਥਾ ਲੱਗਦਾ ਉਹ ਮੈਨੂੰ ਕਹਿੰਦਾ ਵੀ ਤੂੰ ਜਗਨੇ ਕਿੱਧਰ ਨੂੰ ਜਾਨਾਂ ਜਿਵੇਂ ਆਪਾਂ ਆਮ ਹੀ ਪੁੱਛ ਲੈਂਦੇ ਹਾਂ ਇੱਕ ਦੂਸਰੇ ਨੂੰ ਮੈਂ ਉਸਨੂੰ ਕਿਹਾ ਵੀ ਚਾਚਾ ਜੀ ਮੈਂ ਆਵਦੀ ਭੂਆ ਕੋਲੇ ਜਾ ਕੇ ਆਉਣਾ ਕਹਿੰਦਾ ਸਾਈਕਲ ਤੇ ਮੈਂ ਕਿਹਾ ਹਾਂ ਕਹਿੰਦਾ ਪਤੰਦਰਾ ਕੋਈ ਸ਼ਰਮ ਮੰਨ ਮਾੜੀ ਮੋਟੀ ਤੂੰ ਰਿਸ਼ਤੇਦਾਰੀ ਚ ਜਾਣਾਂ ਤਾਂ ਤੂੰ ਵਧੀਆ ਕੱਪੜਾ ਲੀੜਾ ਪਾ ਕੇ ਜਾਹ ਮੋਟਸਾਈਕਲ ਤੇ ਜਾਹ ਨਹੀ ਬੱਸ ਤੇ ਜਾਹ ਮੈਂ ਕਿਹਾ ਨਹੀਂ ਮੈਂ ਤਾ ਆਈ ਜਾਊਗਾ ਬੱਸ ਫਿਰ ਉਹ ਮੈਨੂੰ ਕਹਿੰਦਾ ਨੰਬਰ ਬਣਾਉਣੇ ਚਾਹੀਦੇ ਨੇ ਆਵਦੇ ਪੂਰੇ ਫੁੱਲ ਕਹਿੰਦਾ ਅੱਜ ਕੱਲ੍ਹ ਫੇਰ ਈ ਰਿਸ਼ਤਾ ਹੁੰਦਾ ਅਗਲਾ ਕਹਿੰਦਾ ਮੁੰਡਾ ਸੋਹਣਾ ਨਾਲ ਦੀ ਨਾਲ ਈ ਰਿਸ਼ਤਾ ਹੋ ਜਾਂਦਾ ਜਿਹੜੇ ਹਿਸਾਬ ਨਾਲ ਤੂੰ ਰਿਸ਼ਤੇਦਾਰੀ 'ਚ ਜਾਨਾਂ ਤੈਨੂੰ ਕਿਸੇ ਨੇਂ ਕੁੜੀ ਨਹੀਂ ਤੋਰਨੀ ਤੈਨੂੰ ਮੈਂ ਦੱਸਾ ਗੱਲ ਕਹਿੰਦਾ ਅੱਜ ਕੱਲ੍ਹ ਦੀਆਂ ਕੁੜੀਆਂ ਤਾ ਸੋਹਣੇ ਮੁੰਡੇ ਭਾਲਦੀਆ ਚੰਗੀ ਟੌਹਰ ਸੌਕੀਨੀ ਵਾਲੇ ਅੱਜ ਕੱਲ੍ਹ ਚਲੋ ਮੈਨੂੰ ਕਈ ਗੱਲਾਂ ਬਾਤਾਂ ਕਹੀਆ ਮੈਂ ਕਦੇ ਵੀ ਕਿਸੇ ਦਾ ਗ਼ੁੱਸਾ ਬਿਲਕੁਲ ਹੀ ਨਹੀਂ ਕਰਦਾ ਬੇਸ਼ੱਕ ਮੈਨੂੰ ਕੋਈ ਜੋਂ ਮਰਜੀ ਕਹੀ ਜਾਵੇ ਮੈਨੂੰ ਗੁੱਸਾ ਬਿਲਕੁਲ ਨਹੀਂ ਆਉਂਦਾ ਮੈਂ ਇਹੀ ਸੋਚਦਾ ਹਾਂ ਕਿ ਚਲੋ ਕੋਈ ਵੀ ਇੰਨਸਾਨ ਹੋਵੇ ਹਰੇਕ ਇਨਸਾਨ ਹੀ ਆਪਣੀ ਸੋਚ ਮੁਤਾਬਕ ਗੱਲ ਕਰਦਾ ਕਿਉਂਕਿ ਮੈਂ ਆਪ ਆਪਣੀ ਸੋਚ ਤੇ ਅਜ਼ਾਦ ਹਾ ਜਿਵੇਂ ਮੈਨੂੰ ਚੰਗਾ ਲੱਗਦਾ ਉਸੇ ਤਰ੍ਹਾਂ ਹੀ ਮੈਂ ਆਪਣੀ ਜ਼ਿੰਦਗੀ ਦਾ ਸਫਰ ਤੈਅ ਕਰਦਾਂ ਹਾਂ ਜਿਵੇਂ ਆਪਣਾਂ ਮਨ ਖੁਸ਼ ਹੋਵੇ ਕਿਉਂਕਿ ਮਨ ਦੀ ਖੁਸ਼ੀ ਕਦੇ ਮੁੱਲ ਨਹੀਂ ਖਰੀਦੀ ਜਾ ਸਕਦੀ ਬਿਲਕੁਲ ਵੀ। ਚਲੋ ਮੈਂ ਉਸਨੂੰ ਕਿਹਾ ਕਿ ਠੀਕ ਐ ਚਾਚਾ ਜੀ ਮੈਨੂੰ ਤੁਹਾਡੀਆਂ ਗੱਲਾਂ ਦਾ ਕੋਈ ਵੀ ਗੁੱਸਾ ਨਹੀਂ ਪਰ ਹੁਣ ਤੁਸੀਂ ਮੇਰੀ ਗੱਲ ਸੁਣੋਂ ਕਹਿੰਦਾ ਨਹੀ ਯਾਰ ਹੁਣ ਤਾਂ ਤੇਜੀ ਐਂ, ਮੈਂ ਤਾਂ ਜਾਨਾ ਕਦੇ ਫੇਰ ਸੁਣਾਂਗੇ ਮੈਂ ਕਿਹਾ ਨਹੀਂ ਤੂੰ ਸੁਣ ਤਾਂ ਸਹੀ ਇੱਕ ਮਿੰਟ ਕਹਿੰਦਾ ਨਹੀਂ ਫੇਰ ਸਹੀ ਕਦੇ ਉਹ ਇੱਧਰ ਪਿੰਡ ਵੱਲ ਆ ਗਿਆ ਤੇ ਮੈਂ ਅੱਗੇ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਿਆ ਚਲੋ ਮੈਂ ਆਪਣੀ ਭੂਆ ਕੋਲੇ ਗਿਆ ਬਹੁਤ ਵਧੀਆ ਚਾਅ ਕੀਤਾ ਤੇ ਮੈਨੂੰ ਉਹ ਸਾਰਾ ਪਰਿਵਾਰ ਹੀ ਮੇਰੀ ਸੋਚ ਨੂੰ ਸਮਝਦਾਂ ਬਾਕੀ ਮੈਂ ਪਹਿਲਾਂ ਤੋਂ ਆਉਂਦਾ ਜਾਂਦਾ ਹਾਂ ਉਨ੍ਹਾਂ ਕੋਲ ਇਸ ਕਰਕੇ ਮੈਨੂੰ ਉਹ ਸਮਝਦੇ ਨੇ ਮੇਰੀ ਭੂਆ ਦੇ ਦੋ ਮੁੰਡੇ ਨੇ ਮੇਰੀ ਦੋਵਾ ਨਾਲ ਹੀ ਬਹੁਤ ਵਧੀਆ ਬਣਦੀ ਹੈ।ਪਰ ਜਿਹੜਾ ਮੇਰੀ ਭੂਆਂ ਦਾ ਵੱਡਾ ਮੁੰਡਾ ਗੁਰਬਿੰਦਰ ਉਸ ਨਾਲ ਮੇਰੀ ਸੋਚ ਸੇਮ ਹੀ ਮਿਲਦੀ ਸੀ ਸਾਡੀ ਦੋਹਾਂ ਦੀ ਸੋਚ ਬਿਲਕੁਲ ਇੱਕ ਹੀ ਸੀ ਇਸ ਕਰਕੇ ਸਾਨੂੰ ਦੋਵਾਂ ਨੂੰ ਇੱਕ ਦੂਸਰੇ ਨੂੰ ਕੁਸ ਦੱਸਣ ਪੁੱਛਣ ਦੀ ਜ਼ਰੂਰਤ ਨਹੀਂ ਪੈਂਦੀ ਸੀ ਤੇ ਇੱਕ ਦੂਸਰੇ ਨੂੰ ਇਸੇ ਤਰ੍ਹਾਂ ਬਗੈਰ ਬੋਲੇ ਤੋਂ ਹੀ ਸਮਝ ਲੈਂਦੇ ਸੀ। ਉਸਦਾ ਇੱਕ ਸ਼ੌਕ ਸੀ ਉਸ ਕੋਲ ਕਾਪੀ ਹੁੰਦੀ ਛੋਟੀ ਜਿਹੀ ਉਸ ਤੇ ਕੁਸ ਨਾ ਕੁਸ਼ ਉਹ ਬੱਸ ਲਿਖਦਾ ਹੀ ਰਹਿੰਦਾ ਕਦੇ ਕੋਈ ਸ਼ੇਅਰ ਲਿਖਤਾਂ ਕਦੇ ਕੋਈ ਕਵਿਤਾ ਲਿਖਤੀ ਬੱਸ ਸਾਰਾ ਦਿਨ ਚੁੱਪ ਚਾਪ ਹੀ ਰਹਿੰਦਾ ਤੇ ਜਦੋਂ ਕੁਸ ਦਿਮਾਗ ਚ ਆ ਜਾਂਦਾ ਤਾ ਨਾਲ ਦੀ ਨਾਲ ਲਿਖ ਲੈਂਦਾ ਛੋਟੀ ਜਿਹੀ ਡਾਇਰੀ ਤੇ ਪਿੰਨ ਜ਼ੇਬ ਚ ਹੀ ਰੱਖਦਾਂ ਸੀ। ਇਸ ਕਰਕੇ ਕੋਈ ਵੀ ਉਸ ਦੇ ਦਿਲ ਚ ਗੱਲ ਹੁੰਦੀ ਤਾਂ ਉਹ ਮੈਨੂੰ ਦੱਸ ਦਿੰਦਾ ਜੇ ਮੇਰੇ ਦਿਲ 'ਚ ਕੋਈ ਗੱਲ ਹੁੰਦੀ ਤਾਂ ਮੈਂ ਉਸਨੂੰ ਦੱਸ ਦਿੰਦਾ ਇਸ ਕਰਕੇ ਸਾਡੀ ਦੋਵਾਂ ਦੀ ਬਹੁਤ ਹੀ ਵਧੀਆ ਬਣਦੀ ਸੀ। ਉਸਦੀ ਡੈਥ ਹੋ ਗਈ ਸੀ ਛੇ ਸੱਤ ਸਾਲ ਪਹਿਲਾਂ ਤੇ ਮੈਨੂੰ ਅੱਜ ਵੀ ਨਹੀਂ ਭੁੱਲਦਾ ਕਿਉਂਕਿ ਜ਼ਿੰਦਗੀ ਚ ਛੇਤੀਂ ਕਿਸੇ ਇਨਸਾਨ ਨਾਲ ਸੋਚ ਨਹੀਂ ਮਿਲਦੀ ਜੀਹਦੇ ਨਾਲ ਆਪਾਂ ਆਪਣੇ ਦਿਲ ਦੀਆਂ ਗੱਲਾਂ ਬਾਤਾਂ ਕਰ ਲੈਂਦੇ ਹਾਂ। ਉਹੀ ਇੱਕ ਦੁਨੀਆਂ ਚ ਪਹਿਲਾਂ ਬੰਦਾਂ ਸੀ ਜੀਹਦੇ ਨਾਲ ਮੇਰੀ ਸੋਚ ਮਿਲੀ ਸੀ ਉਸ ਤੋਂ ਬਾਅਦ ਅਜ਼ੇ ਕਿਸੇ ਨਾਲ ਵੀ ਮੇਰੀ ਸੋਚ ਵਿਚਾਰ ਨਹੀਂ ਮਿਲੇ ਤੇ ਨਾਂ ਹੀ ਮੈਂ ਕਦੇ ਵੀ ਕਿਸੇ ਨਾਲ ਆਪਣੇ ਦਿਲ ਦੀ ਕੋਈ ਵੀ ਗੱਲ ਸ਼ੇਅਰ ਕੀਤੀ ਹੈ।

ਬਾਕੀ ਮੈਂ ਰਿਹਾਂ ਹੀ ਪਹਿਲੇ ਦਿਨ ਤੋਂ ਇਕੱਲਾ ਜਿਹਾਂ ਹਾਂ। ਬੋਲ ਕੇ ਵੀ ਬਹੁਤ ਘੱਟ ਈ ਖੁਸ਼ ਹਾਂ। ਜਿਥੇ ਵੀ ਕੋਈ ਗੱਲ ਸੁਣ ਲਵਾਂ ਉਥੇ ਹੀ ਛੱਡ ਦਿੰਦਾਂ ਹਾਂ। ਮੈਂ ਆਪ ਕਿਸੇ ਨਾਲ ਕੋਈ ਗੱਲ ਕਰਦਾ ਨਹੀਂ ਹੋਰ ਤਾਂ ਹੋਰ ਮੈਨੂੰ ਤਾਂ ਜੇਕਰ ਕਦੇ ਕੋਈ ਸੁਪਨਾ ਵੀ ਆ ਜਾਵੇ ਉਹ ਵੀ ਨਹੀਂ ਕਿਤੇ ਸ਼ੇਅਰ ਕੀਤਾਂ ਕਿਸੇ ਨਾਲ ਵੀ ਚਲੋਂ ਛੱਡੋ। ਮੈਂ ਆਪਣੀ ਭੂਆ ਕੋਲੋਂ ਤਿੰਨ ਕੁ ਦਿਨਾਂ ਬਾਅਦ ਮੁੜ ਕੇ ਪਿੰਡ ਆ ਗਿਆ ਤੇ ਆਉਂਦੇ ਨੂੰ ਚਾਚਾ ਸੱਥ 'ਚ ਬੈਠਾਂ ਆਪਣੇ ਘਰ ਕੋਲ ਸੱਥ ਹੈ। ਚਾਚਾ ਕਹਿੰਦਾ ਕਿਉਂ ਜਗਨੇ ਕੀ ਹਾਲ ਚਾਲ ਐ ਮਿਲਿਆ ਆਇਆਂ ਭੂਆਂ ਨੂੰ ਮੈਂ ਕਿਹਾ ਹਾ ਜੀ ਚਾਚਾ ਜੀ ਫਿਰ ਮੈਂ ਵੀ ਲਾ ਕੇ ਸਾਈਕਲ ਦਾ ਸਟੈਂਡ ਬੈਠ ਗਿਆ ਚਾਚੇ ਕੋਲ ਤੇ ਕਿਹਾ ਚਾਚਾ ਜੀ ਮੈਂ ਉਸ ਦਿਨ ਤੁਹਾਡੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਸੀ। ਕਹਿੰਦਾ ਮੈਨੂੰ ਜਗਨੇ ਬਹੁਤ ਹੀ ਜ਼ਿਆਦਾ ਤੇਜ਼ੀ ਸੀ ਉਸ ਦਿਨ ਫੇਰ ਮੈਂ ਹਸਦੇ ਹਸਦੇ ਨੇ ਕਿਹਾ ਹੁਣ ਤਾ ਨਹੀਂ ਤੇਜੀ ਕਹਿੰਦਾ ਹੁਣ ਨਹੀਂ ਹੁਣ ਤਾ ਤੇਰੇ ਕੋ.ਲੇ ਹੀ ਹਾਂ। ਫਿਰ ਅਸੀ ਦੋਵਾ ਨੇ ਕਾਫੀ ਗੱਲਾਂ ਬਾਤਾਂ ਕੀਤੀਆਂ ਤੇ ਮੈਂ ਕਿਹਾ ਚਾਚਾ ਜੀ ਦੇਖੋਂ ਹੁਣ ਤੁਸੀਂ ਸੱਥ ਚ ਬੈਠੇ ਉ ਸਾਦੇ ਪਹਿਰਾਵੇਂ ਚ ਤੁਹਾਨੂੰ ਸਾਰੇ ਈ ਜਾਣਦੇ ਨੇ ਕਿ ਇਹ ਮੁੰਡਾ ਕੀਹਦਾ ਤੇ ਕਿਵੇਂ ਦਾ ਇੰਨਸਾਨ ਹੈਂ। ਕਹਿੰਦਾ ਹਾਂ ਫਿਰ ਮੈਂ ਕਿਹਾ ਕਿ ਜੇਕਰ ਤੁਸੀਂ ਏਥੇ ਚੰਗੀ ਸ਼ੌਕੀਨੀ ਲਾ ਕੇ ਬੈਠੋਗੇ ਤਾਂ ਵੀ ਤੁਹਾਡੀ ਉਸੇ ਤਰ੍ਹਾਂ ਹੀ ਪਹਿਚਾਣ ਰਹੇਂਗੀ ਕਹਿੰਦਾ ਹਾਂ ਸਹੀ ਹੈ ਫਿਰ ਮੈਂ ਕਿ ਚਾਚਾ ਜੀ ਤੁਸੀਂ ਹੁਣ ਮੋਟਰਸਾਈਕਲ ਤੇ ਸਫਰ ਕਰਦੇ ਉ ਤਾਂ ਵੀ ਤੁਹਾਡੀ ਉਹੀ ਪਛਾਣ ਹੈ ਜੇਕਰ ਤੁਸੀਂ ਹੁਣ ਮੋਟਰਸਾਈਕਲ ਛੱਡ ਕੇ ਨਵੀ ਕਾਰ ਤੇ ਸ਼ੌਕੀਨੀ ਲਾ ਕੇ ਸਫ਼ਰ ਤੈਅ ਕਰੋਂ ਗੇ ਤਾਂ ਵੀ ਤੁਹਾਡੀ ਉਹੀ ਪਹਿਚਾਣ ਰਹੇਂਗੀ ਪਹਿਚਾਣ ਤਾਂ ਤੁਹਾਡੀ ਉਹੀ ਰਹੇਗੀ। ਬੇਸ਼ੱਕ ਤੁਸੀਂ ਜਹਾਜ਼ ਤੇ ਸਫ਼ਰ ਤੈਅ ਕਰ ਲਵੋ। ਪਹਿਚਾਣ ਨਹੀਂ ਕਿਸੇ ਵੀ ਇੰਨਸਾਨ ਦੀ ਬਦਲ ਸਕਦੀ ਚਾਚਾ ਜੀ ਕਹਿੰਦੇ ਹਾਂ ਜਗਨ ਬਿਲਕੁਲ ਸਹੀ ਕਿਹਾ ਤੂੰ ਬੰਦੇ ਦਾ ਤਾ ਉਈ ਪਤਾ ਲੱਗ ਜਾਂਦਾ ਹੈ ਕਿ ਕੌਂਣ ਕਿੰਨੇ ਕੁ ਪਾਣੀ ਚ ਹੈ। ਦਿਖਾਵੇ ਦੀ ਤਾ ਲੋੜ ਈ ਨਹੀਂ ਪੈਂਦੀ।


ਇਸ ਕਰਕੇ ਹਮੇਸ਼ਾ ਹੀ ਆਪਣੀ ਸੋਚ ਤੇ ਅਜ਼ਾਦ ਹੋ ਕੇ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ ਜਿਵੇਂ ਮਨ ਖੁਸ਼ ਹੋਵੇ ਕਰੋਂ ਕਿਉਂਕਿ ਮਨ ਦੀ ਖੁਸ਼ੀ ਕਦੇ ਵੀ ਮੁੱਲ ਨਹੀਂ ਖਰੀਦੀ ਜਾ ਸਕਦੀ ਪਰ ਸੋਚ ਹਰ ਇੱਕ ਇਨਸਾਨ ਨੂੰ ਚੰਗੀ ਰੱਖਣੀ ਚਾਹੀਦੀ ਹੈ। ਗਲਤ ਕੰਮਾਂ ਤੋਂ ਬੱਚਣਾ ਚਾਹੀਦਾ ਹੈ,ਗਲਤ ਸੰਗਤ ਤੋਂ ਬਚਣਾ ਚਾਹੀਦਾ ਹੈ, ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਕਰਕੇ ਮੈਂ ਸਭ ਨੂੰ ਹੀ ਬੇਨਤੀ ਕਰਦਾ ਹਾਂ ਕਿ ਸਾਈਕਲ ਚਲਾਉ ਸੇਹਤ ਬਚਾਉ ਸਾਈਕਲ ਚਲਾਉਣ ਦੇ ਰਿਜਾਲਟ ਤੁਹਾਨੂੰ ਆਪਣੇ ਆਪ ਮਿਲਣ ਲੱਗ ਜਾਣਗੇ।




# ਪਾਗੀ (ਰਾਜਸਥਾਨੀ ਕਾਵਿ ਸੰਗ੍ਰਹਿ)

**ਕਵੀ: ਚੰਦਰ ਪ੍ਰਕਾਸ਼ ਦੇਵਲ,**
**ਅਨੁ: ਪ੍ਰੀਆ ਸੂਫ਼ੀ**
**ਪ੍ਰਕਾਸ਼ਕ: ਪੰਜਾਬੀ ਸਾਹਿਤ ਆਕਾਦੇਮੀ**
**ਦਿੱਲੀ, ਪੰਨੇ: 80,ਮੁੱਲ: 150/-**

ਚੰਦਰ ਪ੍ਰਕਾਸ਼ ਦੇਵਲ ਨੇ ਹਿੰਦੀ ਸਾਹਿਤ ਤੇ ਖਾਸਕਰ ਰਾਜਸਥਾਨੀ ਸਾਹਿਤ ਵਿਚ ਅਨੇਕਾਂ ਨਿੱਗਰ ਪੁਸਤਕਾਂ ਦੀ ਰਚਨਾ ਨਾਲ ਸਾਹਿਤ ਅਕਾਦਮੀ ਪੁਰਸਕਾਰ ਵੀ ਪ੍ਰਾਪਤ ਕੀਤਾ ਹੋਇਆ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ ਵਸਦੀ ਹਿੰਦੀ ਸਾਹਿਤ ਦੀ ਮਾਹਿਰ ਕਵਿਤਰੀ ਪ੍ਰੀਆ ਸੂਫੀ ਨੇ ਪੰਜਾਬੀ ਅਤੇ ਹਿੰਦੀ ਸਾਹਿਤ ਵਿਚ ਸ਼ਾਨਦਾਰ ਪੈੜਾਂ ਪਾਈਆਂ ਹਨ। ਉਸ ਵਲੋਂ ਇਸ ਕਾਵਿ ਸੰਗ੍ਰਹਿ ਦਾ ਅਨੁਵਾਦ ਬੜੀ ਗੰਭੀਰਤਾ ਨਾਲ ਕੀਤਾ ਹੈ। 'ਪਾਗੀ' ਦਾ ਅਰਥ ਹੈ ਪੈੜਾਂ ਦੇ ਨਿਸ਼ਾਨ ਦੇਖ ਕੇ ਜਨੌਰਾਂ ਅਤੇ ਚੋਰਾਂ ਨੂੰ ਲੱਭਣ ਵਾਲਾ। ਪੰਜਾਬੀ ਵਿਚ ਇਸ ਸ਼ਬਦ ਦਾ ਹੋਰ ਕੋਈ ਬਦਲ ਨਾ ਹੋਣ ਕਰਕੇ ਪਾਗੀ ਨੂੰ ਉਚਿਤ ਮੰਨਿਆ ਗਿਆ ਹੈ। ਕਿਸੇ ਪੁਸਤਕ ਦੇ ਅਨੁਵਾਦਕ ਕੋਲ ਦੋਨਾਂ ਸੱਭਿਆਚਾਰਾਂ ਦਾ ਗਿਆਨ ਹੋਣਾ ਲਾਜ਼ਮੀ ਹੁੰਦਾ ਹੈ। ਇਸਦੇ ਨਾਲ ਨਾਲ ਸ਼ਬਦ ਭੰਡਾਰ ਵੀ ਜ਼ਰੂਰੀ ਹੈ। ਜਿਸਦੇ ਇਸਤੇਮਾਲ ਨਾਲ ਪਾਠਕ ਮਨ ਨੂੰ ਤ੍ਰਿਪਤੀ ਮਿਲਣੀ ਹੁੰਦੀ ਹੈ। ਡਾ. ਪ੍ਰੀਆ ਸੂਫ਼ੀ ਕੋਲ ਦੋਨਾਂ ਕਲਾਵਾਂ ਦਾ ਭੰਡਾਰ ਵੀ ਹੈ ਅਤੇ ਉਹਨਾਂ ਦੀ ਸਹੀ ਵਰਤੋਂ ਕਰਨ ਦੀਆਂ ਜੁਗਤਾਂ ਵੀ। ਜਦੋਂ ਪਾਠਕ ਇਸ ਕਾਵਿ ਸੰਗ੍ਰਹਿ ਦਾ ਪਾਠ ਕਰਦੇ ਹਨ ਤਾਂ ਇਹ ਅਨੁਵਾਦ ਘੱਟ ਸਗੋਂ ਪੰਜਾਬੀ ਭਾਸ਼ਾ ਵਿਚ ਮੂਲ ਰੂਪ ਨਾਲ ਰਚੀ ਪੁਸਤਕ ਪ੍ਰਤੀਤ ਹੁੰਦੀ ਹੈ। ਇਹ ਹੈ ਅਨੁਵਾਦਕ ਦੀ ਅਨੁਵਾਦ ਕਲਾ ਦਾ ਕਮਲਾ। ਜਦੋਂ ਪਾਠਕ ਨੂੰ ਰਚਨਾ ਆਪਣੀ ਲੱਗਣ ਲੱਗ ਪਵੇ ਤਾਂ ਉਸ ਅਨੁਵਾਦ ਨੂੰ ਸਫ਼ਲ ਮੰਨਿਆ ਜਾਂਦਾ ਹੈ। ਅਠਾਈ ਰਾਜਸਥਾਨੀ ਕਵਿਤਾਵਾਂ ਦਾ ਇਹ ਸੰਗ੍ਰਹਿ ਜਿਥੇ ਰਾਜਸਥਾਨੀ ਜਨ ਜੀਵਨ ਤੇ ਰੌਸ਼ਨੀ ਪਾਉਂਦਾ ਹੈ ਉਥੇ ਸਾਡੇ ਆਪਸੀ ਸਬੰਧਾਂ ਅਤੇ ਰਿਸ਼ਤਿਆਂ ਦੇ ਤਾਣੇ ਬਾਣੇ ਦੀਆਂ ਉਲਝਣਾਂ ਨੂੰ ਵੀ ਪੇਸ਼ ਕਰਦਾ ਹੈ। ਭੌਤਿਕਵਾਦੀ ਸਮਾਜ ਵਿਚ ਫੈਲੇ ਲਾਲਚਾਂ ਅਤੇ ਚਲਾਕੀਆਂ ਨੂੰ ਵੀ ਪੇਸ਼ ਕਰਕੇ ਪਾਠਕਾਂ ਨੂੰ ਅਜੋਕੇ ਸਮੇਂ ਲਈ ਤਿਆਰ ਕੀਤਾ ਗਿਆ ਹੈ। ਇਹ ਕਾਵਿ ਸੰਗ੍ਰਹਿ ਜਿਥੇ ਸਾਨੂੰ ਰਾਜਸਥਾਨੀ ਅਮੀਰ ਵਿਰਾਸਤ ਦੇ ਦਰਸ਼ਨ ਕਰਵਾਉਂਦਾ ਹੈ ਉਥੇ ਆ ਰਹੀ ਸਮਾਜਕ, ਅਰਥਕ ਅਤੇ ਰਾਜਸੀ ਤਬਦੀਲੀਆਂ ਵੱਲ ਵੀ ਇਸ਼ਾਰਾ ਕਰਦਾ ਹੈ। ਪਿਆਰ ਮੁਹੱਬਤ ਤੋਂ ਖੋਖਲੇ ਹੋ ਰਹੇ ਦਿਲਾਂ ਤੇ ਚਿੰਤਾ ਪ੍ਰਗਟ ਕੀਤੀ ਗਈ ਹੈ।ਇਸ਼ਕ ਮਜਾਜੀ ਨਾਲ ਇਸ਼ਕ ਹਕੀਕੀ ਨੂੰ ਬੀਤੇ ਦੀ ਕਹਾਣੀ ਵਜੋਂ ਪੇਸ਼ ਕੀਤਾ ਗਿਆ ਹੈ।ਲੋਕ ਮਨ ਦੀਆਂ ਡੂੰਘੀਆਂ ਤਹਿਆਂ ਵਿਚ ਲੁਕੇ ਦੁੱਖਾਂ ਕਰਦਾ ਦਾ ਦਰਿਆ ਵੀ ਇਹਨਾਂ ਕਵਿਤਾਵਾਂ ਵਿਚ ਵਗਦਾ ਦਿਖਾਈ ਦਿੰਦਾ ਹੈ। ਪੁਸਤਕ ਵਿਚ ਸ਼ਾਮਲ ਮਾਂ, ਯੁੱਧ, ਮਸ਼ੂਕ, ਨਜ਼ਰ ਤੇ ਨਜਰੀਆ, ਗੂੰਜ, ਮੈਨੂੰ ਕੀ, ਗਿਰਗਿਟ ਅਤੇ ਸੈਨਤ ਆਦਿ ਕਮਾਲ ਦੀਆਂ ਕਵਿਤਾਵਾਂ ਹਨ।ਡਾ. ਪ੍ਰੀਆ ਸੂਫੀ ਨੇ ਆਪਣੀ ਅਨੁਵਾਦਨ ਕਲਾ ਨਾਲ ਇਸ ਅਨੁਵਾਦ ਕਾਰਜ ਨੂੰ ਸਫ਼ਲਤਾ ਨਾਲ ਨਿਭਾਇਆ ਹੈ।ਪੁਸਤਕ ਪੜ੍ਹਕੇ ਪਾਠਕ ਨੂੰ ਭਰਪੂਰ ਆਨੰਦ ਮਿਲਦਾ ਹੈ।





**ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**

## ਬਾਲ ਸਾਹਿਤ ਦਾ ਬਹੁਤ ਹੀ ਦਿਲਚਸਪ ਨਾਵਲ ਹੈ-ਰਿਸ਼ਤਿਆਂ ਦਾ ਨਿੱਘ

# ਨਾਵਲ : ਰਿਸ਼ਤਿਆਂ ਦਾ ਨਿੱਘ

**ਲੇਖਿਕਾ: ਅਮਰਜੀਤ ਕੌਰ ਮੋਰਿੰਡਾ**
**ਫੋਨ: 7009839007**
**ਪੰਨੇ: 71, ਕੀਮਤ: 150**
**ਪ੍ਰਕਾਸ਼ਕ: ਗੁੱਡ ਵਿੱਲ**
**ਪਬਲੀਕੇਸ਼ਨ ਮਾਨਸਾ**




ਅਜੋਕੇ ਦੌਰ 'ਚ ਪੰਜਾਬੀ ਸਾਹਿਤ ਦੇ ਖੇਤਰ ਵਿਚ ਲਗਭਗ ਬਹੁਤੇ ਲੇਖਕ ਕਾਵਿ ਸੰਗ੍ਰਹਿ ਨਾਲ ਹੀ ਪ੍ਰਵੇਸ਼ ਕਰਦੇ ਹਨ। ਇਲੈਕਟ੍ਰਾਨਿਕ ਸੋਸ਼ਲ ਮੀਡੀਆ ਨੇ ਪ੍ਰਿੰਟ ਮੀਡੀਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।ਸਿੱਟੇ ਵਜੋਂ ਪਾਠਕਾਂ ਵਿੱਚ ਪੜਨ ਦੀ ਬੇਹੱਦ ਕਮੀਂ ਹੋਈ ਹੈ। ਪ੍ਰਕਾਸ਼ਕ ਵੀ ਕਾਵਿ ਸੰਗ੍ਰਹਿ ਨੂੰ ਛਾਪਣ ਵਿੱਚ ਆਨਾਕਾਨੀ ਕਰਦੇ ਹਨ। ਬਹੁਤੀਆਂ ਪੁਸਤਕਾਂ ਅੱਜਕਲ੍ਹ ਕਾਵਿ ਵੇਦਨਾ ਸੰਵੇਦਨਾ ਭਰਪੂਰ ਹੀ ਲੋਕ ਅਰਪਣ ਹੁੰਦੀਆਂ ਹਨ।ਸੋ ਪਾਠਕਾਂ ਚ ਪੜਨ ਅਤੇ ਪ੍ਰਕਾਸ਼ਕ ਦੀ ਰੁਚੀ ਦੀ ਘਾਟ ਦੇ ਮੱਦੇਨਜ਼ਰ ਬਹੁਤੀਆਂ ਕਾਵਿ ਸੰਗ੍ਰਹਿ ਕਿਤਾਬਾਂ ਆਮ ਲੋਕਾਂ ਤਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਦਿੰਦੀਆਂ ਹਨ ਅਤੇ ਲੇਖਕ ਨੂੰ ਜਲਦੀ ਜਲਦੀ ਅਗਲੇਰੀ ਪੁਸਤਕ ਛਾਪਣ ਦਾ ਹੀਆ ਹੀ ਸਾਥ ਨਹੀਂ ਦਿੰਦਾ। ਪਰ 'ਰਿਸ਼ਤਿਆਂ ਦਾ ਨਿੱਘ' ਵਾਰਤਕ ਬਾਲ ਨਾਵਲ ਦੀ ਲੇਖਿਕਾ ਅਮਰਜੀਤ ਕੌਰ ਮੋਰਿੰਡਾ ਇਸ ਮਾਮਲੇ ਚ ਸ਼ਿਰਕਤ ਕਰਕੇ ਹੌਸਲੇ ਵਾਲਾ ਕੰਮ ਕਰ ਗਈ ਹੈ।ਨਾਵਲ ਵਿਚਲੀਆਂ ਘਟਨਾਵਾਂ ਦੀ ਤਰਤੀਬ, ਸਰਲਤਾ, ਸਪੱਸ਼ਟਤਾ, ਮਾਨਵਤਾਵਾਦੀ ਰਿਸ਼ਤਿਆਂ ਦੀ ਪਾਕੀਜ਼ਗੀ, ਪਰਿਵਾਰਕ ਸਾਂਝ ਦਾ ਪ੍ਰਤੀਕ ਸਾਂਝਾ ਪਰਿਵਾਰ, ਰਿਸ਼ਤਿਆਂ ਨੂੰ ਆਂਟੀ ਅੰਕਲ ਤੋਂ ਹੱਟ ਕੇ ਪੰਜਾਬੀ ਸੱਭਿਆਚਾਰਕ ਰਿਸ਼ਤਿਆਂ ਦੇ ਨਾਵਾਂ ਨਾਲ ਦਰਸਾਉਣਾ ਲੇਖਿਕਾ ਦੀ ਸੂਝਬੂਝ ਦਰਿਆਦਿਲੀ ਦਾ ਸਬੂਤ ਹੈ।ਨਾਵਲ ਪੜ੍ਹਦਿਆਂ ਪਾਠਕ ਦੀ ਰੌਚਕਤਾ ਵਧਦੀ ਹੀ ਜਾਂਦੀ ਹੈ, ਕਿਤੇ ਵੀ ਅਕੇਵਾਂ ਬਿਲਕੁਲ ਮਹਿਸੂਸ ਨਹੀਂ ਹੁੰਦਾ।ਨਾਵਲ ਦੇ ਪਾਤਰਾਂ ਨੂੰ ਅਜੋਕੇ ਮੋਬਾਇਲਵਾਦੀ ਕਲਚਰ ਤੋਂ ਦੂਰ ਰੱਖ ਕੇ ਪਿਆਰ, ਸਾਂਝੀਵਾਲਤਾ, ਸਹਿਯੋਗ, ਨਿਮਰਤਾ, ਅਨੁਸ਼ਾਸਨਵਾਦੀ ਬਣਾਕੇ ਪੇਸ਼ਕਾਰੀ ਲੇਖਿਕਾ ਦੀ ਵਿਸ਼ੇਸ਼ਤਾ ਚ ਸ਼ਾਮਲ ਹੈ। ਨਾਵਲ ਨੂੰ ਪੜ੍ਹਦਿਆਂ ਪਾਠਕ ਦਾ ਵਿਚ ਵਿਚਾਲੇ ਛੱਡਣ ਨੂੰ ਮਨ ਨਹੀਂ ਕਰਦਾ। ਪੇਂਡੂ ਮਾਹੌਲ ਨੂੰ ਬਾਲ ਨਾਵਲ ਵਿਚ ਬਹੁਤ ਹੀ ਖੂਬਸੂਰਤੀ ਨਾਲ ਦਰਸਾ ਕੇ ਅਜੋਕੇ ਫਾਸਟ ਫੂਡ ਪ੍ਰੋਸੈਸਿੰਗ ਦੀ ਥਾਂ ਘਰੇਲੂ ਖਾਣ ਪੀਣ ਦੀਆਂ ਚੀਜ਼ਾਂ ਦੀ ਵਰਤੋਂ ਨੂੰ ਮਹੱਤਵ ਦਿੱਤਾ ਗਿਆ ਹੈ। ਪੇਂਡੂ ਮਾਹੌਲ, ਪੇਂਡੂ ਖੇਡਾਂ, ਪੇਂਡੂ ਖਾਣੇ, ਸੱਭਿਆਚਾਰਕ, ਧਾਰਮਿਕ, ਸਮਾਜਿਕ ਕਦਰਾਂ ਕੀਮਤਾਂ ਅਤੇ ਰਹੁ ਰੀਤਾਂ, ਤਿਉਹਾਰਾਂ ਦੀ ਮਹੱਤਤਾ ਨੂੰ ਸਰਲ ਅਤੇ ਸਪੱਸ਼ਟ ਸ਼ਬਦਾਂ ਚ ਦਰਸਾਇਆ ਗਿਆ ਹੈ।

ਇਹ ਬਾਲ ਨਾਵਲ ਬੱਚਿਆਂ ਦੇ ਬੌਧਿਕ ਪੱਧਰ ਮੁਤਾਬਕ ਬਹੁਤ ਹੀ ਰੌਚਿਕ ਅਤੇ ਪ੍ਰਭਾਵਸ਼ਾਲੀ ਹੈ।ਇੱਕ ਵਾਰ ਜ਼ਰੂਰ ਇਹ ਨਾਵਲ ਬੱਚਿਆਂ ਨੂੰ ਪੜਾਉਣ ਲਈ ਯਤਨ ਕਰਨਾ ਚਾਹੀਦਾ ਹੈ, ਇਸ ਨਾਲ ਜਿੱਥੇ ਉਹਨਾਂ ਚ ਸਾਹਿਤ ਪੜਨ ਦੀ ਪ੍ਰਵਿਰਤੀ ਉਤਪੰਨ ਹੋਵੇਗੀ, ਉੱਥੇ ਪੰਜਾਬੀ ਵਿਰਸੇ ਨਾਲ ਜੁੜਨ ਲਈ ਪ੍ਰੇਰਨਾ ਅਤੇ ਉਤਸੁਕਤਾ ਵੀ ਵਧੇਗੀ। ਲੇਖਿਕਾ ਅਮਰਜੀਤ ਕੌਰ ਮੋਰਿੰਡਾ ਦਾ ਸਾਹਿਤ ਦੇ ਇਸ ਖੇਤਰ ਚ ਸ਼ਿਰਕਤ ਤੇ ਸ਼ੁਭ ਕਾਮਨਾਵਾਂ।

**ਰਿਵਿਊਕਾਰ: ਇੰਜੀ. ਸਤਨਾਮ ਸਿੰਘ ਮੱਟੂ**
**97797-08257**

### ਸਾਹਿਬ ਕਾਂਸ਼ੀ ਰਾਮ ਦੇ 89 ਵੇਂ ਜਨਮ ਦਿਨ ਤੇ ਯਾਦ ਕਰਦਿਆਂ •••

# ਮਹਾਂਪੁਰਸ਼ਾਂ ਨੂੰ ਆਪਣੇ ਮੰਨਦੇ ਪਰ ਉਨ੍ਹਾਂ ਦੀ ਗੱਲ ਨਹੀਂ ਮੰਨਦੇ



ਸੰਤੋਖ ਸਿੰਘ ਜੱਸੀ
91-70876–19800

ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਪਿਤਾ ਸਰਦਾਰ ਹਰੀ ਸਿੰਘ ਮਾਤਾ ਬਿਸ਼ਨ ਕੌਰ ਵਾਸੀ ਖੁਆਸਪੁਰ (ਰੂਪਨਗਰ) ਨਾਨਕੇ ਪਿੰਡ ਪ੍ਰਿਥੀਪੁਰ (ਬੁੰਗਾ) ਵਿਖੇ ਹੋਇਆ। ਮੁੱਢਲੀ ਤੇ ਉਚੇਰੀ ਸਿੱਖਿਆ ਬੀ ਐਸ ਸੀ ਕਰਨ ਉਪਰੰਤ ਪੂਨੇ ਦੇ ਇੰਸਟੀਚਿਊਟ 'ਚ ਰੋਜਗਾਰ ਲਈ ਨੌਕਰੀ ਜਾ ਕੀਤੀ।

ਇਥੇ ਵਾਪਰੀ ਇਕ ਘਟਨਾ ਨੇ ਕਾਂਸ਼ੀ ਰਾਮ ਜੀ ਦਾ ਜੀਵਨ ਦਾ ਰੁਖ ਹੀ ਬਦਲ ਦਿੱਤਾ। ਜਿਥੇ ਅਦਾਰੇ ਵਲੋਂ ਭਾਰਤੀ ਸੰਵਿਧਾਨ ਦੇ ਮੁੱਖ ਕਰਤਾ ਤੇ ਕਰੋੜਾਂ ਲੋਕਾਂ ਦੇ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਤੇ ਤਥਾਗਤ ਬੁੱਧ ਦੇ ਜਨਮ ਦਿਨ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ। ਜਿਸ ਦੇ ਫਲਸਰੂਪ ਦੀਨਾ ਭਾਨਾ ਨਾਮੀ ਇਕ ਅੰਬੇਡਕਰੀ ਨੇ ਇਕ ਤਰ੍ਹਾਂ ਖੁੱਲੀ ਬਗਾਵਤ ਕਰ ਦਿੱਤੀ। ਜਿਸ ਦੀ ਖੁੱਲ ਕੇ ਹਰ ਸੰਭਵ ਮੱਦਦ ਕਾਂਸ਼ੀ ਰਾਮ ਨੇ ਕੀਤੀ, ਜਿਸ ਕਰਕੇ ਕਾਂਸ਼ੀ ਰਾਮ ਨੂੰ 'ਉਸਤਾਦਾਂ ਦੇ ਉਸਤਾਦ' ਕਿਹਾ ਜਾਣ ਲੱਗਾ।

ਇਕ ਘਟਨਾ ਸਮੇਂ ਉਨ੍ਹਾਂ ਨੂੰ "ਜਾਤ-ਪਾਤ ਦਾ ਬੀਜਨਾਸ਼" ਕਿਤਾਬ ਪ੍ਰਾਪਤ ਹੋਈ। ਜਿਸ ਨੂੰ ਉਹਨਾਂ ਛੇ ਵਾਰੀ ਪੜ੍ਹਿਆ। ਆਖਰ ਘਰਦਿਆਂ ਦਾ ਕਾਂਸ਼ੀ ਰਾਮ ਨਾ ਹੋ ਕੇ ਸਮਾਜ ਲਈ ਸਮਰਪਿਤ ਹੋ ਗਿਆ। ਸਾਰੀਆਂ ਸੁੱਖ ਸੁਵਿਧਾਵਾਂ ਨੂੰ ਵਡੇਰੇ ਸਮਾਜੀ ਹਿੱਤਾਂ ਖਾਤਰ ਵਾਰਨ ਦਾ ਪ੍ਰਣ ਲੈ ਲਿਆ। ਆਖਰ ਉਹਨਾਂ ਇਤਿਹਾਸ ਤੋਂ ਸਬਕ ਲੈਂਦੇ ਹੋਏ ਪੂਰੀ ਇਮਾਨਦਾਰੀ, ਤਨਦੇਹੀ ਤੇ ਜਨੂੰਨੀ ਭਾਵਨਾ 'ਚ ਹਜ਼ਾਰਾਂ ਸਾਲਾਂ ਤੋਂ ਖੋਹੇ ਹੋਏ ਮਨੁੱਖੀ ਹੱਕਾਂ ਨੂੰ ਬਹਾਲ ਕਰਨ ਦੇ ਰਾਹ ਰਸਤੇ ਦਿਨ ਰਾਤ ਖੋਜੇ ਤੇ ਇਸ ਮਿਸ਼ਨ ਲਈ ਲਗਾਤਾਰ ਕੰਮ ਕੀਤਾ। ਸਮਾਜ ਨੇ ਵੀ 'ਬਾਬਾ ਸਾਹਿਬ' ਦੇ ਖਿਤਾਬ ਤੋਂ ਬਾਅਦ 'ਸਾਹਿਬ ਕਾਂਸ਼ੀ ਰਾਮ' ਦਾ ਲੋਕ ਖਿਤਾਬ ਨਾਲ ਸਨਮਾਨ ਕੀਤਾ।

ਭਾਰਤ ਦੀ ਰਾਜਨੀਤੀ ਦੀ ਉਹਨਾਂ ਪੂਰੀ ਤਰ੍ਹਾਂ ਪੁਣਛਾਣ ਕੀਤੀ। ਭਾਰਤ ਦਾ ਸ਼ਾਇਦ ਹੀ ਕੋਈ ਹਿੱਸਾ ਰਿਹਾ ਹੋਵੇ ਜਿਥੇ ਉਹਨਾਂ ਬਹੁਜਨਾਂ ਦੀ ਅਣਖ ਨਾ ਜਗਾਈ ਹੋਵੇ। ਸਾਇਕਲ ਤੇ ਜੰਮੂ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦਾ ਸਫਰ ਕਰਨ ਵਾਲੇ ਸ਼ਾਇਦ ਉਹ ਇਕਲੌਤੇ ਆਗੂ ਹਨ।

ਉਹਨਾਂ ਭਾਰਤ ਤੋਂ ਇਲਾਵਾ ਵਿਦੇਸ਼ੀ ਦੌਰੇ ਇੰਗਲੈਂਡ, ਜਪਾਨ, ਮਲੇਸ਼ੀਆ ਦੇ ਟੂਰ ਵੀ ਦਲਿਤ, ਬਹੁਜਨ ਸਮਾਜ ਲਈ ਚੇਤੰਨਤਾ ਪੈਦਾ ਕਰਨ, ਸ਼ੰਕੇ ਨਵਿਰਤ ਕਰਨ ਤੇ ਜਾਤਪਾਤੀ ਕੈਂਸਰ ਵਰਗੀ ਬਿਮਾਰੀ ਵਾਰੇ ਵੀ ਦੁਨੀਆਂ ਨੂੰ ਆਗਾਹ ਕੀਤਾ।



Sahib Shri Kanshi Ram Ji
15 March 1934 - 9 October 2006

ਕਾਂਸ਼ੀ ਰਾਮ ਨੇ ਜਿੰਦਗੀ ਦਾ ਬਹੁਤਾ ਸਮਾਂ ਲੋਕ ਇਕੱਠ, ਵੱਖ-ਵੱਖ ਪਹਿਲੂਆ ਨੂੰ ਧਿਆਨ 'ਚ ਰੱਖਦਿਆਂ ਵੱਡੇ ਸਫਲ ਪ੍ਰੋਗਰਾਮ ਪੇਸ਼ ਕੀਤੇ। ਇੱਕ ਜਨਤਕ ਇਕੱਠ, ਢੁਕਵੇਂ ਚੋਣ ਗਠਜੋੜਾਂ ਰਾਹੀਂ ਯੂ ਪੀ ਵਰਗੇ ਵੱਡੇ ਸੂਬੇ 'ਚ ਰਾਜ ਸਥਾਪਿਤ ਕੀਤੇ। ਉਹਨਾਂ ਦੀ ਦਿਲੀ ਚਾਹ ਰਹੀ ਕਿ ਹਜ਼ਾਰਾਂ ਸਾਲਾਂ ਤੋਂ ਖੁੱਸਿਆ "ਬਹੁਜਨ ਰਾਜ" ਮੁੜ ਸਥਾਪਿਤ ਹੋਵੇ।

ਪੰਜਾਬ ਵਿੱਚ ਇੱਕ ਸਮੇਂ ਮੁੱਖ ਵਿਰੋਧੀ ਪਾਰਟੀ ਤੱਕ ਪ੍ਰਾਪਤੀ ਕੀਤੀ। ਉਹਨਾਂ ਇਕ ਸਮੇਂ 'ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਦੀਆਂ ਕੁਰਬਾਨੀਆਂ ਨੂੰ' ਰਾਹੀਂ ਜਿਥੇ ਸਮਾਜ ਨੂੰ ਚੌਕੰਨੇ ਕੀਤਾ ਉਥੇ ਮਹਾਂ ਪੁਰਸ਼ਾਂ ਦੀ ਜਿੰਦਗੀ ਤੋਂ ਪ੍ਰੇਰਨਾ ਲੈਣ ਲਈ ਵੀ ਉਤਸ਼ਾਹਿਤ ਕੀਤਾ।

ਕਾਂਸ਼ੀ ਰਾਮ ਨੇ ਦੋ ਪੁਸਤਕਾਂ "ਚਮਚਾ ਯੁੱਗ" ਤੇ "ਬਾਮਸੇਫ ਇਕ ਜਾਣਕਾਰੀ" ਲਿਖੀਆਂ। ਉਹਨਾਂ ਵੱਖ-ਵੱਖ ਮੈਗਜ਼ੀਨ, ਅਖਬਾਰਾਂ ਕੱਢੀਆਂ, ਖੇਤਰੀ ਭਾਸ਼ਾਵਾਂ 'ਚ ਲਿਖੇ ਪੇਪਰ ਛਪਦੇ ਰਹੇ। ਪੰਜਾਬੀ 'ਚ ਚੰਡੀਗੜ੍ਹ ਤੋਂ 'ਬਹੁਜਨ ਸੰਦੇਸ਼' ਛਪਦਾ ਰਿਹਾ। ਉਹ ਇਕ ਸਫਲ ਰਣਨੀਤੀਕਾਰ, ਸੰਗਠਨਕਰਤਾ ਤੇ ਚੰਗੇ ਰਾਜਨੀਤਕ ਦਾਅਪੇਚ ਵਾਲੇ ਆਗੂ ਵਜੋਂ ਜਾਣੇ ਜਾਂਦੇ ਹਨ। ਉਹ ਡਾਕਟਰ ਭੀਮ ਰਾਓ ਅੰਬੇਡਕਰ ਜਿਨ੍ਹਾਂ ਨੂੰ ਅੱਜ 'ਗਿਆਨ ਦੇ ਪ੍ਰਤੀਕ' ਤੇ 'ਦੁਨੀਆਂ ਦੇ ਸੂਰਜ' ਦੇ ਉਹ ਸੱਚੇ ਪੈਰੋਕਾਰ ਵਜੋਂ ਵੀ ਦੁਨੀਆ ਜਾਣਦੀ ਹੈ। ਉਹਨਾਂ ਦੇ ਮਿਸ਼ਨ ਨੂੰ ਮੁੜ ਸੁਰਜੀਤ ਕੀਤਾ। ਉਹਨਾਂ ਨੂੰ 'ਬੇਤਾਜ ਬਾਦਸ਼ਾਹ' ,ਬਹੁਜਨ ਨਾਇਕ, ਮਾਨਿਆਵਰ ਸਾਹਿਬ ਕਾਂਸ਼ੀ ਰਾਮ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਇਤਿਹਾਸ ਵਿਚ ਭਾਰਤ ਦੀ ਰਾਜਨੀਤੀ ਵਿੱਚ ਕਾਂਸ਼ੀ ਰਾਮ ਦੀ ਇਮਾਨਦਾਰੀ ਦੀ ਦਾਦ ਦੇਣੀ ਬਣਦੀ ਹੈ। ਜਿਨ੍ਹਾਂ ਇਸ ਪਦਾਰਥਵਾਦੀ ਯੁੱਗ 'ਚ ਵੀ ਆਪਣੇ ਤੇ ਕੋਈ ਦਾਗ ਨਹੀਂ ਲੱਗਣ ਦਿੱਤਾ।

ਪਰ ਦੂਜੇ ਪਾਸੇ ਅਸੀਂ ਮਹਾਂਪੁਰਖਾਂ ਨੂੰ ਤਾਂ ਆਪਣਾ ਸਮਝਦੇ ਹਾਂ ,ਪਰ ਜੋ ਉਹਨਾਂ ਜੋ ਕਿਹਾ ਕਰਨ ਲਈ ਦੂਰ-ਦੂਰ ਭੱਜਦੇ ਆ ਰਹੇ ਹਾਂ। ਸਮੇਂ ਦੀ ਲੋੜ, ਨਜ਼ਾਕਤ ਹੈ ਕਿ ਉਹਨਾਂ ਦੇ ਅਧੂਰੇ ਬਹੁਜਨ ਸੁਪਨਿਆ ਨੂੰ ਪੂਰਾ ਕਰਨ ਲਈ ਇੱਕ ਮੰਚ ਵੱਲ ਵਧੀਏ। ਸ਼ਾਇਰ ਦੀਆਂ ਲਾਇਨਾ ਅੱਜ ਵੀ ਅੱਜ ਦੇ ਸਮੇਂ ਤੇ ਵਿਚਾਰਨਯੋਗ ਹਨ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਦਰਸ਼ੀ ਕਪਿਆਲ ਜੀ ਦਾ ਗੀਤ :-

ਇੱਕ ਮਸੀਹਾ, ਸਤਲੁਜ ਕੰਢੇ,
ਆਣ ਜੰਮਿਆ, ਜਦੋਂ ਵਕਤ ਸੀ ਮੰਦੇ।
ਆਪਣੇ ਲੈ ਕੇ ਬਹਿ ਗਏ,
ਹਾਇ! ਆਪਣੇ ਲੈ ਕੇ ਬਹਿ ਗਏ,
ਦੋਸ਼ ਨਹੀਂ ਕੌਮ ਬੇਗਾਨੀ ਦਾ,
ਕੀ ਮੁੱਲ ਪਾਇਆ?
ਕੀ ਮੁੱਲ ਪਾਇਐ ਤੁਸੀਂ ਸੂਦਰੋ,
ਰਹਿਬਰ ਦੀ ਕੁਰਬਾਨੀ ਦਾ,
ਹਾਇ! ਕੀ ਮੁੱਲ ਪਾਇਐ...?

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ ’ਤੇ ਬਸਪਾ ਨੇ ਕੀਤੀ ਵਿਸ਼ਾਲ ਰੈਲੀ

## ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਨੇ ਲੋਕਾਂ ਦੀ ਅਣਦੇਖੀ ਕੀਤੀ : ਰਣਧੀਰ ਬੈਨੀਵਾਲ, ਡਾਕਟਰ ਪੰਪੋਸ਼ ਦੀ ਮੌਤ ਦੇ ਮਾਮਲੇ ’ਚ ਦੋਸ਼ੀਆਂ ਦੀ ਤੁਰੰਤ ਹੋਵੇ ਗ੍ਰਿਫਤਾਰੀ : ਡਾ. ਕਰੀਮਪੁਰੀ, ਨਛੱਤਰ, ਭੈਣੀ, ਗੜ੍ਹੀ







ਤਸਵੀਰਾਂ- ਯਸ਼ਪਾਲ ਆਜਾਦ, ਦੇਸ਼ ਦੁਆਬਾ










**ਜਲੰਧਰ (ਸੰਤੋਖ ਜੱਸੀ)–** ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਅੱਜ ਬੂਟਾ ਮੰਡੀ (ਜਲੰਧਰ) ਵਿਖੇ ਵਿਸ਼ਾਲ ਰੈਲੀ ਕੀਤੀ ਗਈ। ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮਦਿਵਸ ’ਤੇ ਹੋਈ ਇਸ ਰੈਲੀ ਦੌਰਾਨ ਪਾਰਟੀ ਦੇ ਪੰਜਾਬ, ਹਰਿਆਣਾ, ਚੰਡੀਗੜ੍ਹ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਮੁੱਖ ਮਹਿਮਾਨ ਵੱਜੋਂ ਪਹੁੰਚੇ, ਜਦਕਿ ਸੂਬਾ ਇੰਚਾਰਜ ਡਾ. ਅਵਤਾਰ ਸਿੰਘ ਕਰੀਮਪੁਰੀ, ਡਾ. ਨਛੱਤਰ ਪਾਲ (ਐਮਐਲਏ) ਤੇ ਅਜੀਤ ਸਿੰਘ ਭੈਣੀ ਵਿਸ਼ੇਸ਼ ਮਹਿਮਾਨ ਸਨ। ਇਸ ਮੌਕੇ ਸਾਹਿਬ ਕਾਂਸ਼ੀ ਰਾਮ ਜੀ ਦੇ ਭੈਣ ਬੀਬੀ ਕੁਲਵੰਤ ਕੌਰ ਵੀ ਵਿਸ਼ੇਸ਼ ਤੌਰ ’ਤੇ ਪਹੁੰਚੇ। ਬਸਪਾ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਦੀ ਪ੍ਰਧਾਨਗੀ ’ਚ ਹੋਈ ਇਸ ਰੈਲੀ ਦੌਰਾਨ ਮੰਚ ਸੰਚਾਲਨ ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕੀਤਾ।

ਇਸ ਮੌਕੇ ਸੰਬੋਧਿਤ ਕਰਦੇ ਹੋਏ ਰਣਧੀਰ ਸਿੰਘ ਬੈਨੀਵਾਲ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮਦਿਵਸ ਅਤੇ ਰੈਲੀ ਦੀ ਸਫਲਤਾ ਲਈ ਪਾਰਟੀ ਆਗੂਆਂ-ਵਰਕਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਰੈਲੀ ’ਚ ਹਰ ਵਰਗ ਨਾਲ ਸਬੰਧਤ ਹਜ਼ਾਰਾਂ ਦੀ ਗਿਣਤੀ ’ਚ ਪਹੁੰਚੇ ਲੋਕਾਂ ਨੂੰ ਦੇਖ ਕੇ ਇਹ ਸਾਬਿਤ ਹੁੰਦਾ ਹੈ ਕਿ ਜਨਤਾ ਦਾ ਰੁਝਾਨ ਬਸਪਾ ਵੱਲ ਵੱਧ ਰਿਹਾ ਹੈ। ਲੋਕ ਕਾਂਗਰਸ, ਭਾਜਪਾ ਤੇ ਆਪ ਦੀਆਂ ਮਾੜੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ।

ਉਨ੍ਹਾਂ ਪਾਰਟੀ ਆਗੂਆਂ ਨੂੰ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ ਸਬੰਧੀ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਇਸ ਮੌਕੇ ਡਾ. ਅਵਤਾਰ ਸਿੰਘ ਕਰੀਮਪੁਰੀ, ਡਾ. ਨਛੱਤਰ ਪਾਲ, ਅਜੀਤ ਸਿੰਘ ਭੈਣੀ ਤੇ ਸ. ਜਸਵੀਰ ਸਿੰਘ ਗੜ੍ਹੀ ਨੇ ਸੰਬੋਧਿਤ ਕਰਦੇ ਹੋਏ ਕੇਂਦਰ ਦੀ ਭਾਜਪਾ ਤੇ ਸੂਬੇ ਦੀ ਆਪ ਸਰਕਾਰਾਂ ਨੂੰ ਘੇਰਿਆ। ਉਨ੍ਹਾਂ ਕਿਹਾ ਕਿ ਦੋਵੇਂ ਸਰਕਾਰਾਂ ਵੱਲੋਂ ਪੇਸ਼ ਕੀਤੇ ਗਏ ਬਜਟ ’ਚ ਦਲਿਤ, ਪੱਛੜੇ ਵਰਗਾਂ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਗਈ ਹੈ।

ਸੂਬੇ ਦੀ ਆਪ ਸਰਕਾਰ ਚੰਗੀ ਕਾਨੂੰਨ ਵਿਵਸਥਾ ਦੇਣ ਦੀ ਗੱਲ ਕਰਦੀ ਹੈ, ਜਦਕਿ ਜ਼ਮੀਨੀ ਹਾਲਾਤ ਬਹੁਤ ਖਰਾਬ ਹਨ। ਕਿਸਾਨਾਂ, ਕਿਰਤੀਆਂ, ਮੁਲਾਜ਼ਮਾਂ ਨੂੰ ਆਪਣੀਆਂ ਮੰਗਾਂ ਲਈ ਸੜਕਾਂ ’ਤੇ ਆ ਕੇ ਸੰਘਰਸ਼ ਕਰਨਾ ਪੈ ਰਿਹਾ ਹੈ। ਇਨ੍ਹਾਂ ਆਗੂਆਂ ਨੇ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਮੈਡੀਕਲ ਕਾਲਜ ਦੀ ਇੰਟਰਨ ਡਾਕਟਰ ਪੰਪੋਸ਼ ਦੀ ਮੌਤ ਦੇ ਮਾਮਲੇ ਨੂੰ ਚੁੱਕਦੇ ਹੋਏ ਕਿਹਾ ਕਿ ਪੁਲਿਸ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰੇ।

ਉਨ੍ਹਾਂ ਨੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ’ਚ ਦਲਿਤ, ਪੱਛੜੇ ਵਰਗਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਦਾ ਜ਼ਿਕਰ ਕਰਦੇ ਹੋਏ ਆਪ ਸਰਕਾਰ ਨੂੰ ਜਮ ਕੇ ਘੇਰਿਆ। ਰੈਲੀ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ, ਮਹਿੰਗਾਈ, ਗਰੀਬੀ, ਬੇਰੁਜ਼ਗਾਰੀ, ਨਸ਼ਾ ਆਦਿ ਮੁੱਦੇ ਵੀ ਜ਼ੋਰਦਾਰ ਢੰਗ ਨਾਲ ਚੁੱਕੇ ਗਏ।

ਇਸ ਮੌਕੇ ਬਸਪਾ ਸੂਬਾ ਜਨਰਲ ਸਕੱਤਰ ਗੁਰਮੇਲ ਚੁੰਬਰ, ਸੂਬਾ ਸਕੱਤਰ ਇੰਜ. ਜਸਵੰਤ ਰਾਏ, ਤੀਰਥ ਰਾਜਪੁਰਾ, ਪਰਮਜੀਤ ਮੱਲ, ਬਸਪਾ ਆਗੂ ਪੀਡੀ ਸ਼ਾਂਤ, ਰਜਿੰਦਰ ਸਿੰਘ ਰੀਹਲ, ਵਿਜੇ ਯਾਦਵ, ਬਲਦੇਵ ਮਹਿਰਾ, ਗੁਰਲਾਲ ਸੈਲਾ, ਰਜਿੰਦਰ ਸਿੰਘ ਰਾਜਾ ਨਨਹੇੜੀਆ, ਤਰਸੇਮ ਥਾਪਰ, ਸੰਤ ਰਾਮ ਮੱਲੀਆਂ, ਕੁਲਦੀਪ ਸਰਦੂਲਗੜ, ਚਮਕੌਰ ਸਿੰਘ ਬੀਰ, ਹਰਭਜਨ ਸਿੰਘ ਬਜਹੇੜੀ, ਡਾ. ਮੱਖਣ ਸਿੰਘ, ਜੇਪੀ ਭਗਤ, ਲਾਲ ਸਿੰਘ ਸੁਲਹਾਣੀ, ਸੁਖਦੇਵ ਸ਼ੀਰਾ, ਪ੍ਰਵੀਨ ਬੰਗਾ, ਐਨਆਰਆਈ ਸਾਥੀ ਅਮਰ ਦੜੌਚ ਯੂਐਸਏ ਆਦਿ ਵੀ ਮੌਜੂਦ ਸਨ।

# ਧਾਰਮਿਕ ਬਿਰਤੀ ਦੇ ਮਾਲਕ ਸਨ ਮਾਤਾ ਗੁਰਬਚਨ ਕੌਰ





ਮੇਜਰ ਸਿੰਘ ਨਾਭਾ
91-94635-53962

ਮਾਤਾ ਗੁਰਬਚਨ ਕੌਰ ਸੁਪਤਨੀ ਸਵ. ਬੰਤ ਸਿੰਘ ਵਾਸੀ ਪਿੰਡ ਕੌਲ ਤਹਿ. ਨਾਭਾ ਜਿਹਨਾਂ ਦਾ ਬੀਤੇ ਦਿਨੀ 7 ਮਾਰਚ ਦਿਨ ਮੰਗਲਵਾਰ ਨੂੰ ਅਚਾਨਕ ਹੀ ਦਿਹਾਂਤ ਹੋ ਗਿਆ ਮਾਤਾ ਜੀ ਚਲਦੇ ਫਿਰਦੇ ਚੜਦੀਕਲ੍ਹਾ ਵਿੱਚ ਆਪਣੇ ਹਸਦੇ ਵਸਦੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਮਾਤਾ ਜੀ ਦਾ ਜਨਮ ਬੇਬੇ ਕਰਤਾਰ ਕੌਰ ਦੀ ਕੁੱਖੋਂ ਬਾਪੂ ਦਾਤੂ ਸਿੰਘ ਦੇ ਗ੍ਰਹਿ ਵਿਖੇ ਹੋਇਆ ਜਿਹਨਾਂ ਦੀ ਉਮਰ ਤਕਰੀਬਨ 85 ਸਾਲ ਸੀ। ਮਾਤਾ ਜੀ ਦਾ ਪੇਕਾ ਅਤੇ ਸਹੁਰਾ ਪਰਿਵਾਰ ਕਿਰਤੀ ਮਜਦੂਰ ਹੋਣ ਕਰਕੇ ਦਸਾਂ ਨੰਹੁਆਂ ਦੀ ਕਿਰਤ ਕਮਾਈ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸਣ ਕੀਤਾ।

ਮਾਤਾ ਜੀ ਦੀ ਕੁੱਖੋਂ 5 ਪੁੱਤਰਾਂ ਅਤੇ 6 ਧੀਆਂ ਨੇ ਜਨਮ ਲਿਆ ਪਿਛਲੇ ਸਮਿਆਂ ਵਿੱਚ ਅਕਸਰ ਪਰਿਵਾਰ ਵੱਡੇ ਹੋਇਆ ਕਰਦੇ ਸਨ । ਅੱਜ ਦੇ ਸਮੇਂ ਵਿੱਚ 2 ਬੱਚਿਆ ਨੂੰ ਪਾਲਣ ਵਿੱਚ ਅਜੋਕੀਆਂ ਮਾਵਾਂ ਦਿੱਕਤ ਮਹਿਸੂਸ ਕਰਦੀਆਂ ਹਨ ਪਰ ਮਾਤਾ ਗੁਰਬਚਨ ਕੌਰ ਜੀ ਨੇ ਕਿਰਤ ਕਮਾਈ ਕਰਦਿਆਂ ਆਪਣੇ ਸਾਰੇ ਪਰਿਵਾਰ ਨੂੰ ਵਧੀਆ ਸੰਸਕਾਰ ਦੇ ਕੇ ਬਾਖੂਬੀ ਤੌਰ ਤੇ ਪਾਲ੍ਹਿਆ ਜਿਸ ਦਾ ਨਤੀਜਾ ਹੈ ਕਿ ਮਾਤਾ ਜੀ ਦੇ ਧੀਆਂ ਪੁੱਤਰ, ਨੂੰਹਾਂ ਅਤੇ ਉਹਨਾਂ ਦੇ ਪਰਿਵਾਰ ਧਾਰਮਿਕ, ਸਮਾਜਿਕ ਅਤੇ ਰਾਜਨੀਕਿਤ ਖੇਤਰ ਵਿੱਚ ਸੇਵਾਵਾਂ ਨਿਭਾ ਰਹੇ ਹਨ। ਮਾਤਾ ਜੀ ਸੁਰੂ ਤੋਂ ਨੇਕ ਸੁਭਾਅ ਤੇ ਨਰਮ ਦਿਲ ਦੇ ਮਾਲਕ ਸਨ ਗੁਰੂ ਘਰ ਤੇ ਅਟੁੱਟ ਵਿਸਵਾਸ਼ ਰੱਖਦੇ ਸਨ ਜਿਸ ਦੀ ਪ੍ਰੇਰਨਾ ਸਦਕਾ ਮਾਤਾ ਜੀ ਦਾ ਬੋਹੜ ਦੇ ਰੁੱਖ ਵਰਗਾ ਪਰਿਵਾਰ ਨਸ਼ੇ ਪੱਤੇ ਤੋਂ ਦੂਰ ਸਮਾਜ ਦੀ ਸੇਵਾ ਵਿੱਚ ਹਿੱਸਾ ਪਾ ਰਿਹਾ ਹੈ ਮਾਤਾ ਜੀ ਦੇ ਸਮੁੱਚੇ ਪਰਿਵਾਰ ਨੇ ਕਿਰਤ ਕਮਾਈ ਕਰਕੇ ਬਹੁਤ ਤਰੱਕੀਆਂ ਕੀਤੀਆਂ ਅਤੇ ਬੁਲੰਦੀਆਂ ਨੂੰ ਛੂਹਿਆ। ਮਾਤਾ ਜੀ ਦੇ ਸੰਸਕਾਰਾਂ ਕਰਕੇ ਹੀ ਅੱਜ ਵੀ ਇਨਾਂ ਵੱਡਾ ਪਰਿਵਾਰ ਇਕੱਠ ਦੀ ਉਦਾਹਰਨ ਹੈ ਬੀਤੇ ਦਿਨੀ ਹੀ 7 ਮਾਰਚ ਨੂੰ ਮਾਤਾ ਜੀ ਅਚਾਨਕ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨ ਵਿੱਚ ਜਾ ਬਿਰਾਜੇ ਉਹਨਾਂ ਦੀ ਰੂਹ ਕਲਿਆਣਤਾ ਨਮਿੱਤ ਰੱਖ ਗਏ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ 17 ਮਾਰਚ ਦਿਨ ਸ਼ੁੱਕਰਵਾਰ ਨੂੰ ਉਹਨਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਗੁਰੂ ਦੁਆਰਾ ਸਾਹਿਬ ਪਿੰਡ ਕੌਲ ਵਿਖੇ ਦੁਪਹਿਰ 12 ਤੋਂ 1 ਵਜੇ ਦਰਮਿਆਨ ਹੋਵੇਗੀ।

ਮਾਤਾ ਗੁਰਬਚਨ ਕੌਰ ਦੀ ਦੇ 2 ਸਪੁੱਤਰ ਫੌਜ ਵਿੱਚ ਸੇਵਾ ਨਿਭਾਉਂਦਿਆ ਸੇਵਾ ਮੁਕਤ ਹੋਕੇ ਵੀ ਸਮਾਜ ਦੀ ਸੇਵਾ ਲਈ ਤਤਪਰ ਹਨ ਬਾਕੀ ਪਰਿਵਾਰ ਜਿੱਥੇ ਆਪਣਾ ਕਾਰੋਬਾਰ ਕਰਦਾ ਹੈ ਇਹਨਾਂ ਦਾ ਇੱਕ ਸਪੁੱਤਰ ਸੁੱਚਾ ਸਿੰਘ ਕੌਲ ਸਮਾਜ ਵਿੱਚ ਕਿਸੇ ਪਹਿਚਾਣ ਦਾ ਮੁਥਾਜ ਨਹੀਂ ਜੋ ਕਿ ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਕਿਰਤੀ ਮਜਦੂਰਾਂ ਕਿਸਾਨਾਂ ਅਤੇ ਮੁਲਾਜਮਾਂ ਦੀਆਂ ਮੰਗਾਂ ਨੂੰ ਲਾਲ ਝੰਡੇ ਦੀਆਂ ਪਾਰਟੀਆਂ ਦੇ ਨਾਲ ਵੱਖ ਵੱਖ ਅਹੁਦਿਆਂ ਤੇ ਰਹਿ ਕੇ ਸੰਯੁਕਤ ਸੰਘਰਸਾਂ ਦੀ ਲੜਾਈ ਮੋਹਰੀ ਹੋਕੇ ਲੜਦਾ ਹੈ।

ਸਰਕਾਰ ਵੱਲੋਂ ਵੱਖ-ਵੱਖ ਵਰਗਾਂ ਦੀਆਂ ਭਲਾਈ ਸਕੀਮਾਂ ਨੂੰ ਲੋੜਵੰਦ ਲੋਕਾਂ ਤੱਕ ਪਹੁਚਾਉਣ ਦੀ ਮੱਦਦ ਕਰਦਾ ਹੈ। ਪਿਛਲੇ ਕਰੋਨਾ ਕਾਲ ਦੌਰਾਨ ਮਾਤਾ ਗੁਰਬਚਨ ਕੌਰ ਜੀ ਦੇ ਪੁੱਤਰਾਂ ਤੇ ਨੂੰਹਾਂ ਦਾ ਪੀੜਤ ਲੋਕਾਂ ਦੀ ਮੱਦਦ ਕਰਨ ਦਾ ਬਹੁਤ ਵੱਡਾ ਰੋਲ ਰਿਹਾ ਹੈ ਜਿਹਨਾਂ ਨੇ ਵੱਖ-ਵੱਖ ਸਵੈ ਸੇਵਕ ਜੱਥੇਬੰਦੀਆਂ ਅਤੇ ਸਿਹਤ ਵਿਭਾਗ ਦੀਆ ਟੀਮਾਂ ਨਾਲ ਮਿਲ ਕੇ ਆਪਣੀ ਜਾਨ ਦੀ ਪਰਿਵਾਹ ਨਾ ਕਰਦੇ ਹੋਏ ਦੁਖੀ ਤੇ ਕਰੋਨਾ ਪੀੜਤ ਲੋਕਾਂ ਦੀ ਸੇਵਾ ਕੀਤੀ ਮਾਤਾ ਜੀ ਦੇ ਅੰਤਿਮ ਅਰਦਾਸ ਦੇ ਮੌਕੇ ਅਸੀ ਸਰਧਾ ਦੇ ਫੁੱਲ ਭੇਟ ਕਰਦੇ ਹਾਂ।

## ਆਓ ਖ਼ਬਰ ਉਤੇ ਵਿਚਾਰ ਕਰੀਏ

# ਵਿਧਾਇਕ ਨੇਤਾ ਨਹੀਂ ਬਣਦਾ ਲੋਕਾਂ ਦਾ ਸੇਵਕ ਬਣਦਾ ਹੈ

**ਦਲੀਪ ਸਿੰਘ ਵਾਸਨ, ਐਡਵੋਕੇਟ**

ਸਾਡੇ ਸੰਵਿਧਾਨ ਵਿੱਚਸਾਫ਼ ਲਿਖਿਆ ਪਿਆ ਹੈ ਕਿ ਇਸ ਮੁਲਕ ਵਿੱਚ ਹੁਣ ਕੋਈ ਵੀ ਨੇਤਾ ਨਹੀਂ ਹੈ, ਕੋਈ ਵੀ ਹਾਕਮ ਨਹੀਂ ਹੈ ਅਤੇ ਇਹ ਜਿਤਨੇ ਵੀ ਆਦਮੀ ਚੋਣਾਂ ਲੜਦੇ ਹਨ ਅਤੇ ਅਸੀਂ ਵੋਟਾਂ ਪਾਕੇ ਚੁਣਦੇ ਹਾਂ ਜਾਂ ਇਹ ਜਿਤਨੇ ਵੀ ਅਫ਼ਸਰ ਅਤੇ ਅਧੀਨ ਕਰਮਚਾਰੀ ਅਸੀਂ ਨਿਯੁਕਤ ਕਰਦੇ ਹਾਂ, ਇਹ ਬਸ ਲੋਕ ਸੇਵਕ ਹਨ। ਅਤੇ ਸਾਡੇ ਸੰਵਿਧਾਨ ਦੀ ਪਹਿਲੇ ਸ਼ਬਦ ਹੀ ਇਹ ਆਖ ਰਹੇ ਹਨ ਕਿ ਅਸੀਂ ਅਰਥਾਤ ਅਸੀਂ ਭਾਰਤ ਦੇ ਲੋਕੀਂ ਆਪਣੇ ਆਪਨੂੰ ਇਹ ਸੰਵਿਧਾਨ ਦੇ ਰਹੇ ਹਾਂ। ਇਸ ਦਾ ਸਾਫ਼ ਮਤਲਬ ਇਹ ਆ ਰਿਹਾ ਹੈ ਕਿ ਅਸੀਂ ਅਰਥਾਤ ਅਸੀਂ ਮੁਲਕ ਦੇ ਲੋਕ ਹੀ ਮੁਲਕ ਦੇ ਮਾਲਕ ਹਾਂ। ਹਾਕਮਾਂ ਵਾਲਾ ਸੰਕਲਪ ਖ਼ਤਮ ਕਰ ਦਿੱਤਾ ਗਿਆ ਹੈ।

ਜਦ ਲੋਕ ਸੇਵਕਾਂ ਦੀ ਗਲ ਤੁਰਦੀ ਹੈ ਤਾਂ ਹਰੇਕ ਆਦਮੀ ਜਿਹੜਾ ਚੋਣਾਂ ਵਿੱਚ ਆਉਣ ਦਾ ਇਰਾਦਾ ਬਣਾਉਂਦਾ ਹੈ ਉਹ ਪਹਿਲਾਂ ਇਹ ਫ਼ੈਸਲਾ ਕਰੇ ਕਿ ਉਸ ਵਿੱਚ ਕੀ ਕੀ ਕਾਬਲੀਅਤ ਹੈ ਅਤੇ ਲੋਕਸੇਵਾ ਦਾ ਕੀ ਕੀ ਕੰਮ ਕਰ ਸਕਦਾ ਹੈ। ਲੋਕ ਮਾਲਕ ਹਨ ਅਤੇ ਵੋਟ ਪਾਉਣ ਲਗਿਆਂ ਇਹ ਧਿਆਨ ਵਿੱਚ ਰਖਣ ਕਿ ਉਹ ਇੱਕ ਸੇਵਕ ਦੀ ਚੋਣ ਕਰਨ ਜਾ ਰਹੇ ਹਨ ਅਤੇ ਕੀ ਇਹ ਆਦਮੀ ਲੋਕ ਸੇਵਾ ਦੇ ਕਾਬਲ ਵੀ ਹੈ ਜਾਂ ਐਂਵੇਂ ਹੀ ਚਾਰ ਪੈਸੇ ਖ਼ਰਚਕੇ ਸਦਨ ਵਿੱਚ ਬੈਠਣ ਦਾ ਸ਼ੌਕੀਨ ਹੈ।

ਅਸੀਂ ਦੇਖ ਰਹੇ ਹਾਂ ਕਿ ਪਿਛਲੀ ਪੌਣੀ ਸਦੀ ਵਿੱਚ ਕੋਈ ਨਾਂ ਕੋਈ ਆਪਣੇ ਸਪੋਰਟਰ ਲੈਕੇ ਚੋਣਾ ਵਿੱਚ ਹਿਸਾ ਲੈਂਦਾ ਰਿਹਾ ਹੈ ਅਤੇ ਜਿਹੜਾ ਵੀ ਜ਼ਿਆਦਾ ਸਪੋਰਟਰ ਲੈਕੇ ਸਦਨ ਵਿੱਚ ਆਉਂਦਾ ਰਿਹਾ ਹੈ ਉਹ ਪ੍ਰਧਾਨ ਮੰਤਰੀ ਬਣ ਜਾਂਦਾ ਰਿਹਾ ਹੈ ਅਤੇ ਆਪਣੇ ਸਪੋਰਟਰਾਂ ਨੂੰ ਮਹਿਜ਼ ਦਰਬਾਰੀ ਬਣਾਕੇ ਵਾਹ ਵਾਹ ਖਟਦਾ ਰਿਹਾ ਹੈ ਅਤੇ ਇਹ ਵਿਰੋਧੀ ਧਿਰਾਂ ਜੈਸੀਆਂ ਸਦਨ ਵਿੱਚ ਆਈਆਂ ਜੈਸੀਆਂ ਨਾ ਆਈਆਂ।

ਹੁਣ ਅਗਲੀਆਂ ਚੋਣਾਂ ਆ ਰਹੀਆਂ ਹਨ ਅਤੇ ਲੋਕਾਂ ਵਿੱਚ ਕੋਈ ਵੀ ਚਾਉ ਦਿਖਾਈ ਨਹੀਂ ਦੇ ਰਿਹਾ ਅਤੇ ਲੋਕ ਇਹ ਵੀ ਜਾਣਦੇ ਹਨ ਕਿ ਚੋਣਾਂ ਬਾਅਦ ਜਿਹੜੀ ਵੀ ਸਰਕਾਰ ਬਣੇਗੀ ਕੋਈ ਕ੍ਰਾਂਤੀ ਆਉਣ ਵਾਲੀ ਨਹੀਂ ਹੈ। ਇਸੇ ਤਰ੍ਹਾਂ ਦੀ ਸਰਕਾਰ ਬਣ ਜਾਵੇਗੀ ਅਤੇ ਜਿਵੇਂ ਪਿਛਲੀ ਪੌਣੀ ਸਦੀ ਲੰਘ ਗਈ ਹੈ ਇਹ ਪੰਜ ਸਾਲ ਵੀ ਲੰਘ ਜਾਣਗੇ। ਸ਼ੁਕਰ ਹੈ ਅੰਗਰੇਜ਼ ਸਾਮਰਾਜੀਏ ਰਾਜ ਖੜਾ ਕਰਕੇ ਚਲਦਾ ਕਰਕੇ ਛਡ ਗਏ ਸਨ ਅਤੇ ਉਸੇ ਤਰ੍ਹਾਂ ਇਹ ਰਾਜ ਚਲਦਾ ਆ ਰਿਹਾ ਹੈ। ਲੋਕਾਂ ਦੀਆਂ ਜਿਹੜੀਆਂ ਵੀ ਸਮਸਿਆਵਾਂ ਬਣ ਆਈਆਂ ਸਨ ਉਹ ਅੱਜ ਵੀ ਕਾਇਮ ਹਨ ਅਤੇ ਗੁਰਬਤ ਪਹਿਲਾਂ ਵੀ ਸੀ ਅਤੇ ਅੱਜ ਪੌਣੀ ਸਦੀ ਵਿੱਚ ਪੌਣੀ ਆਬਾਦੀ ਗ਼ਰੀਬਾਂ ਦੀ ਵੀ ਬਣ ਗਈ ਹੈ।

ਸੋ ਇਸ ਵਾਰੀਂ ਵੀ ਅਗਰ ਲੋਕ ਨੇਤਾ ਬਣਨ ਲਈ ਹੀ ਵੋਟਾ ਵਿੱਚ ਹਿਸਾ ਲੈਣਗੇ ਅਤੇ ਵਿਅਕਤੀਵਿਸ਼ੇਸ਼ ਸਪੋਰਟਰ ਹੀ ਚੁਣਨਗੇ ਤਾਂ ਫ਼ਿਰ ਸਰਕਾਰ ਤਾਂ ਬਣ ਜਾਵੇਗੀ, ਪਰ ਕੋਈ ਇਹ ਆਖੇ ਕਿ ਇਸ ਵਾਰੀਂ ਕੋਈ ਕ੍ਰਾਂਤੀ ਆ ਜਾਵੇਗੀ, ਐਸਾ ਕੁਝ ਵੀ ਹੋਣ ਵਾਲਾ ਨਹੀਂ ਹੈ। ਸਰਕਾਰਾਂ ਇਹ ਆਖ ਰਹੀਆਂ ਹਨ ਕਿ ਸਾਡਾ ਮੁਲਕ ਤਰਕੀ ਕਰਦਾ ਆ ਰਿਹਾ ਹੈ। ਇਹ ਗੱਲ ਵੀ ਠੀਕ ਹੈ। ਪਰ ਤਰਕੀ ਦਾ ਲਾਭ ਹਰੇਕ ਤਕ ਕਦ ਪੁਜਦਾ ਬਣੇਗਾ, ਐਸੀ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ ਹੈ। ਅਗਰ ਵਕਤ ਸਿਰ ਸਾਡੀਆਂ ਯੂਨੀਵਰਸਟੀਆਂ ਵਿਧਾਇਕਾਂ ਲਈ ਵੀ ਕੋਈ ਸਰਟੀਫ਼ਿਕੇਟ, ਡਿਪਲੋਮਾਂ, ਡਿਗਰੀ ਅਤੇ ਪੋਸਟਗਰੈਜੁਏਟ ਕੋਰਸਾਂ ਦਾ ਪ੍ਰਬੰਧ ਕਰ ਦਿੰਦੀਆਂ ਤਾਂ ਅਜ ਸਾਡੇ ਪਾਸ ਆਦਮੀ ਹੋਣੇ ਸਨ ਜਿਵੇ ਸਾਡੀਆਂ ਯੂਨੀਵਰਸਟੀਆਂ ਨੇ ਮਿਲਟਰੀ, ਪੁਲਿਸ, ਜੁਡੀਸ਼ੀਅਰੀ ਅਤੇ ਹੋਰ ਪ੍ਰਸ਼ਾਸਨ ਲਈ ਤਿਆਰ ਕਰ ਦਿੱਤੇ ਹਨ। ਇਹ ਵਿਧਾਇਕ, ਵਜ਼ੀਰ ਅਤੇ ਪ੍ਰਧਾਨ ਮੰਤਰੀ ਬਣਨਾ ਵੀ ਸੇਵਾ ਹੈ ਅਤੇ ਇਸ ਪਾਸੇ ਸਾਡੀਆਂ ਯੂਨੀਵਰਸਟੀਆਂ ਨੇ ਅਜ ਤਕ ਕੁਝ ਵੀ ਨਹੀ ਕੀਤਾ ਹੈ। ਲਗਦਾ ਹੈ ਰਾਜਸੀ ਲੋਕਾਂ ਨੇ ਯੂਨੀਵਰਸਟੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਆਗਿਆ ਹੀ ਨਹੀਂ ਦਿਤੀ ਹੈ।

ਚੋਣਾਂ ਕਈ ਵਾਰੀਂ ਹੋ ਚੁਕੀਆਂ ਹਨ ਅਤੇ ਲੋਕ ਤਜਰਬੇਕਾਰ ਵੀ ਹੋ ਗਏ ਹਨ ਅਤੇ ਇਸ ਵਾਰੀਂ ਲੋਕ ਹੀ ਆਪਣੇ ਇਲਾਕ। ਦੇ ਉਮੀਦਵਾਰ ਵਲ ਧਿਆਨ ਦੇਕੇ ਵੋਟ ਪਾਉਣ ਅਤੇ ਇਹ ਗੱਲ ਭੁਲ ਹੀ ਜਾਣ ਕਿ ਇਹ ਆਦਮੀ ਕਿਸ ਵਿਅਕਤੀਵਿਸ਼ੇਸ਼ ਨੇ ;ਸਾਡੇ ਸਾਹਮਣੇ ਖੜਾ ਕੀਤਾ ਹੈ। ਰਾਜਸੀ ਲੋਕਾਂ ਨੇ ਇਹ ਹੁਣ ਵਾਲਾ ਜਿਹੜਾ ਵੀ ਤਰੀਕਾ ਸਥਾਪਿਤ ਕਰ ਰਖਿਆ ਹੈ ਇਸ ਵਿੱਚ ਕੋਈ ਵੀ ਤਬਦੀਲੀ ਆ ਜਾਣ ਦੀ ਸੰਭਾਵਨਾ ਨਹੀਂ ਹੈ।

*# 101 ਸਪੀ ਵਿਕਾਸ ਕਲੋਨੀ, ਪਟਿਆਲਾ, ਪੰਜਾਬ, ਭਾਰਤ 147001*

# ਉਸਾਰੀ ਕਿਰਤੀ ਪੋਰਟਲ ਨੂੰ ਸੁਚਾਰੂ ਢੰਗ ਨਾਲ ਚਲਾ ਕੇ ਸੇਵਾ ਕੇਂਦਰਾਂ ਵਿੱਚ ਉਸਾਰੀ ਕਿਰਤੀਆਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਿਆ ਜਾਵੇ "ਪੰਜਾਬ ਸਰਕਾਰ ਨੂੰ ਉਸਾਰੀ ਕਿਰਤੀਆਂ ਦੀ ਕੋਈ ਚਿੰਤਾ ਨਹੀਂ"



ਬਲਦੇਵ ਭਾਰਤੀ
91-98150-74162

ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਆਨ-ਲਾਈਨ ਪੋਰਟਲ ਵਿੱਚ ਬਹੁਤ ਖਾਮੀਆਂ ਹਨ। ਜਿਸ ਕਾਰਨ ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ ਉਸਾਰੀ ਮਜ਼ਦੂਰਾਂ ਦੀ ਬਹੁਤ ਖੱਜਲ ਖੁਆਰੀ ਹੋ ਰਹੀ ਹੈ। ਸੇਵਾ ਕੇਂਦਰਾਂ ਵਿੱਚ ਉਸਾਰੀ ਕਿਰਤੀਆਂ ਦੀ ਰੱਜ ਕੇ ਹੋ ਰਹੀ ਖੱਜਲ ਖੁਆਰੀ ਉਨ੍ਹਾਂ ਦੀਆਂ ਆਸਾਂ ਉਮੀਦਾਂ ਉੱਤੇ ਪਾਣੀ ਫੇਰ ਰਹੀ ਹੈ ਅਤੇ ਉਹ ਵਾਰ-ਵਾਰ ਗੇੜੇ ਮਾਰ ਕੇ ਪਰੇਸ਼ਾਨ ਹੋਣ ਦੇ ਨਾਲ ਨਾਲ ਭਲਾਈ ਸਕੀਮਾਂ ਦੇ ਲਾਭ ਤੋਂ ਵੀ ਵਾਂਝੇ ਰਹਿ ਰਹੇ ਹਨ। ਸਪੱਸ਼ਟ ਹੈ ਕਿ ਪੰਜਾਬ ਸਰਕਾਰ ਨੂੰ ਉਸਾਰੀ ਕਿਰਤੀਆਂ ਦੀ ਕੋਈ ਚਿੰਤਾ ਨਹੀਂ ਹੈ। ਭਾਂਵੇ ਕਿ ਉਸਾਰੀ ਕਿਰਤੀਆਂ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ ਬਣੀਆਂ ਬੋਰਡ ਦੀਆਂ ਭਲਾਈ ਸਕੀਮਾਂ ਕਾਫੀ ਹੱਦ ਤੱਕ ਠੀਕ ਅਤੇ ਸਲਾਹੁਣਯੋਗ ਹਨ ਅਤੇ ਅਨੇਕਾਂ ਪ੍ਰੀਵਾਰਾਂ ਨੂੰ ਇਨ੍ਹਾਂ ਦਾ ਲਾਭ ਵੀ ਮਿਲਿਆ ਹੈ। ਪਰ ਇਨ੍ਹਾਂ ਭਲਾਈ ਸਕੀਮਾਂ ਦੀ ਪ੍ਰਾਪਤੀ ਦੀ ਪ੍ਰਕਿਰਿਆ ਬਹੁਤੇ ਅਨਪੜ੍ਹ ਭੋਲੇ-ਭਾਲੇ ਸਾਧਨਾਂ ਤੋਂ ਵਾਂਝੇ ਯੋਗ ਲੋੜਵੰਦ ਕਿਰਤੀਆਂ ਦੀ ਪਹੁੰਚ ਤੋਂ ਬਾਹਰ ਹੈ। ਉਸਾਰੀ ਕਿਰਤੀ ਸੇਵਾ ਕੇਂਦਰਾਂ ਵਿੱਚ ਗੇੜੇ ਮਾਰ ਮਾਰ ਕੇ ਨਿਰਾਸ਼ ਹੋ ਕੇ ਘਰ ਬੈਠਣ ਲਈ ਮਜਬੂਰ ਹਨ। ਇੱਥੋਂ ਤਕ ਕਿ ਇਸ ਪੋਰਟਲ ਵਿੱਚ ਸਹਿਬਣ ਗਲਤੀ ਕਾਰਨ ਰਹਿ ਗਈਆਂ ਛੋਟੀਆਂ ਮੋਟੀਆਂ ਕਮੀਆਂ ਦੀ ਦਰੁੱਸਤੀ ਵੀ ਵੱਡਾ ਪਹਾੜ ਬਣੀ ਹੋਈ ਹੈ।



ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਅਨੁਸਾਰ ਆਨ-ਲਾਈਨ ਪੋਰਟਲ ਦੀ ਵੱਡੀ ਖਾਮੀ ਇਹ ਹੈ ਕਿ ਅਕਸਰ ਇਸਦੀ 'ਸਾਈਟ ਬੰਦ' ਰਹਿੰਦੀ ਹੈ। ਜਿਸ ਕਾਰਨ ਰਜਿਸਟ੍ਰੇਸ਼ਨ ਕਰਵਾਉਣ ਜਾਂ ਭਲਾਈ ਸਕੀਮਾਂ ਅਪਲਾਈ ਕਰਨ ਲਈ ਦਿਹਾੜੀਆਂ ਤੋੜ ਕੇ ਲਾਈਨਾਂ ਵਿੱਚ ਲੱਗੇ ਕਿਰਤੀਆਂ ਨੂੰ ਵਾਪਸ ਮੁੜਨਾ ਪੈਂਦਾ ਹੈ। ਅਜਿਹਾ ਵਾਰ ਵਾਰ ਹੁੰਦਾ ਹੈ। ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਅਪਲਾਈ ਕਰਨ ਲਈ ਹੋਰ ਦਸਤਾਵੇਜ਼ਾਂ ਦੇ ਨਾਲ ਫਾਰਮ ਨੰ 27 (ਸਵੈ ਘੋਸ਼ਣਾ ਪੱਤਰ) ਭਰਨਾ ਪੈਂਦਾ ਹੈ। ਇਸ ਵਿੱਚ ਕਿਰਤੀ ਦੇ ਕੰਮ ਦਾ ਸਥਾਨ ਅਤੇ ਕੰਮ ਦੇਣ ਵਾਲੇ ਮਾਲਕ ਜਾਂ ਠੇਕੇਦਾਰ ਦੇ ਨਾਮ/ਪਤਾ/ਫੋਨ ਨੰਬਰ ਆਦਿ ਦਾ ਵੇਰਵਾ ਹੁੰਦਾ ਹੈ। ਇਹ ਫਾਰਮ ਸਰਪੰਚ/ਨੰਬਰਦਾਰ/ਕੌਂਸਲਰ ਪਾਸੋਂ ਵੀ ਤਸਦੀਕ ਕਰਵਾਉਣਾ ਪੈਂਦਾ ਹੈ। ਅਪਲਾਈ ਕਰਨ ਸਮੇਂ ਇਸ ਵਿੱਚ ਮਿਤੀ ਭਰੀ ਜਾਂਦੀ ਹੈ। ਪਰ ਕਈ ਕਈ ਦਿਨ ਸਾਈਟ ਦੀ ਸਮੱਸਿਆ ਕਾਰਨ ਇਹ ਫਾਰਮ ਦੁਬਾਰਾ ਭਰਨਾ ਪੈਂਦਾ ਹੈ। ਜੇਕਰ ਪਹਿਲੀ ਮਿਤੀ ਵਾਲਾ ਫਾਰਮ ਅਪਲੋਡ ਕਰ ਦਿੱਤਾ ਜਾਵੇ ਤਾਂ ਉਸ ਉੱਤੇ ਅਬਜੈਕਸ਼ਨ ਲੱਗ ਜਾਂਦਾ ਹੈ ਅਤੇ ਇਹ ਫਾਰਮ ਫਿਰ ਦੁਬਾਰਾ ਭਰ ਕੇ ਅਪਲੋਡ ਕਰਨਾ ਪੈਂਦਾ ਹੈ।

ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਰਾਹੋਂ, ਕਰਿਆਮ ਅਤੇ ਕਰਨਾਣਾ ਦੇ 3 ਕਿਰਤੀਆਂ ਦੀ ਮੌਤ ਉਪਰੰਤ ਉਨ੍ਹਾਂ ਦੀਆਂ ਵਾਰਸ/ਵਿਧਵਾਵਾਂ ਵਲੋਂ ਬੋਰਡ ਦੀ ਐਕਸਗ੍ਰੇਸ਼ੀਆ ਗ੍ਰਾਂਟ ਅਤੇ ਦਾਹ ਸੰਸਕਾਰ ਵਿੱਤੀ ਸਹਾਇਤਾ ਸਕੀਮ ਤਹਿਤ ਅਪਲਾਈ ਕਰਨ ਸਮੇਂ ਦਾਹ ਸੰਸਕਾਰ ਦੀਆਂ ਅਰਜੀਆਂ ਤਾਂ ਸੇਵਾ ਕੇਂਦਰਾਂ ਵਿੱਚ ਅਪਲਾਈ ਕਰ ਲਈਆਂ ਗਈਆਂ। ਪਰ ਐਕਸਗ੍ਰੇਸ਼ੀਆ ਗ੍ਰਾਂਟ ਦੀਆਂ ਅਰਜੀਆਂ ਜਮਾਂ ਕਰ ਲੈਣ ਦੇ ਬਾਵਜੂਦ ਵੀ ਅਪਲਾਈ ਨਹੀਂ ਹੋਈਆਂ। ਇਸ ਸਮੇਂ ਕਿਰਤੀ ਦੀ ਮੌਤ ਦੀ ਐਕਸਗ੍ਰੇਸ਼ੀਆ ਗ੍ਰਾਂਟ 3 ਲੱਖ ਰੁਪਏ ਸੀ ਜਿਸ ਤੋਂ ਇਹ ਵਿਧਵਾਵਾਂ ਵਾਂਝੇ ਰਹਿ ਗਈਆਂ ਹਨ।

ਇਸ ਜਿਲੇ ਦੇ ਪਿੰਡ ਪੱਦੀ ਮੱਟ ਵਾਲੀ ਦੇ ਇਕ ਉਸਾਰੀ ਕਿਰਤੀ ਦੀ ਮੌਤ ਤੋਂ ਬਾਅਦ ਉਸ ਦੀ ਵਾਰਸ/ਵਿਧਵਾ ਬੋਰਡ ਦੀ ਐਕਸਗ੍ਰੇਸ਼ੀਆ ਗ੍ਰਾਂਟ ਅਤੇ ਦਾਹ ਸੰਸਕਾਰ ਵਿੱਤੀ ਸਹਾਇਤਾ ਲਈ ਸੇਵਾ ਕੇਂਦਰ ਵਿੱਚ ਅਪਲਾਈ ਕਰਨ ਲਈ ਗਈ ਤਾਂ ਪੋਰਟਲ ਵਿੱਚ 'ਰਿਨਿਊ ਦੀ ਆਪਸ਼ਨ' ਆਉਣ ਤੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਵਲੋਂ ਰਿਨਿਊ ਲਈ ਅਪਲਾਈ ਕਰ ਦਿੱਤਾ ਗਿਆ ਜਦੋਂਕਿ ਲਾ-ਭਪਾਤਰੀ ਦਾ ਗ੍ਰੇਸ ਪੀਰੀਅਡ ਬਾਕੀ ਸੀ। ਵਿਧਵਾ ਵਲੋਂ ਸਬੰਧਿਤ ਅਧਿਕਾਰੀਆਂ ਤੱਕ ਪਹੁੰਚ ਕਰਨ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਹੋਇਆ। ਪਿੰਡ ਸ਼ਮਸ਼ਪੁਰ ਦੇ ਇਕ ਮ੍ਰਿਤਕ ਉਸਾਰੀ ਕਿਰਤੀ ਦੀ ਵਿਧਵਾ ਨੇ ਦੱਸਿਆ ਕਿ ਕਿ ਉਸਦੇ ਪਤੀ ਦੀ ਰਜਿਸਟ੍ਰੇਸ਼ਨ ਹੋਣ ਸਮੇਂ ਉਸਦੇ ਪਿਤਾ ਦਾ ਨਾਮ ਸੁੱਚਾ ਸਿੰਘ ਦੀ ਜਗ੍ਹਾ ਸ਼ਿੰਦਰ ਪਾਲ ਕਰ ਦਿੱਤਾ ਗਿਆ ਸੀ। ਜਿਸ ਕਾਰਨ ਉਸਦੀ ਮੌਤ ਸਬੰਧੀ ਵਿੱਤੀ ਸਹਾਇਤਾ ਲਈ ਅਪਲਾਈ ਨਹੀਂ ਹੋ ਰਿਹਾ।

ਇਸ ਜਿਲ੍ਹੇ ਦੇ ਪਿੰਡ ਕੋਟ ਰਾਂਝਾ ਦੀ ਇਕ ਉਸਾਰੀ ਕਿਰਤੀ ਔਰਤ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਅਪਲਾਈ ਕਰਨ ਸਮੇ ਰਸੀਦ ਕਿਸੇ ਪੁਰਸ਼ ਦੇ ਨਾਮ ਦੀ ਨਿਕਲ ਰਹੀ ਹੈ ਜਦਕਿ ਦੂਸਰੀ ਔਰਤ ਦੀ ਰਜਿਸਟ੍ਰੇਸ਼ਨ ਵਿੱਚ ਉਮਰ 18 ਸਾਲ ਵਧਾ ਦਿੱਤੀ ਗਈ ਹੈ। ਇਨ੍ਹਾਂ ਦੋਹਾਂ ਸਮੱਸਿਆ ਦਾ ਹੱਲ ਕਰਨ ਤੋਂ ਸੇਵਾ ਕੇਂਦਰ ਮੁਲਾਜ਼ਮ ਹੱਥ ਖੜ੍ਹੇ ਕਰ ਗਏ ਹਨ।

ਉਸਾਰੀ ਕਿਰਤੀ ਦੀ ਮੌਤ ਉਪਰੰਤ ਐਕਸਗ੍ਰੇਸ਼ੀਆ ਗ੍ਰਾਂਟ ਅਤੇ ਦਾਹ-ਸੰਸਕਾਰ ਵਿੱਤੀ ਸਹਾਇਤਾ ਲਈ ਅਪਲਾਈ ਕਰਨ ਲਈ ਮੌਤ ਦੀ ਮਿਤੀ ਤੋਂ ਇਕ ਸਾਲ ਤਕ ਸਮਾਂ ਦਿੱਤਾ ਗਿਆ ਹੈ। ਪਰ ਲਗਾਤਾਰ ਵਾਰ ਵਾਰ ਸਾਈਟ ਬੰਦ ਰਹਿਣ ਕਾਰਨ ਅਨੇਕਾਂ ਕੇਸ ਅਪਲਾਈ ਨਹੀਂ ਹੋ ਸਕੇ। ਜੋ ਕੇਸ ਲੇਟ ਅਪਲਾਈ ਹੋਏ ਉਨ੍ਹਾਂ ਉੱਤੇ ਅਬਜੈਕਸ਼ਨ ਲੱਗ ਗਏ ਹਨ।

ਵਿੱਦਿਅਕ ਸਾਲ 2022-23 ਦੌਰਾਨ ਜਿਨ੍ਹਾਂ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦੇ ਬੱਚਿਆਂ ਦੇ ਵਿੱਦਿਅਕ ਸੰਸਥਾਵਾਂ ਵਿੱਚ ਦਾਖਲ ਹੋਣ ਦੀ ਮਿਤੀ ਤੋਂ ਬਾਅਦ ਹੋਈ ਸੀ ਉਨ੍ਹਾਂ ਦੇ ਵਜੀਫ਼ਾ ਸਕੀਮ ਲਈ ਫਾਰਮ ਸੇਵਾ ਕੇਂਦਰਾਂ ਵਿੱਚ ਅਪਲਾਈ ਨਾ ਹੋ ਸਕਣ ਕਾਰਨ ਬੇਰੰਗ ਵਾਪਸ ਆ ਗਏ।

ਇਸ ਤੋਂ ਇਲਾਵਾ ਅਨੇਕਾਂ ਕਿਰਤੀ ਜਿਨ੍ਹਾਂ ਨੇ ਰਜਿਸਟ੍ਰੇਸ਼ਨ ਲਈ ਅਪਲਾਈ ਕੀਤਾ ਸੀ ਦੇ ਨਾ ਤਾਂ ਅਬਜੈਕਸ਼ਨ ਦੂਰ ਹੋ ਰਹੇ ਅਤੇ ਨਾ ਉਹ ਦੁਬਾਰਾ ਅਪਲਾਈ ਕਰ ਸਕਦੇ ਹਨ। ਇਹ ਕਿਰਤੀ ਸੇਵਾ ਕੇਂਦਰਾਂ ਅਤੇ ਬੋਰਡ ਅਧਿਕਾਰੀਆਂ ਪਾਸ ਇੱਧਰੋਂ ਉੱਧਰ ਅਤੇ ਉੱਧਰੋਂ ਇੱਧਰ ਗੇੜੇ ਮਾਰ ਰਹੇ ਹਨ ਪਰ ਉਨ੍ਹਾਂ ਨੂੰ ਕੁਝ ਵੀ ਹਾਸਲ ਨਹੀਂ ਹੋ ਰਿਹਾ।

ਇਸ ਤੋਂ ਇਲਾਵਾ ਇਕ ਵੱਖਰਾ ਵਿਸ਼ਾ ਇਹ ਵੀ ਹੈ ਕਿ ਸੇਵਾ ਕੇਂਦਰਾਂ ਦੇ ਕਈ ਆਕੜਖੋਰ, ਢੀਠ ਅਤੇ ਵਿਹਲੜ ਮੁਲਾਜ਼ਮ ਵੀ ਉਸਾਰੀ ਕਿਰਤੀਆਂ ਨੂੰ ਸਹਿਯੋਗ ਦੇਣ ਦੀ ਬਜਾਏ ਮਾੜਾ ਰਵੱਈਆ ਅਪਣਾਉਂਦਿਆਂ ਡਿਊਟੀ ਤੋਂ ਕੁਤਾਹੀ ਕਰ ਰਹੇ ਹਨ। ਕੁੱਝ ਮੁਲਾਜ਼ਮ ਇਸ ਬਾਰੇ ਖੁਦ ਤਾਂ ਜਾਣਕਾਰੀ ਨਹੀਂ ਰੱਖਦੇ ਪਰ ਕਿਰਤੀਆਂ ਉੱਤੇ ਰੋਅਬ ਪਾਉਣ ਤੋਂ ਇਲਾਵਾ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਾਉਂਦੇ।

ਪੰਜਾਬ ਭਰ ਵਿੱਚ ਉਸਾਰੀ ਕਿਰਤੀਆਂ ਦੇ ਅਜਿਹੇ ਹਾਲਾਤਾਂ ਦੀ ਗੰਭੀਰਤਾ ਨੂੰ ਜਮੀਨੀ ਪੱਧਰ ਤੋਂ ਦੇਖਣਾ ਪਵੇਗਾ। ਇਸ ਲਈ ਸਮੁੱਚੇ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਨ.ਐਲ.ਓ.) ਪੰਜਾਬ ਸਰਕਾਰ ਪਾਸੋਂ ਪੁਰਜੋਰ ਮੰਗ ਕਰਦੀ ਹੈ ਕਿ "ਉਸਾਰੀ ਮਜ਼ਦੂਰ ਭਲਾਈ ਕਾਨੂੰਨ-1996" ਦੇ ਉਦੇਸ਼ ਦੇ ਸਹੀ ਪਾਲਣ ਹਿੱਤ ਉਸਾਰੀ ਮਜ਼ਦੂਰਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣ ਲਈ ਸਬੰਧਿਤ ਆਨ-ਲਾਈਨ ਪੋਰਟਲ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਸੇਵਾ ਕੇਂਦਰਾਂ ਵਿੱਚ ਸਬੰਧਿਤ ਪੂਰੀ ਵਿਧੀ ਅਤੇ ਵੱਖ-ਵੱਖ ਪਹਿਲੂਆਂ ਤੋਂ ਜਾਣਕਾਰ ਮੁਲਾਜ਼ਮ ਹੋਣ ਦੀ ਵਿਵਸਥਾ ਕੀਤੀ ਜਾਵੇ।

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust